# ਰੂਹਾਨੀ ਰਾਹ

ਮਹਾਰਾਜ ਦਰਸ਼ਨ ਦਾਸ

# ਧੰਨ ਦਰਸ਼ਨ

"ਨਾਨਕ ਨਾਮ ਚੜ੍ਹਦੀ ਕਲਾ - ਤੇਰੇ ਭਾਣੇ ਸਰਬੱਤ ਦਾ ਭਲਾ।"

# ਰੱਬੀ ਰਾਹ

ਮਹਾਰਾਜ ਦਰਸ਼ਨ ਦਾਸ

ਜਾਰੀਕਰਤਾ-
ਸਚਖੰਡ ਨਾਨਕ ਧਾਮ
ਦਰਸ਼ਨ ਦਰਬਾਰ(ਯੂ.ਕੇ.),
ਰਜਿ.ਚੈਰਿਟੀ ਨੰਬਰ - 1071912(ਯੂ.ਕੇ.)
337, ਫੌਰ ਸਟ੍ਰੀਟ, ਐਡਮੋਂਟਨ, ਲੰਡਨ
ਐਨ9 ਔ ਐਨ ਯੂ
ਫੋਨ 0181-8036362, ਫੈਕਸ਼ 0181-8038549

# ਰੱਬੀ ਰਾਹ

## ਮਹਾਰਾਜ ਦਰਸ਼ਨ ਦਾਸ

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਸਚਖੰਡ ਨਾਨਕ ਧਾਮ
ਡੇਰਾ ਮਹਾਰਾਜ ਦਰਸ਼ਨ ਦਾਸ
ਰਜਿ. ਸੋਸਾਇਟੀ ਨੰਬਰ – ਐਸ–18257
ਇੰਦਰਾ ਪੁਰੀ ਲੋਨੀ ਰੋਡ
ਜ਼ਿਲ੍ਹਾ ਗਾਜ਼ੀਆਬਾਦ
ਉੱਤਰ ਪ੍ਰਦੇਸ਼ (ਇੰਡੀਆ)

# ਭੂਮਿਕਾ

ਅਸੀਂ ਸਾਰੇ ਤੁਛ ਜੀਵ ਆਪਣੀ ਸੀਮਿਤ ਬੁਧਿ ਨਾਲ ਉਸ ਮਾਲਿਕ ਨੂੰ ਵੀ ਸੀਮਿਤ ਸਮਝਦੇ ਹਾਂ। ਮੰਦਰ, ਮਸਜ਼ਦ, ਗੁਰਦਵਾਰੇ ਬਣਾ ਕੇ ਉਸਦੇ ਘਰ ਬਣਾਉਂਦੇ ਹਾਂ। ਅਤੇ ਇਹ ਭੁਲ ਜਾਂਦੇ ਹਾਂ ਕਿ ਉਹ ਸਰਬਵਿਆਪਕ ਹੈ, ਕਣ-ਕਣ ਵਿੱਚ ਵਸਿਆ ਹੈ। ਉਸਨੂੰ ਕਿਸੇ ਇਕ ਸਥਾਨ ਉਤੇ ਕੈਦ ਨਹੀਂ ਕੀਤਾ ਜਾ ਸਕਦਾ ਅਤੇ ਨਾਂ ਹੀ ਪਾਠ-ਪੂਜਾ ਕਰਕੇ, ਕਰਮਾਂ ਦੁਆਰਾ, ਤੀਰਥਾਂ ਉਤੇ ਜਾ ਕੇ ਪਾਇਆ ਜਾ ਸਕਦਾ ਹੈ, ਇਹ ਬਾਹਰ ਦੇ ਦਿਖਾਵੇ ਸਾਡੇ ਮਨ ਨੂੰ ਸ਼ਾਂਤ ਕਰ ਸਕਦੇ ਹਨ ਪਰ ਸਾਡੀ ਆਤਮਾ ਨੂੰ ਨਹੀਂ। ਸਾਡੀ ਇਸਤਰੀ ਰੂਪੀ ਆਤਮਾ ਉਸ ਪਤੀ ਰੂਪ ਪ੍ਰਮਾਤਮਾ ਨੂੰ ਮਿਲਣ ਲਈ ਉਸ ਤਰ੍ਹਾਂ ਤੜਫਦੀ ਰਹਿੰਦੀ ਹੈ ਜਿਸ ਤਰ੍ਹਾਂ ਪਪੀਹਾ ਬਾਰਸ਼ ਦੀ ਬੂੰਦ ਪੀਣ ਲਈ ਤਰਸਦਾ ਰਹਿੰਦਾ ਹੈ। ਪ੍ਰਮਾਤਮਾ ਨੂੰ ਮਿਲਣ ਦਾ ਮਾਰਗ **'ਰੱਬੀ ਰਾਹ'** ਦਾ ਭੇਦ ਸਿਰਫ ਪ੍ਰਮਾਤਮਾ ਦੁਆਰਾ ਭੇਜੇ ਗਏ ਉਸਦੇ ਦੂਤ, ਸੰਤਾਂ-ਮਹਾਤਮਾ ਅਤੇ ਮਹਾਂ-ਪੁਰਸ਼ਾਂ ਦੇ ਕੋਲ ਹੈ, ਜੋ ਸਮੇਂ-ਸਮੇਂ ਉਤੇ ਉਹਨਾਂ ਦੇ ਰਾਹੀਂ ਜੀਵਾਂ ਨੂੰ ਦੱਸਿਆ ਜਾਂਦਾ ਹੈ।

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੀ ਰਚੀ ਹੋਈ ਪੁਸਤਕ **'ਰੱਬੀ ਰਾਹ'** ਉਸ ਪ੍ਰਮਾਤਮਾ ਨੂੰ ਮਿਲਣ ਵਾਲੇ ਰਸਤੇ ਵੱਲ ਰੋਸ਼ਨੀ ਪਾਉਂਦੀ ਹੈ। ਜਿਸ ਨਾਲ ਸਾਰੇ ਜੀਵ ਉਸ ਪ੍ਰਮਾਤਮਾ, ਉਸ ਪਰਮੇਸ਼ਰ ਦੇ ਘਰ ਦੇ ਗਿਆਨ ਨੂੰ ਪ੍ਰਾਪਤ ਕਰ ਸਕਣ ਅਤੇ ਆਪਣਾ ਜੀਵਨ ਸਫਲ ਬਣਾਉਣ। ਅਸੀਂ ਆਸ ਕਰਦੇ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਮਾਨਸਿਕ ਅਤੇ ਅਧਿਆਤਮਿਕ ਤਰੱਕੀ ਵਿੱਚ ਸਹਾਇਤਾ ਕਰੇਗੀ।

**ਵਲੋਂ —**

**ਸਚਖੰਡ ਨਾਨਕ ਧਾਮ**
**ਦਰਸ਼ਨ ਦਰਬਾਰ(ਯੂ.ਕੇ.),**
**ਰਜਿ.ਚੈਰਿਟੀ ਨੰਬਰ - 1071912(ਯੂ.ਕੇ.)**
**337, ਫੌਰ ਸਟ੍ਰੀਟ, ਐਡਮੋਂਟਨ, ਲੰਡਨ**
**ਐਨ9 ਔ ਐਨ ਯੂ**

# ਰਾਸ਼ਟਰ ਅਤੇ ਮਾਨਵਤਾ ਦੇ ਲਈ
# ਇਕ ਸਮ੍ਰਪਿਤ ਜੀਵਨ
# ਮਹਾਰਾਜ ਦਰਸ਼ਨ ਦਾਸ

ਮਹਾਰਾਜ ਦਰਸ਼ਨ ਦਾਸ ਜੀ ਦਾ ਜਨਮ 7 ਦਿਸੰਬਰ, 1953 ਨੂੰ ਪੰਜਾਬ ਦੇ ਬਟਾਲਾ ਸ਼ਹਿਰ ਵਿੱਚ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਪੰਡਤ ਜਗਨ ਨਾਥ ਜੀ ਅਤੇ ਮਾਤਾ ਚੰਨਣ ਦੇਈ ਇਨਸਾਨੀ ਧਰਮ ਵਿੱਚ ਪੂਰਣ ਦਮਪਤੀ ਹਨ। ਆਪਣੇ ਬਾਲਕ ਕਾਲ ਵਿੱਚ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਭਿੰਨਤਾਵਾਂ ਨਾਲ ਆਪਦਾ ਸਾਹਮਣਾ ਹੋਇਆ। ਅਪਣੇ ਹਿਰਦੇ ਦੇ ਵਿੱਚ ਉਨ੍ਹਾਂ ਦੇ ਬਾਰੇ ਵਿਦਰੋਹ ਦੀ ਭਾਵਨਾ ਘਰ ਕਰ ਗਈ। ਕਿਹਾ ਜਾਂਦਾ ਹੈ ਕਿ ਜਨਮ ਦੇ ਸਮੇਂ ਮਹਾਰਾਜ ਦੇ ਸਿਰ ਉਤੇ ਕੁਦਰਤੀ ਜਟਾਂ ਸਨ ਜੋ ਕਿ ਇਹੋ ਜੇਹੀ ਸ਼ੋਭਾ ਦੇਂਦਿਆਂ ਸਨ, ਜਿਵੇਂ ਇਕ ਬਾਲਕ ਦੇ ਸਿਰ ਤੇ ਸ਼ੇਸ਼ਨਾਗ ਨੇ ਛਾਇਆ ਕੀਤੀ ਹੋਵੇ। ਇਸੇ ਕਾਰਣ ਕਰਕੇ ਜਦੋਂ ਵੀ ਕੋਈ ਸਾਧੂ ਸੰਨਿਆਸੀ ਬਾਲਕ ਦਰਸ਼ਨ ਦਾ ਇਹ ਰੂਪ ਦੇਖਦਾ ਤਾਂ ਉਹਨਾਂ ਨੂੰ ਪਿਆਰ ਜਰੂਰ ਕਰਦਾ ਸੀ। ਮਹਾਰਾਜ ਜੀ ਮੁਢਲੀ ਪੜ੍ਹਾਈ ਬਟਾਲੇ ਦੇ ਇਕ ਸਰਕਾਰੀ ਸਕੂਲ ਵਿੱਚ ਹੋਈ। ਇਕ ਦਿਨ ਦੀ ਗੱਲ ਹੈ ਕਿ ਉਨਾਂ ਦੇ ਸਿਰ ਉਤੇ ਢੂੰਗੀ ਸੱਟ ਲੱਗ ਗਈ ਅਤੇ ਸਿਰ ਵਿੱਚੋਂ ਖ਼ੂਨ ਵੱਗਣ ਲੱਗ ਪਿਆ, ਇਹ ਸੋਚਦੇ ਹੋਏ ਮਾਤਾ ਨੂੰ ਨਾ ਦੱਸਿਆ ਕਿ ਪੈਸੇ ਖ਼ਰਚ ਹੋਣਗੇ ਬਾਲਕ ਰੂਪ ਦਰਸ਼ਨ ਚੁਪ ਚਾਪ ਦਰਦ ਸਹਿਣ ਕਰ ਗਏ। ਬੇਹੋਸ਼ੀ ਤੋਂ ਬਾਅਦ ਜਦ ਹੋਸ਼ ਵਿੱਚ ਆਏ ਤਾਂ ਲਾਗੇ ਇਕ ਡਾਕਟਰ ਨੇ ਪੁਛਿਆ ਏਨਾ ਦਰਦ ਕਿਵੇਂ ਸਹਿਨ ਕਰ ਗਏ? ਬਾਲਕ ਦਰਸ਼ਨ ਨੇ ਉਤਰ ਦਿੱਤਾ ਕਿ ਮੈਂ ਆਪਣੇ ਮਾਤਾ ਪਿਤਾ ਨੂੰ ਪੈਸਿਆ ਦੇ ਕਾਰਣ ਦੁਖੀ ਨਹੀਂ ਕਰਨਾ ਚਾਹੁੰਦਾ ਸੀ।

13 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਪ੍ਰਮਾਤਮਾ ਦੀ ਰੋਸ਼ਨੀ ਦੇ ਦਰਸ਼ਨ ਹੋਏ। ਬਚਪਨਾ ਹੋਣ ਦੇ ਕਾਰਣ ਉਹ ਰੋਸ਼ਨੀ ਨੂੰ ਸਮਝ ਨਹੀਂ ਸਕੇ। 17 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਫਿਰ ਜੋਤੀ ਦੇ ਦਰਸ਼ਨ ਹੋਏ। ਇਸ ਵਾਰ ਮਹਾਰਾਜ ਜੀ ਨੇ ਪ੍ਰਮਾਤਮਾ ਦਾ ਇਸ਼ਾਰਾ ਸੁਣਿਆ ਅਤੇ ਸਮਝਿਆ।

15 ਅਗਸਤ 1971 ਨੂੰ ਮਹਾਰਾਜ ਜੀ ਨੇ ਲੋਕਾਂ ਨੂੰ ਧਾਰਮਿਕ ਵਚਨ ਅਤੇ ਆਤਮਿਕ ਅਤੇ ਸਰੀਰਕ ਦੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। 15 ਜੂਨ 1973 ਨੂੰ ਮਹਾਰਾਜ ਜੀ ਨੇ ਸੱਚਖੰਡ ਨਾਨਕ ਧਾਮ ਦੀ ਬਟਾਲਾ ਸ਼ਹਿਰ ਵਿਚ ਸਥਾਪਨਾ ਕੀਤੀ। ਇਸ ਤੋਂ ਬਾਅਦ 30 ਜਨਵਰੀ 1977 ਨੂੰ ਲੋਨੀ (ਯੂ.ਪੀ.) ਡੇਰੇ ਦੀ ਸਥਾਪਨਾ ਕੀਤੀ। ਮਹਾਰਾਜ ਜੀ ਲੋਕਾਂ ਦੇ ਦੁੱਖਾਂ ਨੂੰ ਕਟਦੇ ਅਤੇ ਨਾਲ-ਨਾਲ ਪ੍ਰਮਾਤਮਾ ਦੀ ਦੁਆ ਦਾ ਸੰਦੇਸ਼ ਪਿਆਰ, ਸ਼ਾਂਤੀ, ਏਕਤਾ, ਬਲਿਦਾਨ ਸੰਗਤ ਤੱਕ ਪਹੁੰਚਾਉਂਦੇ ਰਹੇ ਅਤੇ 16 ਫਰਵਰੀ 1980 ਨੂੰ ਸੂਰਜ ਗ੍ਰਹਿਣ ਦੇ ਸਮੇਂ ਦਾਸ ਧਰਮ ਦੀ ਸਥਾਪਨਾ ਕੀਤੀ। ਜਦੋਂ ਕਿ ਜਿਆਦਾ ਲੋਕ ਘਰਾਂ ਵਿੱਚ ਲੁਕ ਕੇ ਬੈਠੇ ਹੋਏ ਸਨ।

ਲੋਕ ਭਲਾਈ ਵਾਸਤੇ ਸੱਭ ਨੂੰ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦਾ ਨਾਅਰਾ ਦਿੱਤਾ ਜਿਸ ਦਾ ਅਰਥ ਹੈ ਕਿ ਅਸੀਂ ਦੂਸਰਿਆਂ ਦਾ ਭਲਾ ਕਰੀਏ। ਆਪਨੇ 'ਯਸ਼ਵੰਤੀ ਨਿਰਾਧਾਰ' (ਨਾਨਕ ਧਾਮ ਦਾ ਮੁਖ ਗਰੰਥ) ਅਤੇ ਅਨੇਕਾਂ ਧਾਰਮਿਕ ਕਿਤਾਬਾਂ ਦੀ ਰਚਨਾ ਕਰਕੇ ਮਨੁਖਤਾ ਉਤੇ ਪਰਉਪਕਾਰ ਕੀਤਾ।

ਹੁਣ ਮਹਾਰਾਜ ਜੀ ਨੂੰ ਦੁਨੀਆ ਵਿਚ ਸ਼ਾਂਤੀ ਦੂਤ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਹਨਾਂ ਦੀ ਮਨੁੱਖਤਾ ਸੇਵਾ, ਸਮਾਜ ਸੁਧਾਰ ਦੀਆਂ ਨੀਤੀਆਂ ਨੂੰ ਦੇਖਦਿਆਂ ਹੋਇਆਂ ਬ੍ਰਿਟੇਨ ਦੇ ਰਾਜ ਪਰਿਵਾਰ ਨੇ ਅਕਤੂਬਰ 1987 ਨੂੰ ਪ੍ਰਿੰਸ ਚਾਰਲਸ ਦੁਆਰਾ ਮਹਾਰਾਜ ਜੀ ਨੂੰ 'ਅਬੇ-ਫੀਲਡ' ਸੁਸਾਇਟੀ ਦਾ ਪ੍ਰਧਾਨ ਨਿਯੁਕਤ ਕੀਤਾ। ਆਪ ਜੀ ਨੇ ਆਪਣੇ ਹਿੰਦੁਸਤਾਨ ਨਾਲ ਅਟੁੱਟ ਪਿਆਰ ਕੀਤਾ। ਆਪਨੇ ਦੇਸ਼ ਤੋਂ ਬਾਹਰ ਰਹਿੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਪੱਕਾ ਹਿੰਦੁਸਤਾਨੀ ਅਖਵਾਇਆ। ਆਪ ਏਕਤਾ, ਅਖੰਡਤਾ ਅਤੇ ਵਿਸ਼ਵਸ਼ਾਂਤੀ ਦੇ ਮਜਬੂਤ ਆਗੂ ਰਹੇ, ਇਹੋ ਕਾਰਣ ਸੀ ਕਿ ਆਪ 11 ਨਵੰਬਰ, 1987 ਨੂੰ ਛੋਟੀ ਉਮਰ ਵਿੱਚ ਹੀ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸ਼ਾਂਤੀ ਦੇ ਵਾਸਤੇ ਆਪ ਸ਼ਹੀਦ ਹੋ ਗਏ। ਮਹਾਰਾਜ ਜੀ ਦੀ ਰਾਸ਼ਟਰ ਵਿਰੋਧੀਆਂ ਨੇ ਸ਼ਹੀਦੀ ਉਸ ਸਮੇਂ ਕੀਤੀ ਜਦੋਂ ਮਹਾਰਾਜ ਜੀ ਲੰਦਨ ਸਾਊਥਹਾਲ ਦੇ ਇਕ ਸਕੂਲ ਵਿੱਚ ਧਾਰਮਿਕ ਸੱਤਸੰਗ ਕਰ ਰਹੇ ਸਨ। ਆਪ ਨੇ ਹੱਸਦਿਆਂ ਹੱਸਦਿਆਂ ਬਲਿਦਾਨ ਦੇ ਦਿੱਤਾ, ਜੋ ਸਦਾ ਲਈ ਅਮਰ ਕਹਾਣੀ ਬਣ ਕੇ ਸਾਨੂੰ ਸਾਰਿਆਂ ਨੂੰ ਪ੍ਰੇਰਣਾ ਦੇਂਦਾ ਰਹੇਗਾ। ਆਪ ਨੇ ਕਿਹਾ ਸੀ ਕਿ, "ਦੇਸ਼ ਨਾਲ ਪ੍ਰੇਮ ਕਰਨਾ ਰੱਬ ਦੀ ਦੂਜੀ ਭਗਤੀ ਹੈ।" ਦੇਸ਼ ਸਾਡੀ ਜੜ੍ਹ ਹੈ, ਭਗਤੀ ਉਸਦੀ ਸ਼ਾਖਾਂ ਅਤੇ ਸ਼ਕਤੀ ਫਲ ਹੈ। ਆਪਨੇ ਅਪਣੇ ਵਚਨਾ ਨੂੰ ਸਾਰਥਿਕ ਕੀਤਾ ਅਤੇ ਅੰਤ ਵਿਚ ਕਿਹਾ, "ਮਰਨੇ ਵਾਲੇ

ਦੀ ਸ਼ਾਨ ਹੈ ਮਾਰਨੇ ਵਾਲੇ ਦੀ ਨਹੀਂ।"

## "ਦਾਸ ਧਰਮ ਦੀ ਆਵਾਜ਼"

ਅਸੀਂ ਸ਼ਾਂਤੀ ਪਾਲਨ ਵਾਸਤੇ ਅਨੇਕਾਂ ਸਾਧਨ ਅਪਨਾਉਂਦੇ ਹਾਂ ਫਿਰ ਵੀ ਸਾਨੂੰ ਸ਼ਾਂਤੀ ਨਹੀਂ ਮਿਲਦੀ। ਉਸਦਾ ਕਾਰਨ ਹੈ ਕਿ ਅਸੀਂ ਲੋਕ ਅਨੇਕਾਂ ਹੀ ਧਰਮਾਂ ਵਿਚ ਵੰਡੇ ਗਏ ਹਾਂ ਅਤੇ ਸਾਡਾ ਵਿਸ਼ਵਾਸ ਇਕ ਧਰਮ ਵਿਚ ਨਹੀਂ ਰਿਹਾ ਜੋ ਕਿ ਵਮਾਨਵ ਧਰਮ ਹੈ। ਦਾਸ ਧਰਮ ਮਾਨਵ ਧਰਮ ਨੂੰ ਮੰਨਦਾ ਹੈ ਅਤੇ ਮਨੁਖ ਦਾ ਦਾਸ ਹੈ ਨਾਂ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਜੋ ਕਿ ਆਪਣੇ ਆਪਣੇ ਧਰਮਾਂ ਨੂੰ ਉੱਚਾ ਦਸਕੇ ਇਕ ਦੂਜੇ ਨੂੰ ਮਾਰਨ ਮਰਵਾਉਣ ਦੇ ਗਲਤ ਰਾਹਾਂ ਤੇ ਚਲ ਰਹੇ ਹਨ। ਦਰਅਸਲ ਇਹ ਸਾਰੇ ਮਨੁਖ ਹਨ ਜੋ ਕਿ ਆਪਣੇ ਆਪਨੂੰ ਭੁਲ ਚੁੱਕੇ ਹਨ। ਦਾਸ ਧਰਮ ਮਨੁਖਤਾ ਦੀ ਸਾਂਝ ਪੈਦਾ ਕਰਨ ਵਾਸਤੇ ਅਤੇ ਪਿਆਰ ਪੈਦਾ ਕਰਨ ਲਈ ਅਨੇ ਕਾਂ ਸਾਧਨ ਅਤੇ ਪ੍ਰਬੰਧ ਕਰ ਰਿਹਾ ਹੈ, ਉਹ ਹਨ ਜਾਤਾਂ ਪਾਤਾਂ ਅਤੇ ਫਿਰਕਾਪ੍ਰਸਤੀ ਦੇ ਭੇਦ ਭਾਵ ਨੂੰ ਦੂਰ ਕਰਨਾਂ, ਧਰਮ ਅਸਥਾਨਾਂ ਦੀ ਪਵਿੱਤਰਤਾ ਕਾਇਮ ਰੱਖਣੀ, ਨਸ਼ੀਲੀਆਂ ਵਸਤੂਆਂ ਤੇ ਪਾਬੰਦੀ ਅਤੇ ਆਪਣੇ ਵਤਨ ਪ੍ਰਤੀ ਦੇਸ਼ ਵਾਸੀਆਂ ਦੇ ਮਨਾਂ ਵਿਚ ਭਗਤੀ ਭਾਵਨਾਂ ਪੈਦਾ ਕਰਨੀ, ਜਰੂਰਤ ਮੰਦਾਂ ਅਤੇ ਕਮਜੋਰ ਤਬਕੇ ਜੀਵਾਂ ਨੂੰ ਹਰ ਪ੍ਰਕਾਰ ਦੇ ਸਾਧਨ ਅਤੇ ਯਥਾ-ਯੋਗ ਸਹਾਇਤਾ ਦੇਣੀ। ਦਾਸ ਧਰਮ ਇਕ ਰੱਬ ਨੂੰ ਮੰਨਦਾ ਹੈ ਅਤੇ ਮਨੁੱਖ ਨੂੰ ਵੀ ਇਕ ਮੰਨਦਾ ਹੈ ਅਤੇ ਕੋਸ਼ਿਸ਼ ਕਰ ਰਿਹਾ ਹੈ ਕਿ ਸਭ ਜੀਵਾਂ ਨੂੰ ਪਿਆਰ, ਖੁਸ਼ੀ ਅਤੇ ਸਚਾਈ ਤੋਂ ਜਾਣੂ ਕਰਵਾਇਆ ਜਾਵੇ ਜੋ ਝੂਠੀਆਂ ਚੀਜਾਂ ਰਾਹੀਂ ਖੁੱਸ ਚੁੱਕੀ ਹੈ।

# ਰੱਬੀ ਹੋਕਾ

ਸੂਹੀ ਮਹਲਾ 1

*ਮਨਹੁ ਨ ਨਾਮੁ ਵਿਸਾਰਿ, ਅਹਿਨਿਸਿ ਧਿਆਈਐ।*
*ਜਿਉ ਰਾਖਹਿ ਕਿਰਪਾ ਧਾਰਿ, ਤਿਵੈ ਸੁਖੁ ਪਾਈਐ।।*
*(ਗੁਰੂ ਗ੍ਰੰਥ ਸਾਹਿਬ) (752-53)*

**ਨਾਨਕ ਨਾਮ ਚੜ੍ਹਦੀ ਕਲਾ।**
**ਤੇਰੇ ਭਾਣੇ ਸਰਬਤ ਦਾ ਭਲਾ।**

ਗੁਰੂ ਸਾਹਿਬਾਨ ਆਪਣੇ ਉਪਦੇਸ਼ ਰਾਹੀਂ ਨਾਮ ਦੀ ਮਹਿਮਾ ਬਿਆਨ ਕਰਦੇ ਹਨ। ਨਾਮ ਨੂੰ ਗੁਰੂ ਨਾਨਕ ਸਾਹਿਬਾਨ ਨੇ ਦੋ ਢੰਗਾਂ ਵਿਚ ਯਾਦ ਕੀਤਾ ਹੈ ਇਕ ਵਰਨਆਤਮਿਕ ਔਰ ਦੂਜਾ ਧੁਨ-ਆਤਮਿਕ। ਵਰਨ-ਆਤਮਿਕ ਸ਼ਬਦ ਸਾਡੇ ਸੁਣਨ, ਬੋਲਣ ਔਰ ਲਿਖਣੇਂਚ ਕੰਮ ਕਰਦਾ ਹੈ ਜਿਸ ਤਰ੍ਹਾਂ 500 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਆਏ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਉਹਨਾਂ ਨੂੰ ਵਾਹਿਗੁਰੂ ਜਾਂ ਸਤਿਨਾਮ ਦੇ ਨਾਂ ਨਾਲ ਯਾਦ ਕੀਤਾ ਗਿਆ। 1400 ਸਾਲ ਤੋਂ ਪਹਿਲੋਂ ਮੁਹੰਮਦ ਸਾਹਿਬ ਆਏ ਉਨ੍ਹਾਂ ਦੇ ਚਲੇ ਜਾਣ ਉਪਰੰਤ ਉਨ੍ਹਾਂ ਨੂੰ ਅਲ੍ਹਾ ਜਾਂ ਖੁਦਾ ਕਹਿ ਕੇ ਮੰਨਿਆ ਗਿਆ। ਪੰਦਰਾਂ, ਸੋਲਾਂ ਹਜ਼ਾਰ ਸਾਲ ਪਹਿਲੋਂ ਸ੍ਰੀ ਰਾਮ ਚੰਦਰ ਜੀ ਆਏ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਨੂੰ ਰਾਮਾ ਰਾਮਾ, ਸੀਆ ਰਾਮ ਕਹਿਕੇ ਯਾਦ ਕੀਤਾ ਗਿਆ ਜਾਂ ਪੂਜਿਆ ਗਿਆ। ਦੂਸਰਾ ਧੁਨਆਤਮਿਕ ਸ਼ਬਦ ਹੈ, ਜੋ ਨਾਂ ਬੋਲਣ ਨਾਂ ਲਿਖਣੇਂਚ ਆਉਂਦਾ ਹੈ। ਉਹ ਸ਼ਬਦ ਸਾਡੇ ਸਰੀਰ ਦੇ ਅੰਦਰ 24 ਘੰਟੇ, ਅੱਠੇ ਪਹਿਰ, ਵਜਦਾ ਰਹਿੰਦਾ ਹੈ। ਨਾਮ ਨੂੰ ਸ਼ਬਦ ਕਹਿਕੇ ਵੀ ਯਾਦ ਕੀਤਾ ਗਿਆ ਹੈ। ਅਸੀਂ ਕਾਫੀ ਸਤਿਸੰਗਾਂ ਵਿਚ ਅਪੀਲ ਵੀ ਕੀਤੀ ਹੈ ਕਿ ਜਿਨਾਂ ਚਿਰ ਤਕ ਅਸੀ ਕਿਸੇ ਨਾਮੀ ਪੁਰਖ ਪਾਸੋਂ ਨਾਮ ਦੀ ਪ੍ਰਾਪਤੀ ਨਹੀਂ ਕਰ ਲੈਂਦੇ ਉਨਾ ਚਿਰ ਤੀਕਰ ਸਾਨੂੰ ਇਸ ਜਾਮੇ ਤੋਂ ਛੁਟਕਾਰਾ ਹਰਗਿਜ਼ ਹਾਸਿਲ ਨਹੀਂ ਹੋ ਸਕਦਾ। ਨਾਮ ਨੂੰ ਹੋਰ ਅਨੇਕਾਂ ਮਹਾਤਮਾ ਨੇ

ਵੀ ਆਪਣੇ-ਆਪਣੇ ਢੰਗਾਂ ਨਾਲ ਯਾਦ ਕੀਤਾ ਹੈ ਜਿਸ ਤਰ੍ਹਾਂ ਕਿ ਗੁਰ ਕੀ ਬ੍ਰਾਣੀ, ਧੁਰ ਕੀ ਬਾਣੀ, ਨਿਰਮਲ ਬਾਣੀ, ਹਾਕਮ, ਅਮਰ ਕਥਾ, ਅਕੱਥਾ, ਰਾਮੈ ਰਾਮੈ, ਰਾਮਾਨੰਦ, ਹੋਲੀਏ ਕੀਰਤਨ, ਅਸਾਮੇ ਆਜ਼ਮ, ਹੋਲੀਏਗੋਸ਼ਟ, ਜਾਪ ਤਾਪ ਪੂਜਾ, ਪੁੰਨਦਾਨ, ਬਾਂਗੇ ਅਸਮਾਨੀ, ਮੁਕਾਮੇ ਅਹਕ। ਅਨੇਕਾਂ ਮਜ਼੍ਹਬਾਂ ਜਾਂ ਕੌਮਾਂ ਅੰਦਰ ਸੰਤ ਮਹਾਤਮਾ ਆਏ ਸਾਰਿਆਂ ਨੇ ਆਪਣੇ ਉਪਦੇਸ਼ ਦੇ ਅੰਦਰ ਸਾਨੂੰ ਉਸ ਪ੍ਰਮਾਤਮਾ ਦੀ ਅੰਸ਼ ਜਾਂ ਸੰਤਾਨ ਕਹਿ ਕੇ ਯਾਦ ਕੀਤਾ। ਸਾਡੇ ਸਾਰਿਆਂ ਲਈ ਜੋ ਸੰਦੇਸ਼ ਹੈ ਉਹ ਕੇਵਲ ਇਕ ਆਤਮਾ ਅਤੇ ਪ੍ਰਮਾਤਮਾ ਦਾ ਹੁੰਦਾ ਹੈ, ਉਹਦੇ ਵਿਚ ਸਾਨੂੰ ਜੋ ਰੁਕਾਵਟ ਅਤੇ ਮੁਸ਼ਕਿਲ ਦੀਵਾਰ ਦੀ ਤਰ੍ਹਾਂ ਪੈਦਾ ਹੋਣ ਵਾਲੀ ਚੀਜ਼ ਹੈ, ਉਹ ਕੇਵਲ ਸਾਡਾ ਆਪਣਾ ਮਨ ਹੈ। ਨਾਮ ਦੀ ਪ੍ਰਾਪਤੀ ਨਾ ਅਜ ਤਕ ਕਿਸੇ ਨੂੰ ਬਾਹਰੋਂ ਹੋਈ ਹੈ ਨਾਂ ਹੋਵੇਗੀ ਔਰ ਨਾਂ ਹੀ ਕਿਸੇ ਨੂੰ ਹੋ ਸਕਦੀ ਹੈ। ਨਾਮ ਐਵੇਂ ਨਹੀਂ ਮਿਲਦਾ। ਜੇਕਰ ਨਾਮ ਅਲਫਾਜ਼ ਹੁੰਦਾ ਤਾਂ ਕਿਤਾਬਾਂ ਭਰੀਆਂ ਪਈਆਂ ਸਨ। ਨਾਮ ਜੇ ਐਵੇਂ ਮਿਲ ਜਾਂਦਾ ਹੁੰਦਾ ਤਾਂ ਕੀ ਜਰੂਰਤ ਸੀ ਗੁਰੂ ਅਮਰਦਾਸ ਜੀ ਨੂੰ 12 ਸਾਲ ਪੁਠੇ ਪੈਰੀਂ ਪਾਣੀ ਢੋਵਣ ਦੀ। ਜੇ ਨਾਮ ਐਵੇ ਮਿਲ ਜਾਂਦਾ ਤਾਂ ਕੀ ਲੋੜ ਸੀ ਸੁਖਦੇਵ ਮੁਨੀ ਨੂੰ ਰਾਜਾ ਜਨਕ ਦੀਆਂ ਜੂਠੀਆਂ ਪਤਲਾਂ'ਚ ਬਾਰਾਂ ਸਾਲ ਇਕ ਲੱਤ ਤੇ ਖੜੇ ਹੋਵਣ ਦੀ। ਨਾਮ ਇਕ ਉਹ ਖਜ਼ਾਨਾ ਹੈ, ਇਕ ਉਹ ਸੱਚਾ ਧੰਨ ਹੈ ਜਿਹੜਾ ਜੁਗਾਂ ਜੁਗੰਤਰਾਂ ਤੋ ਚਲਦਾ ਆਇਆ ਹੈ ਔਰ ਉਹਦਾ ਕੋਈ End ਨਹੀ ਔਰ ਨਾ ਹੀ ਉਹਦੇ ਵਿਚ ਕਦੇ ਕੋਈ ਕਮੀ ਆਈ ਹੈ। ਰਾਮ, ਅਲ੍ਹਾ, ਈਸ਼ਵਰ, ਵਾਹਿਗੁਰੂ, ਸਭ ਉਹਦੇ ਨਾਮ ਹਨ। ਪਰ ਅਜ ਦੇ ਦੌਰ ਭਾਵ ਸਮੇਂ ਵਿਚ ਅਸੀ ਲਫਜੀ ਝਗੜੇ ਖੜੇ ਕੀਤੇ ਹੋਏ ਹਨ। ਰਾਮ ਨਾਮ ਦੀ ਮਹਿਮਾ ਜੋ ਹੈ ਉਹ ਸਾਡੇ ਵੇਦਾਂ ਕਤੇਬਾਂ ਅਤੇ ਪੁਰਾਤਨ ਕਾਲ ਦੇ ਸੰਤਾਂ ਮਹਾਤਮਾਂ ਨੇ ਬੜੀ ਉਤਮ ਅਤੇ ਸ੍ਰੇਸ਼ਟ ਜਾਣੀ ਹੈ।

ਸਮੇਂ ਸਮੇਂ ਦੇ ਅਨੁਸਾਰ ਸਾਨੂੰ ਜਾਨਣਾ ਬਹੁਤ ਜਰੂਰੀ ਹੈ ਭਾਵ ਜਿਸ ਤਰ੍ਹਾਂ ਅਸੀਂ ਜਿਹੜੇ ਦੇਸ਼ ਵਿਚ ਰਹਿੰਦੇ ਹਾਂ ਸਾਨੂੰ ਉਸੇ ਦੇਸ਼ ਦੀ ਕਰੰਸੀ ਭਾਵ ਪੈਸਾ ਬਰਤਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਜੋ ਘਰ ਹੈ, ਜਾਂ ਦੇਸ਼ ਹੈ ਉਹਦੀ ਜੋ ਕਰੰਸੀ ਹੈ ਜਿਸ ਨੂੰ ਅਸੀਂ ਖਰਚਣਾ ਹੈ ਉਹ ਕੇਵਲ ਇਕ ਨਾਮ ਹੈ। ਨਾਮ ਦੇ ਕੋਈ ਅਲਫਾਜ ਨਹੀਂ ਹਨ ਔਰ ਨਾਂ ਅਲਫਾਜਾਂ ਅੰਦਰ ਅਜ ਤਕ ਕਿਸੇ ਨੂੰ ਹਾਸਿਲ ਹੋਇਆ ਹੈ। ਨਾਮ ਦੀ ਪ੍ਰਾਪਤੀ ਲਈ ਪਲਟੂ ਸਾਹਿਬ ਜੀ ਵੀ ਬਿਆਨ ਕਰਦੇ ਹਨ :-

***ਸੰਤਾਂ ਸਨੇਹੀ ਨਾਮ ਹੈ, ਨਾਮ ਸਨੇਹੀ ਸੰਤ,***
***ਸੰਤ ਸਨੇਹੀ ਨਾਮ, ਨਾਮ ਕੋ ਸੰਤ ਮਿਲਾਵਤ,***

**ਵੋ ਵਾਕਿਫ ਕਾਰ ਹੈਂ ਵੋ ਰਾਹ ਬਤਲਾਵਣ।**

ਆਪ ਬਹੁਤ ਉਚ ਕੋਟੀ ਦੇ ਮਹਾਤਮਾ ਹੋਏ ਹਨ। ਆਪਣੇ ਉਪਦੇਸ਼ ਰਾਹੀਂ ਉਹ ਇਹ ਬਿਆਨ ਕਰ ਰਹੇ ਹਨ ਕਿ ਸੰਤ ਹਮੇਸ਼ਾਂ ਹੀ ਧਰਤੀ ਤੇ ਨਾਮ ਰੂਪੀ ਹੱਟੀ ਲੈ ਕੇ ਆਉਂਦੇ ਹਨ, ਔਰ ਜੀਵ ਆਤਮਾ ਨੂੰ ਨਾਮ ਦੇ ਕੇ ਉਹਨਾਂ ਨੂੰ ਇਸ ਬੰਧਨ ਭਾਵ 84 ਦੇ ਜੇਲ੍ਹ ਖਾਨੇ ਦੇ ਪਿੰਜਰੇ ਚੋਂ, ਇਸ ਮਾਤ ਲੋਕ ਤੋਂ ਸਦਾ ਦੇ ਲਈ ਅਜ਼ਾਦੀ ਦੁਆ ਦਿੰਦੇ ਹਨ।

**"ਦਾਦੂ ਦੇਖੀ ਦੀਦਾ, ਸਭ ਕਹਤ ਸੁਣੀ ਦਾ।"**

ਦਾਦੂ ਸਾਹਿਬ ਮੁਸਲਮਾਨ ਫਕੀਰ ਹੋਏ ਹਨ ਉਹ ਵੀ ਸਾਨੂੰ ਇਹੀ ਸਮਝਾਉਂਦੇ ਹਨ ਕਿ ਰੂਹਾਨੀ ਮੰਡਲਾਂ ਵਿਚ ਅਨੇਕਾਂ ਚੀਜਾਂ ਨੂੰ ਜਾਣਿਆ, ਸਮਝਿਆ, ਸੁਣਿਆ, ਦੇਖਿਆ, ਪਰ ਉਸਦਾ ਭੇਦ ਬਿਆਨ ਨਾ ਕੀਤਾ ਗਿਆ। ਜਿਹੜੇ ਲੋਕ ਉਸ ਪ੍ਰਮਾਤਮਾ ਦੇ ਘਰ ਜਾਂ ਉਸ ਪ੍ਰਮਾਤਮਾ ਨੂੰ ਤੱਕ ਲੈਂਦੇ ਹਨ ਉਨ੍ਹਾਂ ਦਾ ਹਾਲ ਇਕ ਵਿਆਹੁਤਾ ਔਰਤ ਵਾਂਗ ਹੋ ਜਾਂਦਾ ਹੈ। ਪਿਛਲੇ ਸਤਿਸੰਗ ਵਿਚ ਵੀ ਅਸਾਂ ਅਪੀਲ ਕੀਤੀ ਸੀ ਕਿ ਜਿਸ ਤਰ੍ਹਾਂ ਮਹਿੰਦੀ ਵਿਚ ਰੰਗਤ ਹੁੰਦੀ ਹੈ ਪਰ ਉਸਦਾ ਰਗੜਨ ਤੋਂ ਪਤਾ ਲਗਦਾ ਹੈ, ਗੰਨੇ ਵਿਚ ਮਿਠਾਸ ਹੁੰਦੀ ਹੈ ਪਰ ਚੂਸਣ ਤੋਂ ਪਤਾ ਲਗਦਾ ਹੈ, ਦੁਧ ਵਿਚ ਘਿਉ ਹੁੰਦਾ ਹੈ ਪਰ ਉਹ ਮਾਥਨ ਕਰਨ ਤੋਂ ਪਤਾ ਲਗਦਾ ਹੈਂ ਵੈਸੇ ਨਜ਼ਰ ਨਹੀਂ ਆਉਂਦਾ ਇਸ ਤਰ੍ਹਾਂ ਹੀ ਕਣ ਕਣ ਦੇ ਵਿਚ ਰਬ ਵਸਦਾ ਹੈ ਨਜ਼ਰ ਨਹੀਂ ਆਉਂਦਾ। ਰਬ ਨਾ ਕਿਸੇ ਨੂੰ ਬਾਹਰੋਂ ਮਿਲਿਆ ਹੈ ਨਾ ਮਿਲੇਗਾ ਔਰ ਨਾ ਹੀ ਮਿਲ ਸਕਦਾ ਹੈ। ਜੇ ਕਿਤੇ ਬਾਹਰ ਜੰਗਲਾਂ, ਬੇਲਿਆਂ 'ਚ ਜਾਂ ਕਿਸੇ ਐਸੇ ਮਿਥੇ ਹੋਏ ਟਿਕਾਣੇਂ'ਚ, ਕਿਸੇ ਮੰਦਰ ਮਸੀਤ ਵਿਚ, ਕਿਸੇ ਧਰਮ ਸਥਾਨ ਦੇ ਅੰਦਰ ਜਾਂ ਕਿਸੇ ਧਰਮ ਗਰੰਥ ਦੇ ਅੰਦਰ ਹੁੰਦਾ ਤਾਂ ਅਜ ਦੇ ਸਮੇ ਵਿਚ ਜਾਂ ਅਜ ਤੋਂ ਪਹਿਲਾਂ ਇਹ ਨਵੀਆਂ ਨਵੀਆਂ ਰਚਨਾ, ਨਾ ਪੈਦਾ ਕੀਤੀਆਂ ਜਾਂਦੀਆਂ। ਬਾਹਰ ਜਦ ਰਬ ਹੈ ਹੀ ਨਹੀਂ ਤਾਂ ਮਿਲੇਗਾ ਕਿਥੋਂ? ਜੇ ਹੁੰਦਾ ਤਾਂ ਉਹ ਜਰੂਰ ਕਿਸੇ ਸੜਕ ਤੇ ਮਿਲ ਪੈਂਦਾ, ਕਿਤੇ ਟੈਕਸੀ ਸਟੈਂਡ ਤੇ ਮਿਲ ਪੈਂਦਾ ਕਿਸੇ ਬਸ ਸਟੈਂਡ ਤੇ ਮਿਲ ਪੈਂਦਾ, ਕਿਸੇ ਰੇਲਵੇ ਸਟੇਸ਼ਨ ਤੇ ਮਿਲ ਪੈਂਦਾ। ਉਹ ਤਾਂ ਸਾਡੇ ਸਰੀਰ ਅੰਦਰ ਵਸਦਾ ਹੈ ਬਾਹਰ ਕਿਤੇ ਨਹੀਂ ਔਰ ਹਰ ਮਹਾਪੁਰਖ ਨੇ ਦਸਿਆ ਹੈ ਕਿ ਸਾਡੇ ਇਸ ਸਰੀਰ ਰੂਪੀ ਹਰਿਮੰਦਰ ਵਿਚ ਉਸਦਾ ਸਥਾਨ ਹੈ ਜੋ ਪਵਿਤਰ, ਉਚਾ ਔਰ ਸ੍ਰੇਸ਼ਟ ਹੈ ਜਿਸਨੂੰ ਉਸਨੇ ਖੁਦ ਆਪ ਬਣਾਇਆ ਹੈ। ਤੁਸਾਂ ਉਸਦੇ ਰਹਿਣ ਵਾਸਤੇ ਜਿਨ੍ਹੇ ਵੀ ਟਿਕਾਣੇ ਬਣਾਏ ਹਨ ਉਹ ਆਪਣੇ ਹਥਾਂ ਨਾਲ ਤੁਸਾਂ ਇੱਟਾਂ ਪਥਰਾਂ ਦੇ ਬਣਾਏ ਹਨ ਔਰ ਆਪਣੇ ਕੋਲੋਂ ਹੀ ਤੁਸਾਂ ਧੰਨ ਖਰਚਿਆ ਹੈ। ਉਹ ਤੁਹਾਡਾ ਨੇਕ ਹੈ ਜਾਂ

ਨਹੀਂ, ਇਕ ਨੰਬਰ ਦਾ ਹੈ ਜਾਂ ਦੋ ਨੰਬਰ ਦਾ ਹੈ, ਤੁਸੀ ਜਿਹੜਾ ਪੈਸਾ ਲ਼ਾ ਰਹੇ ਹੋ ਉਹ ਚੋਰੀ ਦਾ ਹੈ ਜਾਂ ਠੱਗੀ ਦਾ ਹੈ ਉਹ ਸਿਰਫ ਤੁਹਾਨੂੰ ਪਤਾ ਹੈ। ਪਰ ਰਬ ਨੇ ਇਸ ਪੰਜ ਤੱਤ ਦੇ ਪੁਤਲੇ ਨੂੰ ਬਨਾਵਣ ਲਈ ਕੋਈ ਚੋਰੀ, ਕੋਈ ਠੱਗੀ ਕੋਈ ਹੇਰਾਫੇਰੀ, ਕੋਈ ਝੂਠ ਤੇ ਕੋਈ ਸਚ ਦੀ ਤੁਲਨਾ ਨਹੀਂ ਕੀਤੀ। ਪੰਜ ਤੱਤ ਹੀ ਅਜ ਹਨ ਔਰ ਪੰਜ ਤੱਤ ਹੀ ਜੀਵ'ਚ ਸ਼ੁਰੂ ਤੋਂ ਚਲੇ ਆ ਰਹੇ ਹਨ। ਕਲ੍ਹ ਅਸੀ ਇਕ ਥਾਂ ਤੇ ਗਲਬਾਤ ਕਰਦਿਆਂ ਕਿਹਾ ਸੀ ਕਿ "ਪੀਸ ਔਨ ਦਾ ਅਰਥ" ਤਾਂ ਨਹੀਂ ਹੋ ਸਕਦਾ ਪਰ "ਪੀਸ ਔਨ ਦਾ ਸਕਾਈ" ਜਰੂਰ ਹੈ। ਇਕ ਵਾਰ ਦੀ ਗਲ ਹੈ ਕਿ ਇਕ ਆਦਮੀ ਸੀ ਜੋ ਬਹੁਤ ਹੀ ਗਰੀਬ ਸੀ। ਇਕ ਵਾਰੀ ਉਸਨੂੰ ਸ਼ਹਿਰ ਆਵਣ ਦਾ ਮੌਕਾ ਮਿਲਿਆ ਸਾਹੂਕਾਰ ਕੋਲੋਂ ਉਸਨੇ ਕਰਜਾ ਲੈ ਰਖਿਆ ਸੀ। ਉਸ ਕਰਜੇ ਨੂੰ ਜਦ ਉਹ ਵਾਪਸ ਕਰਨ ਸਾਹੂਕਾਰ ਪਾਸ ਗਿਆ ਤਾਂ ਸਾਹੂਕਾਰ ਆਪਣੇ ਕਮਰੇ ਵਿਚ ਬੈਠਾ ਸੀ। ਉਸਦਾ ਕਮਰਾ ਬੜਾ ਠੰਡਾ ਸੀ ਔਰ ਬੜੀ ਠੰਡੀ ਠੰਡੀ ਉਥੇ ਹਵਾ ਸੀ। ਉਹ ਗਰੀਬ ਆਦਮੀ ਵੇਖਕੇ ਬੜਾ ਹੈਰਾਨ ਹੋਇਆ ਕਿ ਬਾਹਰ ਇੰਨੀ ਸਖਤ ਧੁੱਪ ਪੈ ਰਹੀ ਏ ਜਿਸ ਨਾਲ ਥਲਿਉਂ ਪੈਰ ਸੜ ਰਹੇ ਹਨ ਔਰ, ਉਤੋਂ ਸਿਰ ਧੁੱਪ ਦੀ ਗਰਮੀ ਨਾਲ ਸੜ ਰਿਹਾ ਹੈ। ਪਰ ਇਸ ਕਮਰੇ ਵਿਚ ਕੀ ਗਲ ਹੈ? ਜਿਸ ਕਰਕੇ ਇਹ ਇੰਨਾ ਠੰਡਾ ਹੈ। ਉਹ ਆਦਮੀ ਲਾਲੇ ਨੂੰ ਪੁਛਣ ਲਗਾ ਕਿ ਸੇਠ ਸਾਹਿਬ ਇਹ ਕੀ ਕਾਰਨ ਹੈ? ਜਿਸ ਕਰਕੇ ਤੁਹਾਡਾ ਕਮਰਾ ਇੰਨਾ ਠੰਡਾ ਹੈ। ਅਗੋਂ ਉਨ੍ਹਾਂ ਏਅਰ ਕੰਡੀਸ਼ਨ ਵਲ ਇਸ਼ਾਰਾ ਕੀਤਾ। ਫਿਰ ਇਤਫਾਕ ਨਾਲ ਉਸਨੂੰ ਸਰਦੀਆਂ'ਚ ਜਾਣ ਦਾ ਮੌਕਾ ਮਿਲਿਆ ਤਾਂ ਉਸਨੇ ਵੇਖਿਆ ਕਿ ਸਰਦੀ ਕਾਰਨ ਬਾਹਰ ਠੰਡ ਨਾਲ ਹਥ, ਪੈਰ ਸੁੰਨ ਹੋ ਰਹੇ ਹਨ, ਕਕੱਰ ਪਿਆ ਹੋਇਆ ਹੈ ਪਰ ਲਾਲਾ ਜੀ ਦਾ ਕਮਰਾ ਗਰਮ ਹੈ। ਉਸ ਆਦਮੀ ਨੇ ਕਿਹਾ ਕਿ ਲਾਲਾ ਜੀ ਇਹ ਕੀ ਗਲ ਹੈ? ਉਸਨੇ ਫਿਰ ਉਸੇ ਪਾਸੇ ਵਲ ਇਸ਼ਾਰਾ ਕੀਤਾ। ਗਰੀਬ ਆਦਮੀ ਵੇਖਕੇ ਬੜਾ ਹੈਰਾਨ ਹੋਇਆ ਅਖੀਰ ਉਸਨੇ ਸੋਚਿਆ ਕਿ ਸ਼ਾਇਦ ਇਹ ਮਸ਼ੀਨਾਂ ਗਰਮ ਠੰਡੀਆਂ ਕਰਦੀਆਂ ਹਨ ਪਰ ਇਹਨਾਂ ਨੂੰ ਗਰਮ ਠੰਡਾ ਕਰਨ ਵਾਲਾ ਇਕੋ ਸਵਿਚ (switch) ਹੈ ਜਿਹੜਾ ਮਸ਼ੀਨ ਨੂੰ ਗਰਮ ਠੰਡਿਆਂ ਕਰਦਾ ਹੈ। ਲਾਲੇ ਨੂੰ ਉਹ ਪੁਛਣ ਲਗਾ ਕਿ ਲਾਲਾ ਜੀ ਕੀ ਇਹ ਇਕੋ ਹੀ ਚੀਜ ਹੈ? ਉਨ੍ਹਾਂ ਅਗੋਂ ਜਵਾਬ ਦਿੱਤਾ ਕਿ ਚੀਜ ਇਹ ਇਕੋ ਹੀ ਹੈ ਔਰ ਕਰੰਟ ਵੀ ਪਿਛੋਂ ਇਕੋ ਹੀ ਹੈ। ਪਰ ਉਸ ਮਨਮੁਖ ਅੰਦਰ ਇਹ ਵਿਚਾਰ ਨਾ ਆਇਆ ਕਿ ਠੰਡਾ, ਗਰਮ ਕਰਨ ਵਾਲੀਆਂ ਮਸ਼ੀਨਾਂ ਹਨ..., ਸਵਿਚ ਜਾਂ ਬਿਜਲੀ ਨਹੀਂ। ਇਸੇ ਤਰ੍ਹਾਂ ਹੀ ਸਾਡੇ ਅੰਦਰ ਜੋ ਕਰੰਟ ਹੈ ਉਹ ਹੈ ਤਾਂ ਇਕੋ ਹੀ ਪਰ ਗਰਮ ਠੰਡੇ ਜਿਹੜਾ ਅਸੀ ਹੁੰਦੇ ਰਹਿੰਦੇ ਹਾਂ ਇਹ ਸਾਡਾ ਸਮੇਂ-ਸਮੇਂ ਦੀ ਨਜਾਕਤ

ਦਾ ਮਹੌਲ ਹੈ। ਜਿਸ ਤਰ੍ਹਾਂ ਮਾਂ ਬੱਚੇ ਨੂੰ ਗਾਲਾਂ ਕਢਦੀ ਹੁੰਦੀ ਹੈ ਅਗੋਂ ਬੱਚਾ ਚੁਪ ਕਰਕੇ ਖਾਈ ਜਾਂਦਾ ਹੈ ਕਹਿੰਦਾ ਕੁਝ ਨਹੀਂ ਕਿਉਂਕਿ ਉਹ ਉਸ ਵਕਤ ਬੱਚਾ ਹੁੰਦਾ ਹੈ ਪਰ ਜਦ ਉਹੀ ਬੱਚਾ ਥੋੜਾ ਜਵਾਨ ਹੋ ਜਾਂਦਾ ਹੈ ਤਾਂ ਫਿਰ ਉਹ ਆਪਣੀ ਇਜ਼ਤ ਸਮਝਣ ਲਗ ਪੈਂਦਾ ਹੈ। ਤਾਂ ਮਾਂ ਅੱਗੇ ਉਹ ਬੋਲ ਵੀ ਪੈਂਦਾ ਹੈ ਔਰ ਹੱਥ ਵੀ ਚੁਕ ਲੈਂਦਾ ਹੈ, ਇਸੇ ਤਰ੍ਹਾਂ ਪਿਉ ਅੱਗੇ ਵੀ ਕਰਦਾ ਹੈ। ਸੋ ਉਹਦਾ ਰਬੀ ਕਰੰਟ ਨਹੀਂ ਬਦਲਿਆਂ ਸਿਰਫ ਉਹਦੀ ਰਹਿਣੀ ਬਹਿਣੀ ਔਰ ਸਮੇਂ ਦੇ ਪੁਰਜੇ ਏਅਰਕੰਡੀਸ਼ਨ ਮਸ਼ੀਨ ਵਾਂਗ ਬਦਲ ਗਏ। ਇਸ ਤਰ੍ਹਾਂ ਹੀ ਅਸੀ ਜਦੋਂ ਆਪਣੇ ਜੀਵਨ ਦੀ ਰਹਿਣੀ ਬਹਿਣੀ ਬਦਲ ਲੈਂਦੇ ਹਾਂ ਤਾਂ ਉਸ ਵਕਤ ਸਾਡੇ ਕੋਲੋਂ ਪ੍ਰਮਾਤਮਾ ਦਾ ਨਾਮ ਖੁਸ ਜਾਂਦਾ ਹੈ ਔਰ ਪ੍ਰਮਾਤਮਾ ਦੀ ਯਾਦ ਸਾਡੇ ਤੋਂ ਦੂਰ ਹੋ ਜਾਂਦੀ ਹੈ ਜਿਸ ਕਰਕੇ ਅਸੀ ਉਸ ਜਦੋ ਜਹਿਦ ਵਿਚ ਪੈ ਜਾਂਦੇ ਹਾਂ ਜਿਸ ਨਾਲ ਸਾਡੀ ਆਤਮਾ ਅਤੇ ਸਰੀਰ ਨੂੰ ਕੋਈ ਵੀ ਸੁਖ ਅਤੇ ਅਰਾਮ ਨਹੀਂ ਮਿਲਦਾ ਬਲਕਿ ਤਲਖੀ ਪੈਦਾ ਹੁੰਦੀ ਹੈ, ਮਰ ਮਿਟ ਜਾਵਣ ਦਾ, ਘਰ ਬਾਹਰ ਛੱਡ ਜਾਵਣ ਦਾ, ਆਪਣੇ ਆਪਨੂੰ ਇਕਲਿਆਂ ਦੂਰ ਲਿਜਾਵਣ ਦਾ ਉਤਾਵਲਾਪਨ ਅੰਦਰ ਪੈਦਾ ਹੋ ਜਾਂਦਾ ਹੈ। ਜਿਸ ਕਰਕੇ ਸਾਨੂੰ ਕੋਈ ਵੀ ਚੀਜ ਚੰਗੀ ਨਹੀਂ ਲਗਦੀ। ਨਾਮ ਦੇ ਸੁਨੇਹੇ ਅੰਦਰ ਬੁਲੇਸ਼ਾਹ ਵੀ ਫੁਰਮਾਨ ਕਰਦੇ ਹਨ :-

***ਵੇਦ ਪੁਰਾਨਾਂ ਪੜ੍ਹ ਪੜ੍ਹ ਥਕੇ,***
***ਸਜ਼ਦਾ ਕਰ ਕਰ ਘਸ ਗਏ ਮਥੇ।***
***ਨਾ ਰਬ ਤੀਰਥ ਨਾ ਰਬ ਮੱਕੇ,***
***ਜਿਸਨੇ ਪਾਇਆ ਨੂਰਾਨੇ ਈਲਾਹੀ।***

ਇਸੇ ਤਰ੍ਹਾਂ ਬੁਲੇਸ਼ਾਹ ਫਿਰ ਫੁਰਮਾਨ ਕਰਦੇ ਹਨ ਕਿ :-

***ਰੰਘੜ ਨਾਲੋਂ ਖਿੰਘਰ ਚੰਗਾ,***
***ਜਿਸ ਤੇ ਪੈਰ ਘਿਸਾਂਈਦਾ।***
***ਬੁਲੇਸ਼ਾਹ ਜੇ ਤੂੰ ਰਬ ਨੂੰ ਪਾਣਾ,***
***ਬਕਰਾ ਬਣ ਕਸਾਈ ਦਾ।***

ਫਿਰ ਆਪਹੀ ਫੁਰਮਾਨ ਕਰਦੇ ਹਨ:-

***ਬੁਲੇ ਨਾਲੋਂ ਚੁਲ੍ਹਾ ਚੰਗਾ,***
***ਜਿਸਤੇ ਤੌਣ ਪਕਾਈਦਾ।***
***ਬੈਠ ਫਕੀਰਾਂ ਮਜਲਸ ਕੀਤੀ,***

## ਭੋਰਾ ਭੋਰਾ ਵਰਤਾਈਦਾ।

ਮਜਲਸ ਤੋਂ ਭਾਵ ਹੈ ਮੀਟਿੰਗ। ਮਤਲਬ ਕਿ ਉਨ੍ਹਾਂ ਕੋਈ ਮੀਟਿੰਗ ਕੀਤੀ ਕਿ ਬੈਠ ਕੇ ਸਭ ਨੂੰ ਭੋਰਾ ਭੋਰਾ ਵਰਤਾਉ। ਜਿਸ ਤੋਂ ਭਾਵ ਹੈ ਕਿ ਰਬ ਦਾ ਵੀ ਜੋ ਤਰੀਕਾ ਹੈ ਉਹ ਵੀ ਭੋਰਾ ਭੋਰਾ ਕਰਕੇ ਵਰਤਾਉਣ ਦਾ ਹੈ। ਜਿਸ ਤਰ੍ਹਾਂ ਕਿ ਕਹਿੰਦੇ ਹਨ "ਸਾਸ ਸਾਸ ਸਿਮਰੋ ਗੋਬਿੰਦ"। ਸਾਹ ਇਕ ਆਇਆ, ਦੋ ਆਏ, ਤਿੰਨ ਆਏ ਕਹਿੰਦੇ ਹਨ ਕਿ ਖਤਮ ਹੋ ਗਿਆ ਭਾਵ ਮਰ ਗਿਆ। ਇਸੇ ਤਰ੍ਹਾਂ ਸਾਡੇ ਜੀਵਨ ਦਾ ਇਸ ਸਰੀਰ ਵਿਚ ਜਿਨ੍ਹਾਂ ਵੀ ਢਾਂਚਾ ਹੈ ਉਹ ਕੇਵਲ ਪ੍ਰਮਾਤਮਾ ਦੀ ਯਾਦ ਵਾਸਤੇ ਹੈ ਔਰ ਸਾਡੀ ਬਾਹਰੀ ਬਣਤਰ, ਸਾਡੇ ਬਾਹਰੀ ਸਤਿਕਾਰ ਭਾਵ ਝੂਠੀ ਮਾਣ ਮਰਿਯਾਦਾ ਅਤੇ ਝੂਠੀ ਸ਼ਾਨ ਵਾਸਤੇ ਹੈ। ਕੋਈ ਵੀ ਮਹਾਪੁਰਖ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਸਾਨੂੰ ਇਹ ਨਹੀਂ ਆਖਦਾ ਕਿ ਤੁਸੀਂ ਆਹ ਨਾ ਕਰੋ, ਔਹ ਨਾ ਕਰੋ ਸਿਵਾਏ ਇਕ ਨਾਮ ਦੇ ਹੌਕੇ ਤੋਂ। ਉਨ੍ਹਾਂ ਦੇ ਸੁਨੇਹਿਆਂ ਦੇ ਅੰਦਰ, ਉਨ੍ਹਾਂ ਕਥਨਾਂ ਦਾ ਇੰਨਾ ਕੁ ਖਿਆਲ ਅਤੇ ਬਲ ਹੁੰਦਾ ਹੈ ਕਿ ਇਨਸਾਨ ਖੁਦ ਬੁਰੇ ਕੰਮਾਂ ਦਾ ਤਿਆਗ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਕੋਈ ਵੀ ਦੁਨੀਆਂ ਦੀ ਚੀਜ ਜਦ (function) ਕਰਦੀ ਹੈ ਤਾਂ ਉਹਦੇ ਵਿਚ ਖਰਾਬੀ ਆਉਂਦੀ ਹੈ ਔਰ ਉਸ ਖਰਾਬੀ ਨੂੰ ਦੂਰ ਕਰਨ ਵਾਸਤੇ ਕਿਸੇ ਯੰਤਰ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਸਰੀਰ ਦੇ ਜੋ Elements ਹਨ, ਜਿਸ ਤਰ੍ਹਾਂ ਹਵਾ ਹੈ, ਅਗ ਹੈ, ਪਾਣੀ ਹੈ। ਅਜਕਲ ਜੇ ਸਰੀਰ ਦੀ ਮਿੱਟੀ ਵੀ ਖਰਾਬ ਹੋ ਜਾਏ ਤਾਂ ਕਹਿੰਦੇ ਹਨ ਕਿ ਸਰਜਰੀ ਕਰਕੇ ਠੀਕ ਕਰ ਲਿਆ ਜਾਂਦਾ ਹੈ, ਹਵਾ ਦਾ ਦਬਾਵ ਘਟ ਜਾਏ ਤਾਂ ਆੱਕਸੀਜਨ ਦੀਆਂ ਮਸ਼ੀਨਾਂ ਲਾ ਦਿੱਤੀਆਂ ਜਾਂਦੀਆਂ ਹਨ, ਪਾਣੀ ਦੀ ਸਰੀਰ'ਚ ਕਮੀ ਆ ਜਾਏ ਤਾਂ ਗੁਲੂਕੋਜ਼ ਚੜ੍ਹਾ ਦਿੱਤਾ ਜਾਂਦਾ ਹੈ ਜੇ ਇਸ ਵਿੱਚ ਅਗਨੀ ਭਾਵ ਗਰਮੀ ਦੀ ਕਮੀ ਆ ਜਾਵੇ ਤਾਂ Tonic ਦੇ ਕੇ ਸਰੀਰ'ਚ ਗਰਮੀ ਪੂਰੀ ਕੀਤੀ ਜਾਂਦੀ ਹੈ। ਪਰ ਬੁਧੀ ਦੇਵਣ ਦਾ ਅਜ ਤਕ ਕਿਸੇ ਵਿਗਿਆਨੀ ਜਾਂ ਕਿਸੇ ਡੱਾਕਟਰ ਪਾਸ ਗਿਆਨ ਨਹੀਂ ਹੈ। ਅਜ ਤਕ ਬੁਧੀ ਨਾਂ ਕਿਸੇ ਨੂੰ ਉਨ੍ਹਾਂ ਫੀਟ (Fit) ਕੀਤੀ ਔਰ ਨਾਂ ਕਰ ਸਕੇ। ਜਿਹੜੀ ਰਹਿਮਤ ਹੈ ਉਸਦਾ ਕੋਈ ਫਰਕ ਨਹੀ ਹੈ। ਉਹ ਚੋਰ ਤੇ ਵੀ ਉਹੋ ਹੀ ਹੈ; ਸਾਧੂ ਤੇ ਵੀ ਉਹੋ ਹੀ ਹੈ, ਸ਼ੈਤਾਨ ਤੇ ਵੀ ਉਹੋ ਹੀ ਔਰ ਮਹਾਨ ਆਤਮਾ ਤੇ ਵੀ ਉਹੋ ਹੀ ਹੈ। ਉਹ ਬੁਧੀ ਦੀ ਦੇਣ ਪ੍ਰਮਾਤਮਾ ਪਾਸ Direct ਹੈ। ਉਹਦੇ ਜੋ ਮਾਲਕ ਨੇ ਸਵਾਮੀ ਨੇ, ਜਾਂ ਉਹਦੇ ਜੋ ਹੱਕਦਾਰ ਨੇ ਉਨ੍ਹਾਂ ਨੂੰ ਅਸੀ ਨਾਮੀ ਪੁਰਖ ਜਾਂ ਸੰਤ ਕਹਿਕੇ ਯਾਦ ਕਰਦੇ ਆਏ ਹਾਂ। ਜਿਸ ਤਰ੍ਹਾਂ ਪਿਛਲੇ ਸਤਿਸੰਗ ਅੰਦਰ ਅਸਾਂ ਅਪੀਲ ਕੀਤੀ ਸੀ ਕਿ ਜਿਸ ਤਰ੍ਹਾਂ ਜੇਲ ਦੇ ਵਿਚ ਅਗਰ ਬਹੁਤ ਸਾਰੇ

ਮੁਜਰਮ ਹੋਵਣ ਔਰ ਉਹ ਉਥੋਂ ਛੁਟਣਾ ਚ੍ਹਾਹਵਣ ਜਾਂ ਨਿਕਲਣਾ ਚਾਵ੍ਹਣ ਤਾਂ ਉਨ੍ਹਾਂ ਲਈ ਬੜੀ ਔਕੜ ਜਿਹੀ ਹੋਵ੍ਹੇਗੀ। ਅਗਰ ਉਨ੍ਹਾਂ ਤੇ ਕੋਈ ਸ਼ਾਹੂਕਾਰ ਤਰਸ ਖਾ ਕੇ , ਰਹਿਮ ਕਰਕੇ, ਜਾਂ ਦਿਆਲੂ ਹੋ ਕੇ ਉਨ੍ਹਾਂ ਨੂੰ ਦਾਲ ਫੁਲਕੇ ਦੀ ਜਗ੍ਹਾ ਚੰਗੇ ਪੈਸੇ ਖਰਚ ਕਰਕੇ ਅੱਛੀ ਸੋਹਣੀ ਰੋਟੀ ਖੁਆ ਦੇਵੇ ਤਾਂ ਉਸਨੇ ਉਨ੍ਹਾਂ ਦੀ ਭੁਖ ਖਤਮ ਤਾਂ ਕਰ ਦਿੱਤੀ, ਪੇਟ ਤਾਂ ਭਰ ਦਿੱਤਾ, ਪਰ ਉਨ੍ਹਾਂ ਨੂੰ ਅਜ਼ਾਦੀ ਨਾ ਦਿਲਵਾ ਸਕਿਆ। ਇਸੇ ਤਰ੍ਹਾਂ ਕਿਸੇ ਸ਼ਾਹੂਕਾਰ ਨੇ ਇਹ ਤਕ ਲਿਆ ਕਿ ਠੰਡ ਪੈਂਦੀ ਹੈ, ਮੌਸਮ ਖਰਾਬ ਕਾਰਨ ਉਨ੍ਹਾਂ (ਕੈਦੀਆਂ) ਨੂੰ ਪ੍ਰੇਸ਼ਾਨੀ ਹੈ। ਉਸਨੇ ਪੈਸਾ ਖਰਚ ਕਰਕੇ ਗਰਮ ਕਪੜੇ ਦੇ ਕੇ ਉਨ੍ਹਾਂ ਦੀ ਸ਼ਾਹੂਕਾਰ ਨੇ ਠੰਡ ਤਾਂ ਦੂਰ ਕਰ ਦਿੱਤੀ ਪਰ ਅਜ਼ਾਦੀ ਨਾਂ ਦਿਲਵਾ ਸਕਿਆ। ਦੂਸਰੇ ਨੇ ਵੇਖਿਆ ਕਿ ਉਨ੍ਹਾਂ ਦੇ ਪੀਣ ਦੇ ਪਾਣੀ ਦਾ ਸਾਧਨ ਠੀਕ ਨਹੀਂ ਹੈ ਤਾਂ ਉਸਨੇ ਮਿੱਠੇ ਜਾਂ ਠੰਡੇ ਪਾਣੀ ਦੀ ਛਬੀਲ ਲਗਵਾ ਦਿੱਤੀ। ਜਿਸ ਨਾਲ ਉਸਨੇ ਉਨ੍ਹਾਂ ਤੇ ਤਰਸ ਖਾ ਕੇ ਪੈਸਾ ਤਾਂ ਖਰਚ ਕੀਤਾ ਮਗਰ ਉਹ ਉਨ੍ਹਾਂ ਨੂੰ ਅਜ਼ਾਦੀ ਨਾ ਦਿਲਵਾ ਸਕਿਆ। ਅਗਰ ਉਨ੍ਹਾਂ ਨੂੰ ਅਜ਼ਾਦੀ ਦਿਲਵਾ ਸਕਦਾ ਹੈ ਤਾਂ ਸਿਰਫ ਉਸ ਜੇਲ ਦਾ ਜੇਲਰ ਦਿਲਵਾ ਸਕਦਾ ਹੈ। ਜੇਕਰ ਉਹ ਚਾਹੇ ਕਿਉਂਕਿ ਉਸ ਪਾਸ ਪਾੱਵਰ ਵੀ ਹੈ ਔਰ ਜੇਲ ਦੀ ਚਾਬੀ ਵੀ। ਦੂਜੇ ਪਾਸੇ ਵੇਖਿਆ ਜਾਵੇ ਕਿ ਜੇਲਰ ਤੋਂ ਉਪਰ ਵੀ ਤਾਂ ਕੋਈ ਅਫਸਰ ਹੈ। ਇਹ ਤਾਂ ਅਸਾਂ ਮਿਸਾਲ ਦਿੱਤੀ ਹੈ ਵੈਸੇ ਤਾਂ ਰਬ ਤੋਂ ਉਤੇ ਵੀ ਕੋਈ ਰਬ ਬੈਠਾ ਹੈ। ਉਹ ਹੈ ਉਹਦਾ ਭਗਤ। ਜੋ ਉਹਦੇ ਭਗਤ ਨੇ ਕਹਿ ਦਿੱਤਾ ਤਾਂ ਰਬ ਨੂੰ ਕਰਨਾ ਹੀ ਪਵੇਗਾ। ਰਬ ਤੋਂ ਵੱਡਾ ਰਬ ਕਿਹੜਾ ਹੈ? ਉਹ ਹੈ ਉਹਦਾ ਭਗਤ।

ਗੁਰੂ ਪ੍ਰਮਾਤਮਾ ਹੈ ਔਰ ਗੁਰੂ ਨੂੰ ਮਿਲਾਉਣ ਵਾਲਾ ਵੀ ਪ੍ਰਮਾਤਮਾ ਹੈ। ਅਗਰ ਗੁਰੂ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਗੁਰੂ ਨਹੀਂ ਤਾਂ ਫਿਰ ਇਨ੍ਹਾਂ ਵਿਚ ਫਰਕ ਕੀ ਹੈ ਜਿਸਦਾ ਨਿਰਨਾ ਕਬੀਰ ਸਾਹਿਬਾਨ ਨੇ ਕੀਤਾ ਹੈ।

***"ਗੁਰੂ ਗੋਬਿੰਦ ਦੋਨੋਂ ਖੜੇ ਕਾ ਕੋ ਲਾਗੂੰ ਪਾਏਂ।"***

ਜਿਸ ਤਰ੍ਹਾਂ ਅਸੀਂ ਕਲ੍ਹ ਵੀ ਕਿਹਾ ਸੀ ਕਿ ਜੇਕਰ ਅਸੀਂ ਦਸ ਗੁਰੂ ਸਾਹਿਬਾਨ ਨੂੰ ਮੰਨਦੇ ਹਾਂ ਤਾਂ ਕਬੀਰ ਸਾਹਿਬਾਨ ਨੇ ਗੁਰੂ ਕਿਸਨੂੰ ਕਿਹਾ? ਉਸ ਵਕਤ ਗੁਰੂ ਕੌਣ ਸਨ? ਗੁਰੂ ਦੇ ਨਾਮ ਬਹੁਤ ਹਨ। ਇਸ ਤੋਂ ਭਾਵ ਸਿਰਫ ਇਹੋ ਹੀ ਹੈ ਕਿ ਅਸੀਂ ਸਾਰੇ ਕਾਲ ਦੇ ਜੇਲ੍ਹ ਖਾਨੇ ਵਿਚ ਫਸੇ ਪਏ ਹਾਂ, ਜਿਨ੍ਹੇ ਵੀ ਸਾਨੂੰ ਇਥੇ ਤਨ ਦੇ, ਰੋਟੀ ਦੇ , ਖਾਣ ਦੇ, ਪੀਣ ਦੇ ਸੁਖ ਮਿਲੇ ਹਨ, ਇਹ ਸਾਰੇ ਦੇ ਸਾਰੇ ਸਾਡੇ ਬਨਾਵਟੀ ਸੁਖ

ਹਨ, ਜਿਹੜੇ ਸਾਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਵਰਗੇ ਸ਼ਾਹੂਕਾਰਾਂ ਦੇ ਤਰਸ ਨਾਲ ਮਿਲੇ ਹਨ। ਜਿਸ ਤਰ੍ਹਾਂ ਨਾਭੀ ਵਿੱਚ ਵਿਸ਼ਨੂੰ ਹੈ ਉਹ ਸਾਡੀ ਖੁਰਾਕ ਹਜਮ ਕਰਾਉਂਦਾ ਹੈ, ਗਿਆਨ ਦਾ ਸਵਾਮੀ ਬ੍ਰਹਮਾ ਹੈ ਉਹ ਸਾਨੂੰ ਗਿਆਨ ਦਿੰਦਾ ਹੈ ਅਤੇ ਸਰੀਰ ਦਾ ਸਵਾਮੀ ਮਹੇਸ਼ ਹੈ ਜਿਹੜਾ ਕਾਲ ਦਾ ਅਧਿਕਾਰੀ ਹੈ। ਸਾਰੇ ਦੇਵਤੇ ਰੂਪੀ ਸਾਹੂਕਾਰਾਂ ਨੇ ਸਾਡੇ ਤੇ ਤਰਸ ਖਾ ਕੇ ਸਾਨੂੰ ਔਲਾਦ ਦੇ ਦਿੱਤੀ। ਅਸਾਂ ਦੇਵੀ ਦੇ ਵਰਤ ਰਖੇ , ਸਾਨੂੰ ਪੈਸੇ ਦੇ ਦਿੱਤੇ, ਕਾਰੋਬਾਰ ਕੀਤਾ, ਪਾਠ ਕਰਾ ਲਏ, ਲੰਗਰ ਲਵਾ ਲਏ, ਪੁੰਨ, ਦਾਨ ਕੀਤਾ ਅਤੇ ਤੀਰਥਾਂ ਤੇ ਇਸ਼ਨਾਨ ਕੀਤਾ। ਉਨ੍ਹਾਂ ਸਾਰਿਆਂ ਦੇਵੀ ਦਿਉਤਿਆਂ ਨੇ ਸਾਡੇ ਤੇ ਤਰਸ ਤੇ ਖਾ ਲਿਆ ਪਰ ਸਾਨੂੰ ਮਾਨਸਿਕ ਸੁਖ ਦੀ ਬਜਾਏ ਉਨ੍ਹਾਂ ਦੁਖ ਪੈਦਾ ਕਰ ਦਿੱਤੇ, ਸ਼ਾਂਤੀ ਦਾ ਜੋ ਨਜ਼ਰੀਆ ਹੈ ਔਰ ਖਲਾਸੀ ਦਾ ਜੋ ਢੰਗ ਹੈ ਉਹ ਸਿਰਫ ਇੰਨਾਂ ਕੁ ਹੀ ਹੈ ਜੋ ਕਿ ਉਹ ਸਾਨੂੰ ਕਿਸੇ ਨਾਮੀ ਪੁਰਖ ਪਾਸੋਂ ਮਿਲਣਾ ਹੈ ਤੇ ਉਹ ਹੀ ਇਸ ਜੇਲ ਦਾ ਜੇਲਰ ਭਾਵ ਮਾਲਕ ਹੈ ਜਿਸਨੂੰ ਤੁਸੀਂ ਪੂਰਨ ਪੁਰਖ ਜਾਂ ਸੰਤ ਵੀ ਕਹਿ ਸਕਦੇ ਹੋ। ਉਹ ਚਾਹੇ ਤਾਂ 84 ਲੱਖ ਚੋਂ ਤੁਹਾਨੂੰ ਅਜ਼ਾਦੀ ਦਿਲਵਾ ਸਕਦਾ ਹੈ। ਬਾਕੀ ਜਿੰਨੇ ਵੀ ਤੁਹਾਡੇ ਯਤਨ ਔਰ ਸਾਧਨ ਹਨ ਉਹ ਉੱਚੇ ਸੁੱਚੇ ਤਾਂ ਜਰੂਰ ਨੇ ਪਰ ਮੁਕੰਮਲ ਨਹੀਂ, ਖਲਾਸੀ ਭਾਵ ਮੁਕਤੀ ਦੇ ਅਧਿਕਾਰੀ ਨਹੀਂ। ਪਰਸੋਂ ਬਰਮਿੰਘਮ ਡੇਰੇ ਤੇ ਆਪਣੇ ਸਤਿਸੰਗ ਵਿਚ ਅਸਾਂ ਅਰਜ਼ ਕੀਤੀ ਸੀ ਕਿ ਮੇਰਾ ਦਾਤਾ ਇਹ ਆਖਦਾ ਹੈ ਕਿ :-

"ਜਦੋਂ ਤੁਸੀ ਮੇਰੇ ਘਰ ਵਲ ਨੂੰ ਚਲਣ ਵਾਸਤੇ ਜਾਂ ਆਉਣ ਵਾਸਤੇ ਤਿਆਰ ਹੋ ਜਾਵੋਗੇ ਤਾਂ ਮੈਂ ਤੁਹਾਡੇ ਹਰ ਰਸਤੇਂ'ਚ ਆਉਣ ਵਾਲੀਆਂ ਮੁਸ਼ਕਿਲਾਵਾਂ ਅਤੇ ਰੁਕਾਵਟਾਂ ਨੂੰ ਤੁਹਾਡੇ ਆਉਣ ਤੋਂ ਪਹਿਲੋਂ ਹੀ ਦੂਰ ਕਰ ਦੇਵਾਂਗਾ ਔਰ ਤੁਹਾਨੂੰ ਆਪਣਾ ਕੋਈ ਐਸਾ ਨੇਕ ਸਾਥੀ ਮਿਲਾ ਦੇਵਾਂਗਾ ਜਿਹੜਾ ਤੁਹਾਨੂੰ ਉਸ ਨੇਕ ਰਾਹ ਤੇ ਸਾਥ ਦੇ ਸਕੇ ਔਰ ਮੇ ਰੇ ਤੀਕਰ ਪਹੁੰਚਾ ਦੇਵੇ।"

*"ਅੰਧੁਲਾ ਨੀਚ ਜਾਤਿ ਪਰਦੇਸੀ, ਖਿਨੁ ਆਵੈ ਤਿਲੁ ਜਾਵੈ।*
*ਤਾਕੀ ਸੰਗਤਿ ਨਾਨਕੁ ਰਹਦਾ, ਕਿਉਂ ਕਰਿ ਮੂੜਾ ਪਾਵੈ।"*

*(ਗੁਰੂ ਗ੍ਰੰਥ ਸਾਹਿਬ ਜੀ)*

ਅਜ ਦੇ ਦਰਮਿਆਨ ਜੋ ਨਾਮੀ ਝਗੜੇ ਹਨ ਉਹ ਮੇਰਾ ਖਿਆਲ ਹੈ ਤੁਹਾਨੂੰ ਸੋਭਦੇ ਨਹੀਂ। ਕਿਉਂਕਿ ਉਹ ਤੁਹਾਨੂੰ ਵਾਰਾ ਨਹੀ ਖਾਂਦੇ। ਰਬ ਵਾਲਾ ਪਾਸਾ ਤਾਂ ਤੁਹਾਨੂੰ ਜਚਦਾ ਹੀ ਨਹੀਂ, ਸੋਭਦਾ ਹੀ ਨਹੀਂ, ਤੁਸੀਂ ਉਸ ਪਾਸੇ ਲਗਣਾ ਹੀ ਨਹੀ ਚਾਹੁੰਦੇ। ਉਹਦੀ

ਵਜ੍ਹਾ ਇਹ ਨਹੀਂ ਕਿ ਜੇ ਤੁਸੀ ਉਸ ਪਾਸੇ ਨਹੀਂ ਲਗੋਗੇ ਤਾਂ ਰਬ ਤੁਹਾਡੇ ਨਾਲ ਨਰਾਜ ਹੋ ਜਾਵੇਗਾ। ਰਬ ਕਿਸੇ ਤੇ ਨਰਾਜ ਨਹੀਂ ਹੁੰਦਾ, ਕਿਸੇ ਨਾਲ ਵੈਰ ਨਹੀਂ ਕਮਾਉਂਦਾ। ਜਿਸ ਤਰ੍ਹਾਂ ਸਾਹਿਬ ਨੇ ਫੁਰਮਾਇਆ ਹੈ ਕਿ ਉਹ ਨਿਰਵੈਰ ਹੈ, ਨਿਰਭਉ ਹੈ। ਪਰ ਐਸਾ ਕਰਨ ਨਾਲ ਉਹ ਆਪਣੇ ਤੁਹਾਡੇ ਪਾਸੋਂ ਹੱਕ ਖੋਹ ਲੈਂਦਾ ਹੈ, ਆਪਣੇ ਅਖਤਿਆਰ ਖੋਹ ਲੈਂਦਾ ਹੈ, ਆਪਣੀ ਬੁਧੀ ਖੋਹ ਲੈਂਦਾ ਹੈ। ਜਦ ਉਹ ਆਪਣੀ ਮਤ ਖੋਹ ਲੈਂਦਾ ਹੈ ਤਾਂ ਤੁਹਾਡੇ ਵਿਚ ਉਹ ਮਾੜੀਆਂ ਮੱਤਾਂ, ਮਾੜੇ ਖਿਆਲ, ਮਾੜੀਆਂ ਸੋਚਾਂ ਪੈਦਾ ਹੋ ਜਾਂਦੀਆਂ ਹਨ। ਚੰਗੀ ਗਲ ਵੀ ਤੁਹਾਨੂੰ ਮੰਦੀ ਲਗਦੀ ਹੈ। ਜਿਥੇ ਤੁਹਾਨੂੰ ਫਾਇਦਾ ਹੋਣਾ ਹੁੰਦਾ ਹੈ ਉਹਦੇ ਵਿਚ ਤੁਹਾਡੀ ਤਵਜੋ ਹੀ ਨਹੀਂ ਜਾਂਦੀ, ਤੁਹਾਡਾ ਉਹਦੇ ਵਿਚ ਧਿਆਨ ਹੀ ਨਹੀਂ ਜਾਂਦਾ, ਉਸ ਕੰਮ ਨੂੰ ਕਰਨ ਵਾਸਤੇ ਉਹ ਤੁਹਾਡੇ ਪਾਸੋਂ ਹਿੰਮਤ ਖੋਹ ਲੈਂਦਾ ਹੈ ਸਿਰਫ ਰਬ ਇੰਨਾ ਕੰਮ ਕਰਦਾ ਹੈ। ਤੁਹਾਡੇ ਅੰਦਰ ਉਹ ਭੈ, ਡਰ ਪਾ ਦਿੰਦਾ ਹੈ, ਖੌਫ ਪੈਦਾ ਕਰ ਦਿੰਦਾ ਹੈ ਕਿ ਪਤਾ ਨਹੀਂ ਅਗਰ ਮੈਂ ਖੂਹ'ਚ ਛਾਲ ਮਾਰ ਦਿੱਤੀ ਤਾਂ ਮੈਂ ਮਰ ਨਾ ਜਾਵਾਂ। ਜਦੋਂ ਉਹਦੀ ਰਹਿਮਤ ਆ ਗਈ ਉਦੋਂ ਹਿੰਮਤ ਦੇ ਨਾਲ ਨਾਲ ਖੂਹ'ਚ, ਡਿੱਗੇ ਨੂੰ ਵੀ ਉਸਨੇ ਤਾਰ ਦੇਣਾ ਹੈ। ਕਹਿੰਦੇ ਹਨ ਕਿ ਕਿਸੇ ਚੋਰ ਨੇ ਚੋਰੀ ਕੀਤੀ ਔਰ ਉਹ ਚੋਰੀ ਕਰਕੇ ਦੋੜ ਪਿਆ। ਇਕ ਆਦਮੀ ਇਸ਼ਨਾਨ ਕਰ ਰਿਹਾ ਸੀ ਔਰ ਉਸਨੂੰ ਕਿਸੇ ਦਸਿਆ ਸੀ ਕਿ ਸਵੇਰੇ ਸਭ ਤੋਂ ਪਹਿਲੋਂ ਜਿਹੜਾ ਵੀ ਤੇਰੇ ਮਥੇ ਲਗੇ ਉਹ ਤੇਰਾ ਗੁਰੂ ਹੋਵੇਗਾ। ਉਹ ਚੋਰ ਚੋਰੀ ਕਰਕੇ ਦੌੜਦਾ ਆ ਰਿਹਾ ਸੀ ਅਗੋਂ ਉਹ ਉਸ ਆਦਮੀ ਦੇ ਮਥੇ ਲਗ ਗਿਆ ਉਸਨੇ ਚੋਰ ਦੇ ਪੈਰ ਫੜ ਲਏ ਔਰ ਉਹ ਆਖਣ ਲਗਾ ਕਿ ਤੁਸੀਂ ਮੇਰੇ ਗੁਰੂ ਹੋ। ਚੋਰ ਕਹਿਣ ਲਗਾ ਨਹੀਂ ਮੈਂ ਤਾਂ ਚੋਰ ਹਾਂ ਤੂੰ ਗ੍ਰਹਿਸਤੀ ਆਦਮੀ ਹੈਂ, ਪੁਲਿਸ ਫੜਕੇ ਲੈ ਜਾਊਗੀ ਔਰ ਉਥੇ ਤੈਨੂੰ ਮਾਰ ਪਵੇਗੀ। ਉਹ ਕਹਿਣ ਲਗਾ ਜੀ ਮੈਨੂੰ ਜੋ ਕਿਸੇ ਕਿਹਾ ਹੈ ਉਸ ਮੁਤਾਬਕ ਤੁਸੀਂ ਮੇਰੇ ਗੁਰੂ ਹੋ। ਉਹ ਕਹਿਣ ਲਗਾ ਕਿ ਅਛਾ ਬਈ ਜੇ ਅਸੀਂ ਤੇਰੇ ਗੁਰੂ ਹਾਂ ਤਾਂ ਤੂੰ ਜਦ ਵੀ ਕਿਸੇ ਚੰਗੇ ਕੰਮ ਜਾਣ ਲਗੇਂ ਤਾਂ ਜੈ ਜੈ ਅੰਬੇ ਬੋਲਿਆਂ ਕਰੀਂ ਪਰ ਇਕ ਧਿਆਨ ਰਖੀਂ ਕਿ ਕਿਸੇ ਔਰਤ ਨਾਲ ਗਲ ਨਾ ਕਰੀਂ। ਉਹ ਕਹਿਣ ਲਗਾ ਠੀਕ ਹੈ ਜੀ। ਉਹ ਆਦਮੀ ਉਥੇ ਹੀ ਬੈਠਕੇ ਜਾਪ ਤਾਪ ਕਰਨ ਲਗ ਪਿਆ। ਜੈ ਜੈ ਅੰਬੇ ਕਰਦੇ ਕਰਦੇ ਨੂੰ ਕਿਤੇ ਨਿੱਛ ਆ ਗਈ। ਉਹ ਅੰਬੇ ਦੀ ਬਜਾਏ ਖੜਦੰਬੇ ਹੋ ਗਿਆ, ਜੈ ਖੜਦੰਬੇ, ਜੈ ਖੜਦੰਬੇ। ਉਹ ਖੜਦੰਬੇ ਕਰਦਾ ਪਿਆ ਸੀ ਕਿ ਮਹੇਸ਼ ਤੇ ਉਮਾ ਜਿਸਨੂੰ ਅਸੀਂ ਸ਼ਿਵ ਤੇ ਪਾਰਬਤੀ ਕਹਿੰਦੇ ਹਾਂ ਉਹ ਕਿਤੇ ਸੈਰ ਤੇ ਚੜੇ ਹੋਏ ਸਨ। ਪਾਰਬਤੀ

ਆਖਣ ਲਗੀ ਕਿ ਸਵਾਮੀ ਮੈਂ ਤੁਹਾਡੇ ਬੜੇ ਹੀ ਨਾਂ ਸੁਣੇ ਹਨ। 107 ਨਾਂ ਤਾਂ ਮੈਂ ਹੀ ਤੁਹਾਡੇ ਨਾਲ ਭੁਗਤਾਨ ਕੀਤੇ ਹਨ ਔਰ 108 ਵਾਂ ਅਵਤਾਰ ਅਸਾਂ ਨੇ ਹੁਣ ਲਿਆ ਹੈ। ਜੈ ਖੜਦੰਬੇ ਕਿਹੜਾ ਗੁਰੂ, ਕਿਹੜਾ ਪੀਰ, ਕਿਹੜਾ ਭਗਤ, ਕਿਹੜਾ ਦੇਵੀ ਦੇਵਤਾ ਹੈ? ਅਗੋਂ ਉਹ ਆਖਣ ਲਗੇ ਹੇ ਉਮਾ ਇਹ ਮੇਰਾ ਹੀ ਨਾਮ ਹੈ। ਕਹਿਣ ਲਗੀ ਮੈਂ ਨਹੀਂ ਮੰਨ ਸਕਦੀ ਕਿ ਇਹ ਤੁਹਾਡਾ ਹੀ ਨਾਮ ਹੈ। ਉਹ ਕਹਿੰਦੇ ਕਿ ਮੈਂ ਤੈਨੂੰ ਕਹਿ ਦਿੱਤਾ ਕਿ ਇਹ ਮੇਰਾ ਹੀ ਨਾਮ ਹੈ ਜੇ ਸ਼ੱਕ ਹੈ ਤਾਂ ਮੇਰੇ ਭਗਤ ਕੋਲੋਂ ਜਾ ਕੇ ਪੁਛ ਲੈ। ਅਗੋਂ ਉਹ ਕਹਿੰਦੀ ਕਿ ਠੀਕ ਹੈ। ਜਦ ਉਹ ਭਗਤ ਕੋਲ ਆਈ ਤਾਂ ਅਗੋਂ ਭਗਤ ਨੂੰ ਉਹਦੇ ਗੁਰੂ ਨੇ ਦਸਿਆ ਹੋਇਆ ਸੀ ਕਿ ਤੂੰ ਬੋਲਣਾ ਨਹੀਂ। ਉਹ ਆਈ ਤਾਂ ਭਗਤ ਦੇ ਮੋਢੇ ਤੇ ਹਥ ਰਖਕੇ ਕਹਿਣ ਲਗੀ ਕਿ ਭਗਤ ਜੀ ਤੁਹਾਡਾ ਗੁਰੂ ਕਿਹੜਾ ਹੈ? ਅਗੋਂ ਭਗਤ ਨੇ ਵੇਖਿਆ ਕਿ ਇਹ ਤਾਂ ਅਵਾਜ ਕਿਸੇ ਜਨਾਨੀ ਦੀ ਹੈ ਤਾਂ ਉਸਨੂੰ ਆਪਣੇ ਗੁਰੂ ਦੀ ਗਲ ਯਾਦ ਆ ਗਈ। ਤਾਂ ਉਹ ਅਗੋਂ ਚੁਪ ਕਰ ਰਿਹਾ। ਫਿਰ ਉਸਨੇ ਪੁਛਿਆ ਤਾਂ ਫਿਰ ਚੁਪ ਰਿਹਾ। ਫਿਰ ਤੀਜੀ ਵਾਰੀ ਜਦ ਪੁਛਿਆ ਤਾਂ ਉਹ ਅਗੋਂ ਗੁੱਸੇਂਚ ਆਖਣ ਲਗਾ ਕਿ ਤੇਰਾ ਖਸਮ ਹੈ। ਉਹਨੇ ਸੋਚਿਆ ਕਿ ਇਸਨੂੰ ਗਲ ਐਹੋ ਜਿਹੀ ਕਹਿ ਦਿਉ ਕਿ ਇਹ ਭਜ ਜਾਵੇ। ਖਸਮ ਕਹਿਣਾ ਬਹੁਤ ਬੁਰਾ ਲਫਜ ਹੈ। ਪਰ ਭਗਤ ਦੇ ਕਹਿਣ ਤੇ ਉਹ ਇਕ ਦਮ ਪਿਛੇ ਹਟ ਗਈ ਔਰ ਕਹਿਣ ਲਗੀ ਕਿ ਨਾ ਇਹਨੇ ਅੱਖਾਂ ਖੋਲ੍ਹੀਆਂ, ਨਾ ਮੈਨੂੰ ਵੇਖਿਆ, ਇਹਨੂੰ ਕਿਸ ਤਰ੍ਹਾਂ ਪਤਾ ਹੈ ਕਿ ਮੇਰਾ ਉਹ ਖਸਮ ਹੈ। ਅਗੋਂ ਪਾਰਬਤੀ ਨੇ ਪੁਛਿਆ ਕਿ ਜੇ ਤੂੰ ਜਾਣਦਾ ਹੈਂ ਕਿ ਉਹ ਮੇਰਾ ਹੀ ਖਸਮ ਹੈ ਤਾਂ ਐਸ ਵਕਤ ਉਹ ਕਿਥੇ ਹੈ? ਭਗਤ ਅਗੋਂ ਕਹਿੰਦਾ ਢੱਠੇ ਖੂਹ'ਚ। ਉਸਨੇ ਤਾਂ ਆਪਣੇ ਵੱਲੋਂ ਸੋਚਿਆ ਕਿ ਮਾੜੀ ਗਲ ਕਰਾਂਗਾ ਤਾਂ ਭੱਜ ਜਾਏ ਗੀ ਉਸਨੇ ਕਿਹਾ ਕਿ ਭਗਤ ਜੀ ਅਖਾਂ ਖੋਲ੍ਹ ਲਵੋ। ਵਾਕਿਆ ਈ ਇਕ ਢੱਠੇ ਜਿਹੇ ਖੂਹ ਤੇ ਮਹਾਰਾਜ ਜੀ ਬੈਠੇ ਸਨ। ਉਨ੍ਹਾਂ ਕਿਹਾ ਪ੍ਰਭੂ ਆ ਜਾਉ। ਮਹਾਰਾਜ ਆ ਗਏ ਕਹਿਣ ਲਗੇ ਭਗਤਾ ਅੱਖਾਂ ਖੋਲ ਸਾਡੇ ਦਰਸ਼ਨ ਕਰ, ਦਰਸ਼ਨ ਹੋ ਗਏ। ਭਾਵ ਅਸਾਂ ਨਾਮ ਦੀ ਮਹਿਮਾ ਬਿਆਨ ਕੀਤੀ ਹੈ ਜਿਸਦਾ ਕੋਈ ਅਲਫਾਜ਼ ਨਹੀ ਅੰਬੇ ਜਾਂ ਖੜਦੰਬੇ। ਇਸ ਵਾਸਤੇ ਜੋ ਨਾਮ ਦੀ ਅਵਸਥਾ ਹੈ ਇਹ ਪ੍ਰੇਮ ਦੀ ਅਵਸਥਾ ਹੈ ਔਰ ਭਾਵਨਾ ਤੇ ਇਰਾਦੇ ਉਪਰ ਇਹ ਬਰਸਦੀ ਹੈ ਵੈਸੇ ਨਹੀਂ।

***ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ, ਅਨਦਿਨੁ ਨਾਮੁ ਵਖਾਣੇ।***
***ਭਗਤਾਂ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੇ ਮਨਿ ਭਾਣੇ।।***

ਇਥੇ ਕਾਫੀ ਲੋਕ ਬੈਠੇ ਹਨ ਪਰ ਉਨ੍ਹਾਂ ਦਾ ਧਿਆਨ ਇਧਰ ਨਹੀ ਹੈ। ਬਹੁਤੇ ਤਾਂ ਵਾਕ ਬਾਰੇ ਸੋਚਦੇ ਹਨ ਕਿ ਪਹਿਲਾਂ ਕੋਈ ਹੋਰ ਲੈਂਦੇ ਸਨ ਪਰ ਹੁਣ ਕੋਈ ਹੋਰ ਲੈਂਦੇ ਹਨ; ਜੋ ਰਸ ਪਹਿਲਾਂ ਆਉਂਦਾ ਹੁੰਦਾ ਸੀ ਹੁਣ ਨਹੀਂ ਆਉਂਦਾ। ਕਿਉਂ ਨਹੀਂ ਆਉਂਦਾ? ਇਹ ਸਾਰੀ ਸੋਚ ਸਾਡੀ ਆਪਣੀ ਆਪਣੀ ਹੈ। ਉਹਦੇ ਪ੍ਰਤੀ ਤੁਹਾਨੂੰ ਲੋਕਾਂ ਨੂੰ ਕੋਈ ਵਿਚਾਰਧਾਰਾ ਨਹੀਂ ਕਰਨੀ ਚਾਹੀਦੀ ਕਿਉਂਕਿ ਜਦੋਂ ਉਹਦੀ ਰਹਿਮਤ ਹੁੰਦੀ ਹੇ ਤਾਂ ਉਹ ਸਵਾਦ ਨਹੀਂ ਵੇਖਦਾ ਇਹ ਤੁਹਾਡੇ ਲੋਕਾਂ ਦੇ ਸਭ ਬਾਹਰੀ ਖਿਆਲ ਹਨ ਔਰ ਇਨ੍ਹਾਂ ਖਿਆਲਾਂ ਵਿਚ ਤੁਹਾਨੂੰ ਨਹੀਂ ਉਲਝਣਾ ਚਾਹੀਦਾ। ਜਿਹੜਾ ਉਹ ਦਾਤਾ ਹੈ ਉਹ ਦੇਵਣਹਾਰ ਹੈ ਔਰ ਦੇਵਣਯੋਗ ਹੈ। ਉਹ ਹਰ ਚੀਜ ਖੁਲ੍ਹੀ ਦਿੰਦਾ ਹੈ ਔਰ ਬੇਸ਼ੁਮਾਰ ਦਿੰਦਾ ਹੈ ਇਹ ਸੰਭਾਲਣ ਵਾਲੇ ਦੇ ਹਥ ਹੈ। ਸੋ ਤੁਸੀਂ ਇਹ ਜੋ ਬੋਲ ਹਨ ਇਹਦਾ ਰਸ ਨਹੀਂ ਮਾਨਣਾ ਇਸਨੂੰ ਸੰਭਾਲਣਾ ਹੈ। ਖਿਆਲਾਂ'ਚ ਮਤ ਉਲਝੋ, ਇਥੇ ਬੈਠੇ ਹੋਏ ਵੀ ਅਸੀਂ ਆਪਣੇ ਘਰਾਂ ਤਕ ਪਹੁੰਚੇ ਹੋਏ ਹੁੰਦੇ ਹਾਂ। ਇਥੇ ਜੋ ਸਾਡੇ ਆਪਣੇ ਆਪਣੇ ਖਿਆਲ ਜਿਨੇ ਵੀ ਉਲਝੇ ਹੋਏ ਹਨ ਉਹ ਸਿਰਫ ਸਾਡੀ ਆਪਣੀ ਸੋਚ ਹੈ ਔਰ ਉਹ ਸੋਚ ਸਿਰਫ ਸਾਡੇ ਤੀਕਰ ਹੀ ਸੰਬੰਧ ਰਖਦੀ ਹੈ ਕਿਤੇ ਹੋਰ ਨਹੀਂ। ਅਗਰ ਤੁਸੀਂ ਇਥੇ ਬੈਠੇ ਹੋਏ ਇਨ੍ਹਾਂ ਖਿਆਲਾਂ ਵਿਚ ਹੀ ਉਲਝਣਾ ਹੈ ਤਾਂ ਮੇਰਾ ਖਿਆਲ ਹੈ ਕਿ ਇਸ ਨਾਲੋਂ ਬਿਹਤਰ ਇਹੀ ਹੈ ਕਿ ਤੁਸੀ ਆਪਣੇ ਆਪਣੇ ਘਰਾਂ ਚ ਬੈਠਿਆ ਕਰੋ ਜਿਹਦੇ ਨਾਲ ਤੁਹਾਨੂੰ ਕੁਝ ਮਿਲ ਸਕੇ, ਕਮ ਸੇ ਕਮ ਤੁਹਾਡਾ ਧਿਆਨ ਤਾਂ ਇਕ ਰਹੇਗਾ। ਇਹ ਭਗਤ ਕਮਾਈ, ਨਾਮ ਦਾ ਜਾਪ-ਤਾਪ ਸੰਤਾਂ ਦੀ ਮਹਿਮਾ ਜਿੰਨੀ ਵੀ ਹੈ ਉਹ ਸਿਰਫ ਇਸ Base ਤੇ ਹੈ ਕਿ ਤੁਸੀ ਕਿਸੇ ਨਾਮੀ ਪੁਰਖ ਪਾਸ ਜਾ ਕੇ ਆਪਣਾ ਰਸ ਔਰ ਅਨੰਦ ਮਾਣੋ, ਜੇ ਤੁਸੀਂ ਨਹੀਂ ਮਾਣ ਸਕਦੇ ਤਾਂ ਫਿਰ ਤੁਹਾਨੂੰ ਮੁਸ਼ਕਿਲ ਪਵੇਗੀ। ਕਾਹਦੀ ਮੁਸ਼ਕਿਲ? ਉਹ ਮੁਸ਼ਕਿਲ ਇਹ ਨਹੀ ਪਵੇਗੀ ਕਿ ਤੁਹਾਨੂੰ ਕੋਈ ਤਕਲੀਫਾਂ ਆ ਜਾਵਣਗੀਆਂ। ਮੁਸ਼ਕਿਲ ਸਿਰਫ ਤੁਹਾਨੂੰ ਇਹ ਪਵੇਗੀ ਕਿ ਦੁਬਾਰਾ ਫਿਰ ਤੁਹਾਨੂੰ ਜਨਮ ਲੈਣਾ ਪਵੇਗਾ। ਇਹ ਜਾਮਾ ਬੇਕਾਰ ਮਤ ਗਵਾਉ; ਮਰਨ ਤੋਂ ਬਾਅਦ ਕੋਈ ਅਮੀਰੀ ਨਹੀਂ ਮਿਲਣੀ, ਮਰਨ ਤੋਂ ਬਾਅਦ ਤੁਹਾਨੂੰ ਕਿਸੇ ਦਾ ਸਾਥ ਨਹੀਂ ਮਿਲਣਾ ਜੀਉਂਦੇ ਜੀਅ ਸਭ ਕੁਛ ਪਾਉ, ਤੁਹਾਨੂੰ ਇਹ ਮੌਕੇ ਮਿਲੇ ਹਨ। ਜੇਕਰ ਜੀਉਂਦੇ ਜੀ ਤੁਸੀਂ ਕੁਝ ਨਹੀਂ ਪਾ ਸਕਦੇ ਤਾਂ ਕਿਸੇ ਨੂੰ ਕੁਝ ਦੇਣਾ ਹੀ ਸਿਖ ਲਉ। ਤੁਸੀ ਕੀ ਜਾਣੋ ਉਹਦੀ ਰਹਿਮਤ ਨੂੰ? ਉਹ ਸਿਰਫ ਸਾਨੂੰ ਪੁਛੋ। ਅਸੀ ਆਪਣੇ ਐਤਵਾਰ ਦੇ

ਸਤਿਸੰਗ ਅੰਦਰ ਅਪੀਲ ਕੀਤੀ ਸੀ ਕਿ:-
ਜਿਹੜੇ ਲੋਕ ਆਪਣੇ ਮੁਰਸ਼ਦ ਤੇ ਜਾਂ ਆਪਣੇ ਰਬ ਤੇ ਪੂਰਾ ਵਿਸ਼ਵਾਸ ਲੈ ਆਉਂਦੇ ਹਨ ਭਾਵ ਯਕੀਨ ਲੈ ਆਉਂਦੇ ਹਨ ਉਹ ਉਹਦੇ ਦੁਖ ਸੁਖ ਨੂੰ ਤੋਲਦੇ ਨਹੀਂ ਬਲਕਿ ਉਹਦੀ ਮੌਜ, ਭਾਣਾ ਸਮਝਦੇ ਹਨ।"
ਭਾਵ ਚਾਹੇ ਉਹ ਮੌਤ ਦੇ ਦੇਵੇ 'ਚਾਹੇ ਉਹ ਜ਼ਿੰਦਗੀ ਦੇ ਦੇਵੇ। ਉਹ ਕਹਿੰਦੇ ਹਨ ਕਿ ਜੋ ਤੈਨੂੰ (ਰਬ) ਚਾਹਿਆ ਹੈ ਉਹ ਮਨਜ਼ੂਰ ਹੈ, ਤੂੰ ਜੋ ਵੀ ਚਾਹਿਆ ਹੈ ਉਹ ਠੀਕ ਏ। ਜਿਹੜੇ ਲੋਕ ਉਨ੍ਹਾਂ ਦੀਆਂ ਦਿੱਤੀਆਂ ਹੋਈਆਂ ਚੀਜਾਂ ਨੂੰ ਚੰਗੀ, ਮੰਦੀ ਤੁਲਨਾ'ਚ ਲੈ ਆਉਂਦੇ ਹਨ ਉਹ ਲੋਕ ਕਦੇ ਵੀ ਆਪਣੀਆਂ ਰਾਹਾਂ ਤੇ ਨਾ ਸਫਲ ਹੋਏ ਨੇ ਔਰ ਨਾ ਹੋਵਣਗੇ। ਉਨ੍ਹਾਂ ਦੂਜੇ ਨੂੰ ਸਫਲ ਕੀ ਕਰਨਾ ਹੈ? ਜਿਹੜੇ ਅਜ ਤਕ, ਆਪਣੇ ਰਾਹਾਂ ਤੇ ਆਪ ਸਫਲ ਨਹੀਂ ਹੋ ਸਕੇ। "ਜਿਹੜਾ ਉਹਦੀ ਦਿੱਤੀ ਹੋਈ ਹਰ ਚੀਜ ਨੂੰ ਉਹਦਾ ਸ਼ੁਕਰ ਜਾਂ ਉਹਦਾ ਪ੍ਰਸ਼ਾਦਿ ਸਮਝਕੇ ਕਬੂਲ ਕਰ ਲੈਂਦਾ ਹੈ। ਮੇਰਾ ਦਾਤਾ ਕਹਿੰਦਾ ਹੈ ਕਿ ਮੈ ਉਸਨੂੰ ਕਬੂਲ ਕਰ ਲੈਂਦਾ ਹਾਂ।" ਉਸਨੂੰ ਕਬੂਲ ਹੋ ਜਾਣਾ ਸਾਡੀ ਖੁਸ਼ਕਿਸਮਤੀ ਨਹੀਂ ਨਾ ਸਾਡੇ ਨੇਕ ਨਸੀਬ ਨੇ। ਨਹੀਂ ! ਇਹ ਨਾ ਸਾਡੀ ਖੁਸ਼ਕਿਸਮਤੀ ਹੈ ਔਰ ਨਾ ਨੇਕ ਨਸੀਬ ਹਨ ਇਹ ਉਹਦੀ ਮਿਹਰ ਹੈ ਕਿ ਉਸਨੇ ਸਾਨੂੰ ਆਪਣੇ ਕੋਲ (ਘਰ) ਪ੍ਰਵਾਨ ਕੀਤਾ ਹੈ। ਜੇ ਅਸੀ ਕਹੀਏ ਕਿ ਸਾਡੇ'ਚ ਗੁਣ ਸਨ, ਖੂਬੀਆਂ ਸਨ, ਅਸੀ ਨੇਕ ਸਾਂ, ਬਹੁਤ ਚੰਗੇ ਸਾਂ, ਤਾਂ ਉਹ ਸਾਡੇ ਤੇ ਦਿਆਲ ਹੋਇਆ ਹੈ। ਨਹੀਂ ! ਅਸੀ ਸਭ ਤੋਂ ਮਾੜੇ ਕਰਮ ਕੀਤੇ ਹਨ ਜਿਸ ਕਰਕੇ ਸਾਨੂੰ ਉਸਨੇ ਗਲ ਨਾਲ ਲਾਇਆ ਹੈ। ਬਹੁਤ ਵਾਰੀ ਅਸੀ ਆਪਣੇ ਸਤਿਸੰਗਾਂ'ਚ ਇਹ ਅਪੀਲ ਕੀਤੀ ਹੈ ਕਿ ਹਮੇਸ਼ਾਂ ਹੀ ਯੁਗਾਂ ਯੁਗਾਂਤਰਾਂ ਤੋਂ ਪੂਰਨ ਪੁਰਖ ਧਰਤੀ ਤੇ ਮਾੜੇ ਲੋਕਾਂ ਨੂੰ ਗਲ ਨਾਲ ਲਾਵਣ ਆਉਂਦੇ ਹਨ। ਉਨ੍ਹਾਂ ਦੀ ਸੰਗਤ ਵਿਚ ਸਾਧੂ ਆਵੇ ਜਾਂ ਠੱਗ ਆਵੇ, ਸ਼ੈਤਾਨ ਆਵੇ ਜਾਂ ਚੋਰ ਆਵੇ, ਦਾਤਾ ਆਵੇ ਜਾਂ ਦੀਨ ਆਵੇ, ਰਾਜਾ ਆਵੇ ਜਾਂ ਰੰਕ ਆਵੇ ਉਨ੍ਹਾਂ ਨੇ ਸਭਨਾਂ ਨੂੰ ਗਲ ਨਾਲ ਲਾਣਾ ਹੈ। ਜਿਸ ਤਰ੍ਹਾਂ ਕਈ ਵਾਰੀ ਅਸੀ ਆਪਣੇ ਵਲੋਂ ਆਪਣੇ ਰਬ ਨੂੰ ਇਹ ਆਖ ਦਿੰਦੇ ਹਾਂ ਕਿ:-
"ਹੇ ਦਾਤਾ ਤੂੰ ਬਹੁਤ ਮਿਹਰਬਾਨ ਤੇ ਨਿਗਾਹਵਾਨ ਹੈਂ। ਜਿਹੜਾ ਤੂੰ ਮੇਰੀਆਂ ਤਕਸੀਰਾਂ ਤੇ ਖਤਾਵਾਂ ਨੂੰ ਨਾਂ ਤਕਦੇ ਹੋਇਆਂ ਆਪਣੀ ਗੋਦ ਦਿੱਤੀ ਹੈ, ਆਪਣਾ ਯਸ਼ ਦਿੱਤਾ ਹੈ, ਤੂੰ ਮਾਣ ਦਿੱਤਾ ਹੈ। ਮੇਰੇ'ਚ ਦਾਤਾ ਕੋਈ ਖੂਬੀ ਜਾਂ ਗੁਣ ਨਹੀ ਸਨ ਮੇਰੇ'ਚ ਕੋਈ ਵਡਿਆਈ ਨਹੀਂ ਸੀ ਇਹ ਸਿਰਫ ਤੇਰੀ ਚਤੁਰਾਈ ਸੀ ਕਿ ਤੂੰ ਚਤੁਰ ਦਿਸ਼ਾਂ ਵਿਚ

ਆਪ ਹੀ ਵਸਦਾ ਹੈਂ। ਇਹ ਤੇਰੀ ਚਤੁਰਾਈ ਤੇਰੀ ਮਿਹਰਬਾਨੀ ਸੀ ਕਿ ਤੂੰ ਮੈਨੂੰ ਗਲ ਨਾਲ ਲਾਇਆ ਹੈ; ਮੇਰੇ ਆਪਣੇਂਚ ਕੋਈ ਖੂਬੀ ਨਹੀਂ ਸੀ।

ਇਸ ਤਰ੍ਹਾਂ ਸਾਨੂੰ ਸਾਰਿਆਂ ਨੂੰ ਆਪਣੇ ਵਿਚੋਂ ਹਮੇਸ਼ਾਂ ਹੀ ਆਪਣੀਆਂ ਤਕਸੀਰਾਂ ਭਾਵ ਗਲਤੀਆਂ ਦੀ ਖੋਜ ਕਰਨੀ ਚਾਹੀਦੀ ਹੈ। ਜਿਸ ਰਾਹ ਤੋਂ ਅਸੀ ਖੁੰਝੇ ਹਾਂ, ਜਿਸ ਰਾਹ ਤੋਂ ਸਾਨੂੰ ਰੁਕਾਵਟ ਆਈ ਹੈ, ਜਿਸ ਰਾਹ ਤੋਂ ਮੁਸ਼ਕਿਲ ਪੇਸ਼ ਆਈ ਹੈ ਉਸ ਰਾਹ ਤੇ ਜੇ ਚਲੀਏ ਤਾਂ ਮਜਬੂਤ ਹੋ ਕੇ ਚਲੀਏ, ਜੇ ਨਹੀਂ ਚਲਣਾ ਤਾਂ ਫਿਰ ਉਹਦਾ ਪਤਾ ਨਾ ਪੁਛੀਏ। ਜਿਸ ਤਰ੍ਹਾਂ ਬਹੁਤ ਵਾਰੀ ਅਸੀ ਛੋਟੇ ਲਫਜਾਂ ਵਿਚ ਬੜੇ ਅਛੇ ਢੰਗ ਨਾਲ ਨਿਚੋੜ ਦਿੱਤਾ ਹੈ ਕਿ ਕੰਡਿਆਂ ਵਾਲੇ ਰਸਤਿਆਂ ਚੋਂ ਕੰਡੇ ਚੁਗਣ ਦੀ ਬਜਾਏ ਜੇ ਆਪਣੇ ਪੈਰਾਂ 'ਚ ਮਜਬੂਤ ਜੁੱਤੀ ਪਾ ਲਈ ਜਾਵੇ ਤਾਂ ਕੰਡਿਆਂ ਵਾਲਾ ਸਫਰ ਜਲਦੀ ਤੈਅ ਹੋ ਜਾਵੇਗਾ। ਜੇ ਤੁਸੀ ਉਹ ਕੰਡੇ ਚੁਜਣ ਲਗ ਜਾਵੋਗੇ ਤਾਂ ਕੰਡੇ ਚੁਗੇ ਨਹੀਂ ਜਾਵਣਗੇ । ਸਮਾਂ ਬਹੁਤ ਛੋਟਾ ਹੈ ਗੁਜਰ ਜਾਵੇਗਾ, 70-80 ਸਾਲ ਦਾ ਇਹ ਜਾਮਾ ਆਖਰ ਫਨਾਹ ਹੈ। ਇਸ ਲਈ ਮਜਬੂਤ ਜੁੱਤੀ ਪਾ ਲਵੋ ਕੰਡੇ ਚੁਗਣ ਦੀ ਕੋਈ ਜਰੂਰਤ ਨਹੀਂ। ਜਿਹੜੀਆਂ ਰੁਕਾਵਟਾਂ ਜਿਹੜੀਆਂ ਕਮਜੋਰੀਆਂ ਤੁਹਾਡੇ ਅੰਦਰ ਆ ਜਾਂਦੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ, ਉਨ੍ਹਾਂ ਨੂੰ ਯਾਦ ਨਾ ਕਰੋ। ਜਿਹੜਾ ਸਮਾਂ ਲੰਘ ਗਿਆ ਹੈ ਉਹ ਮੁੜ ਵਾਪਸ ਨਹੀਂ ਆਉਂਦਾ। ਅਸਾਂ ਅਗੇ ਵੀ ਬਹੁਤ ਵਾਰ ਸਤਿਸੰਗਾਂ ਵਿਚ ਅਪੀਲ ਕੀਤੀ ਹੈ ਕਿ ਢਲਦਾ ਹੋਇਆ ਪਰਛਾਵਾਂ, ਗਈ ਹੋਈ ਧੁੱਪ, ਵਗਦਾ ਹੋਇਆ ਦਰਿਆਵਾਂ ਦਾ ਪਾਣੀ ਕਦੇ ਵਾਪਸ ਨਹੀਂ ਮੁੜਿਆ। ਅਗਰ ਕੋਈ ਖਤਾ, ਗਲਤੀ ਜਾਂ ਭੁਲ ਤੁਹਾਡੇ ਕੋਲੋਂ ਹੋ ਗਈ ਹੈ ਉਸਨੂੰ ਵਿਸਾਰਕੇ, ਕੋਈ ਨਵੀਂ ਚੀਜ਼ ਪਾਵਣ ਦਾ ਜੇ ਤੁਹਾਡੇਂਚ ਕੋਈ ਚਾਅ ਪੈਦਾ ਹੋਇਆ ਹੈ ਤਾਂ ਫਿਰ ਜਮਾਨੇ ਨੂੰ ਭੁਲ ਜਾਵੋ ਅਤੇ ਆਪਣੇ ਜਨੂੰਨ, ਜਿਸਮ ਤੇ ਜ਼ਮੀਰ ਨੂੰ ਕਿਸੇ ਦੇ ਹਵਾਲੇ ਕਰ ਦਿਉ। ਫਿਰ ਆਪਣੇ ਆਪ ਹੀ ਤੁਹਾਡੀਆਂ ਜੰਜੀਰਾਂ ਦਾ ਫੰਦਾ ਉਹ ਤੋੜ ਦੇਵੇਗਾ।. ਜਿੰਨਾ ਚਿਰ ਤਕ ਤੁਸੀ ਇਨ੍ਹਾਂ ਰਾਹਾਂ ਤੋਂ ਵਾਪਿਸ ਨਹੀਂ ਮੁੜਦੇ ਉਹ (ਰਬ) ਕਹਿੰਦਾ ਹੈ ਕਿ "ਮੈਂ ਵੀ ਤੁਹਾਨੂੰ ਰਸਤਾ ਨਹੀਂ ਦੇਣਾ"। ਕਲ੍ਹ ਅਸੀ ਫਿਰ ਇਕ ਥਾਂ ਆਖਿਆ ਸੀ ਕਿ "ਜਦੋਂ ਤੁਸੀ ਝੂਠ ਨੂੰ ਬਿਲਕੁਲ ਛਡਣ ਲਈ ਤਿਆਰ ਹੋ ਜਾਵੋਗੇ। ਉਦੋਂ ਮੇਰਾ ਰਬ ਆਖਦਾ ਹੈ ਕਿ ਮੈਂ ਤੁਹਾਨੂੰ ਸੱਚਾ ਰਸਤਾ ਤੇ ਸੱਚ ਬੋਲਣ ਦੀ ਹਿੰਮਤ ਦੇ ਦੇਵਾਂਗਾ, ਚਾਹੇ ਮੌਤ ਵੀ ਕਿਉਂ ਨਾ ਆ ਜਾਵੇ ਜੇ ਤੁਸੀ ਝੂਠ ਬੋਲਣਾ ਛਡ ਦੇਵੋਗੇ। ਪਰ ਜਿਨ੍ਹਾਂ ਚਿਰ ਤਕ ਤੁਸੀ ਝੂਠ ਬੋਲਣਾ ਨਹੀਂ ਛਡਦੇ ਤੁਹਾਨੂੰ ਹਰ ਰਸਤੇ ਤੋਂ ਮੌਤ ਨਜ਼ਰ ਆਵੇਗੀ ਔਰ ਇਸ ਤਰ੍ਹਾ ਮੈਂ ਤੁਹਾਨੂੰ ਕਦੇ

ਵੀ ਸਚ ਨਹੀਂ ਦਿਆਂਗਾ"

***"ਸਚੇ ਮਾਰਗੁ ਚਲਦਿਆਂ ਉਸਤਤਿ ਕਰੇ ਜਹਾਨ"***

ਸਚ ਇਕ ਵਾਰੀ ਬੋਲਿਆ ਜਾਂਦਾ ਹੈ। "ਤੁਸੀ ਸਚ ਬੋਲਣਾ ਸਿਖ ਲਵੋ, ਉਹ ਕਹਿੰਦਾ ਹੈ ਤੁਹਾਡਾ ਝੂਠ ਮੈਂ ਆਪਣੇ ਆਪ ਹੀ ਦੂਰ ਕਰ ਦਿਆਂਗਾ।" ਤੁਸੀਂ ਕਿਸੇ ਦੇ ਗੁਨਾਹਾਂ ਤੇ ਪੜਦਾ ਪਾਉਣਾ ਸ਼ੁਰੂ ਕਰ ਦਿਉ ਤੁਹਾਡੇ ਗੁਨਾਹਾਂ ਨੂੰ ਉਹ ਕਹਿੰਦਾ ਹੈ ਕਿ ਮੈਂ ਢੱਕ ਲਵਾਂਗਾ। ਮੇਰਾ ਰਬ ਕਹਿੰਦਾ ਹੈ ਕਿ "ਤੁਸੀਂ ਦੇਣ ਵਾਸਤੇ ਤਿਆਰ ਹੋਵੋ ਲੈਣ ਦੀ ਮੈਨੂੰ ਕੋਈ ਕਮੀ ਨਹੀਂ ਮੈਂ ਤੁਹਾਡੇ ਸਾਰੇ ਗੁਨਾਹ ਲੈ ਲਵਾਂਗਾ, ਪਰ ਗੁਣ ਨਹੀਂ। ਤੁਸੀ ਲੈਣ ਵਾਸਤੇ ਤਿਆਰ ਹੋਵੋ ਮੇਰੇ ਕੋਲ ਦੇਣ ਦੀ ਕਮੀ ਨਹੀਂ। ਮੈਂ ਸਾਰੀ ਦੁਨੀਆਂ ਦੇ ਗੁਣ ਅਤੇ ਖਜਾਨੇ ਤੁਹਾਡੀਆਂ ਝੋਲੀਆਂ'ਚ ਪਾ ਦੇਵਾਂਗਾ।"

ਸੋ ਇਸ ਲਈ ਸਾਨੂੰ ਸਾਰਿਆਂ ਨੂੰ ਉਹ ਭਗਤ ਕਮਾਈ ਉਹ ਚੀਜ਼ ਦਸੀ ਗਈ ਹੈ ਜਿਹੜੀ ਕਿ ਸਾਹਿਬ ਦੇ ਫੁਰਮਾਨ'ਚ ਸੀ।

***"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ।"***

# ਨਾਨਕ ਨਾਮ ਚੜ੍ਹਦੀ ਕਲਾ।
# ਤੇਰੇ ਭਾਣੇ ਸੰਰਬੱਤ ਦਾ ਭਲਾ।।

ਅਸੀਂ ਤਮਾਮ ਦੁਨੀਆਂ ਦੇ ਜੀਵ ਦੁਨੀਆਂ ਦੇ ਨਾਸਵਾਨ ਪਦਾਰਥ ਅਤੇ ਧਨ ਇਕਠਾ ਕਰਨ ਵਿਚ ਦਿਨਰਾਤ ਮਾਰੇ ਮਾਰੇ ਫਿਰਦੇ ਰਹਿੰਦੇ ਹਾਂ। ਜਿਸਦੇ ਕਾਰਨ ਸਾਡੇ ਪਾਸੋਂ ਸਾਡਾ ਪ੍ਰਮਾਤਮਾਂ ਵਿਛੱੜ ਜਾਂਦਾ ਹੈ ਔਰ ਅਸੀਂ ਉਸ ਪ੍ਰਮਾਤਮਾ ਨੂੰ ਭੁਲਕੇ ਮਾਇਆ ਦੇ ਜਾਲ ਵਿਚ ਫਸ ਜਾਂਦੇ ਹਾਂ। ਆਖਰ ਕਾਰ ਉਹ ਪ੍ਰਮਾਤਮਾ, ਪ੍ਰਮਾਤਮਾ ਹੀ ਹੈ। ਸਾਡੇ ਨਾਲ ਸਾਡੀ ਜਾਵਣ ਵਾਲੀ ਜਿਹੜੀ ਅਸਲੀ ਚੀਜ ਹੈ, ਉਹ ਕੇਵਲ ਇਕ ਪ੍ਰਮਾਤਮਾ ਦਾ ਰਾਮ ਨਾਮ ਹੈ, ਜਿਸਦੀ ਮਹਿਮਾ ਗੁਰੂ ਗ੍ਰੰਥ ਸਾਹਿਬ ਅੰਦਰ ਬਾਰ ਬਾਰ, ਹਰ ਪਤਰੇ ਔਰ ਹਰ ਤੁਕ ਨੇ ਕੀਤੀ ਹੈ। ਰਾਮ ਨਾਮ ਦੀ ਜੋ ਪ੍ਰਾਪਤੀ ਹੈ ਉਹ ਸਾਨੂੰ ਸੰਤ ਸ਼ਰਨ ਤੋਂ ਇਲਾਵਾ ਹਾਸਿਲ ਨਹੀਂ ਹੋ ਸਕਦੀ। ਬਾਕੀ ਅਸੀਂ ਜਿੰਨੀਆਂ ਵੀ ਸਾਧਨਾ, ਜੁਗਤੀਆਂ ਅਭਿਆਸ, ਤਪਸਿਆ, ਹਠਯੋਗ ਕਰਦੇ ਹਾਂ ਉਹ ਸਾਡੀ ਆਤਮਿਕ ਸ਼ਕਤੀ ਬਣਉਦੀਆਂ ਹਨ। ਉਸਦੇ ਰਾਹੀਂ ਹੀ ਸਾਨੂੰ ਪ੍ਰਮਾਤਮਾ ਨਾਲ ਵਸੱਲ ਅਤੇ ਪੂਰਨ ਮੁਰਸ਼ਦ ਦੀ ਸ਼ਰਨ ਮਿਲਦੀ ਹੈ। ਜਿਸ ਤਰ੍ਹਾਂ ਕਿ ਅਸੀਂ ਕਈ ਵਾਰੀ ਸਾਦੇ ਲਫਜਾਂ ਵਿਚ ਸਮਝਾਇਆ ਹੈ ਕਿ ਪ੍ਰਮਾਤਮਾ ਜਦ ਸਾਡੇ ਬਾਹਰਲੇ ਧਿਆਨਾਂ, ਬਾਹਰੀ ਕੰਮਾਂ ਕਾਰਾਂ ਤੇ ਦਿਆਲ ਜਾਂ ਮਿਹਰਵਾਨ ਹੁੰਦਾ ਹੈ, ਜਿਸ ਤਰ੍ਹਾਂ ਪੁੰਨ ਦਾਨ, ਭਗਤੀ, ਪਾਠ ਪੂਜਾ, ਤੀਰਥਾਂ ਦੇ ਇਸ਼ਨਾਨ, ਵੇਦਾਂ ਕਤੇਬਾਂ ਦੇ ਧਿਆਨ, ਇਨ੍ਹਾਂ ਸਭਨਾਂ ਤੇ ਮਿਹਰਵਾਨ ਹੋ ਕੇ ਸਾਨੂੰ ਕਿਸੇ ਪੂਰਨ ਜਾਂ ਨਾਮੀ ਸੰਤ ਨਾਲ ਮਿਲਾਉਂਦਾ ਹੈ। ਉਸਦੇ ਮਿਲਾਪ 'ਚ ਸਾਨੂੰ ਨਾਮ ਜਾਂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ।

ਸ਼ਬਦਿ ਕਮਾਈ ਕਰਕੇ ਅਸੀਂ ਉਸ ਨਾਲ ਜਾ ਕੇ ਜੁੜਦੇ ਹਾਂ ਜਿਹੜਾ ਪ੍ਰਮਾਤਮਾ ਦਾ ਸੱਚਾ ਨਾਮ ਹੈ। ਉਸਨੂੰ ਕਬੀਰ ਸਾਹਿਬ ਨੈ ਰਾਮ ਨਾਮ ਕਹਿਕੇ ਯਾਦ ਕੀਤਾ ਹੈ। ਰਿੱਖੀਆਂ ਮੁੰਨੀਆਂ ਨੇ ਉਸਨੂੰ ਗੁਰ ਦੀ ਬਾਣੀ, ਧੁਰ ਕੀ ਬਾਣੀ, ਸੱਚੀ ਬਾਣੀ, ਨਿਰਮਲ ਬਾਣੀ, ਹਾਕਮ, ਕਥਾ, ਅਕੱਥਾ, ਰਾਮੈ ਰਾਮੈ, ਰਾਮੈਨੰਦ, ਕਹਿਕੇ ਮੰਨਿਆ ਹੈ। ਮੁਸਲਮਾਨ ਫਕੀਰਾਂ ਨੇ ਕਲਮੇ ਈਲਾਹੀ, ਬਾਂਗੇ ਅਸਮਾਨੀ, ਮੁਕਾਮੇ ਹਕ ਅਤੇ ਅਸਾਮੇ ਅਜ਼ਮ ਕਹਿਕੇ ਵੀ ਯਾਦ ਕੀਤਾ ਹੈ। ਕਰਾਈਸਟ ਨੇ ਉਸਨੂੰ ਵਰਡ ਔਰ LOGASਕਹਿਕੇ ਫੁਰਮਾਇਆ ਹੈ। ਬ੍ਰਾਹਮਣਾ ਨੇ ਉਸਨੂੰ ਜਾਪ ਤਾਪ, ਪੁੰਨ ਦਾਨ,

ਪਾਠ ਪੂਜਾ ਕਹਿਕੇ ਵੀ ਸਾਨੂੰ ਦਸਿਆ ਜਾਂ ਸਮਝਾਇਆ ਹੈ। ਇਨ੍ਹਾਂ ਸਾਰਿਆਂ ਦਾ ਵਰਨਣ ਰਾਮ ਨਾਮ ਦੇ ਨਾਲ ਹੈ। ਉਹ ਅਲਫਾਜੀ ਨਹੀਂ ਹੈ ਕਿਉਂਕਿ ਨਾਮ ਕੋਈ ਅਲਫਾਜ ਨਹੀਂ ਹੈ। ਜੇਕਰ ਨਾਮ ਅਲਫਾਜ਼ ਹੁੰਦਾ ਤਾਂ ਕਿਤਾਬਾਂ ਭਰੀਆਂ ਪਈਆਂ ਸਨ। ਨਾਮ ਦੀ ਕੋਈ ਭਾਸ਼ਾ ਨਹੀਂ ਹੈ। ਨਾ ਉਹ ਅਰਬੀ ਹੈ, ਨਾ ਉਹ ਫਾਰਸੀ ਹੈ, ਨਾ ਉਹ ਤੁਰਕੀ ਹੈ, ਨਾ ਉਹ ਹਿੰਦੀ ਹੈ, ਨਾ ਉਹ ਇੰਗਲਿਸ਼ ਹੈ ਭਾਵ ਕਿਸੇ ਵੀ ਜਬਾਨ ਨਾਲ ਉਹਦਾ ਤਲੋਕਾਤ ਨਹੀਂ ਹੈ। ਨਾਮ ਇਕ ਤੁਹਾਡੇ ਪਿਆਰ ਦਾ ਰੱਖਿਆ ਹੋਇਆ ਸ਼ਬਦਿ ਹੈ। ਜਿਸਨੂੰ ਤੁਸੀਂ ਆਪਣੇ ਪਿਆਰ ਵਿਚ ਪੁਕਾਰਦੇ ਹੋ। ਜਿਸ ਤਰ੍ਹਾਂ ਬੱਚੇ ਦਾ ਨਾਂ ਤੁਸੀਂ ਰਖਦੇ ਹੋ ਪਰ ਫਿਰ ਤੁਸੀਂ ਆਪਣੇ ਪਿਆਰ ਵਿਚ ਉਸਨੂੰ ਹੋਰਾਂ ਨਾਵਾਂ ਨਾਲ ਵੀ ਪੁਕਾਰਦੇ ਹੋ ਇਸੇ ਤਰ੍ਹਾਂ ਹੀ ਪ੍ਰਮਾਤਮਾ ਹੈ। ਪ੍ਰਮਾਤਮਾ ਦੇ ਨਾਮ ਅਨੇਕਾਂ ਹਨ ਜੋ ਉਹਦੇ ਭਗਤਾਂ ਪਿਆਰਿਆਂ ਨੇ ਰਖੇ। ਫਿਰ ਵੀ ਪ੍ਰਮਾਤਮਾ ਦਾ ਇਕ ਨਾਮ ਹੈ ਉਹ ਸਿਰਫ ਤੁਹਾਡੇ ਪਿਆਰ ਦਾ ਨਾਂ। ਜਿਸ ਨਾਲ ਤੁਸੀਂ ਉਸਨੂੰ ਪੁਕਾਰਨਾ ਹੈ, ਜਿਸਦੇ ਨਾਲ ਤੁਸੀਂ ਉਸਨੂੰ ਯਾਂਦ ਕਰਨਾ ਹੈ। ਅਜ ਕਲ ਦੇ ਝਗੜਿਆਂ ਵਿਚ ਜਿਸ ਤਰ੍ਹਾਂ ਅਸੀਂ ਉਸਨੂੰ ਰਾਮ ਰਾਮ ਆਖਦੇ ਹਾਂ, ਹਰੇ ਕ੍ਰਿਸ਼ਨਾ ਆਖਦੇ ਹਾਂ, ਓਮ ਨਮੋ ਸ਼ਿਵਾਏ ਆਖਦੇ ਹਾਂ, ਓਮ ਨਮੋ ਬ੍ਰਹਮਾਏ, ਓਮ ਨਮੋ ਵਿਸ਼ਨਾਏ ਦੇ ਵੱਖ ਵੱਖ ਨਾਵਾ ਨਾਲ ਆਪਣੇ ਆਪਣੇ ਢੰਗਾਂ ਦੁਆਰਾ ਉਸਦਾ ਜਾਪ ਕਰਦੇ ਹਾਂ। ਕਈ ਲੋਕ ਜਿਹੜੇ ਆਪਣੀ ਮੱਤ ਨੂੰ ਮੰਨਦੇ ਹਨ। ਉਹ ਅਲਾ, ਖੁਦਾ, ਮਿਹਰਵਾਨ ਕਹਿਕੇ ਵੀ ਯਾਂਦ ਕਰਦੇ ਹਨ ਪਰ ਫਿਰ ਵੀ ਕਦੀ ਕਦੀ ਅਸੀਂ ਆਪੋ 'ਚ ਜੋ ਬਾਹਰੀ ਜਦੋ-ਜਹਿਦ ਹੈ ਕਿ ਮੈਂ ਤਾਂ ਵਾਹਿਗੁਰੂ ਹੀ ਜਪਾਗਾਂ, ਸਤਿਨਾਮ ਦਾ ਹੀ ਪਾਠ ਕਰਾਂਗਾਂ ਜਾਂ ਵਾਹਿਗੁਰੂ ਸਤਿਨਾਮ ਹੀ ਉੱਚਾ ਹੈ, ਰਾਮ ਨਾਮ ਹੀ ਉੱਚਾ ਹੈ, ਅਲਾਂ ਹੀ ਉੱਚਾ ਨਾਮ ਹੈ, ਜਾਂ ਖੁਦਾ ਦਾ ਹੀ ਉੱਚਾ ਨਾਮ ਹੈ, ਉਸ ਵਿਚ ਫਸੇ ਰਹਿੰਦੇ ਹਾਂ। ਨਾਮ ਅਸਲ ਵਿਚ ਉਹ ਉੱਚਾ ਹੈ ਜਿਹੜਾ ਤੁਹਾਡੀ ਤੁਹਾਡੇ ਪਿਆਰ ਵਿਚ ਪੁਕਾਰ ਸੁਣੇ ਉੱਚਾ ਉਹ ਹੈ ਜਿਸਨੂੰ ਤੁਸੀਂ ਸੱਚਾ ਪਿਆਰ ਦਿੰਦੇ ਹੋ ਨਾਂ ਕਿ ਉਹ ਉੱਚਾ ਹੈ ਜਿਸਦਾ ਸਿਰਫ ਅਸੀਂ ਨਾਮ ਹੀ ਜਾਣਦੇ ਹਾਂ। ਜੇ ਕਹੋ ਕਿ ਇਕ ਸ਼ਾਹੂਕਾਰ ਆਦਮੀ ਇਕ ਬਹੁਤ ਵਡੇ ਮਕਾਨ ਵਿਚ ਰਹਿ ਰਿਹਾ ਹੈ ਤਾਂ ਉਹ ਉਸ ਮਕਾਨ ਕਰਕੇ ਵੱਡਾ ਹੈ, ਨਹੀਂ ਉਹਦੀ ਕਰਤੂਤ ਵੱਡੀ ਹੋਣੀ ਚਾਹੀਦੀ ਹੈ, ਉਹਦਾ ਕਰਮ ਵੱਡਾ ਹੋਣਾ ਚਾਹੀਦਾ ਹੈ, ਉਹਦੇ ਖਿਆਲ ਵੱਡੇ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਕਿ ਪਿਛਲੇ ਇਕ ਸਤਿਸੰਗ ਵਿਚ ਅਸਾਂ Example ਦਿੱਤੀ ਸੀ ਕਿ ਇਕ ਵਾਰੀ ਇਕ ਆਦਮੀ ਨੇ ਸੱਤ ਮੰਜਲਾ

ਮਕਾਨ ਬਣਾਕੇ, ਉਨ੍ਹਾਂ ਸੱਤਾਂ ਮੰਜਲਾਂ ਵਿਚ ਵਖੋ ਵੱਖ ਕਿਸਮ ਦਾ ਸਮਾਨ ਰੱਖ ਦਿੱਤਾ। ਔਰ ਆਪਦੇ ਸ਼ਹਿਰ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਮੈਂ ਸੱਤ ਮੰਜਲੇ ਮਕਾਨ ਵਿਚ ਹਰ ਮੰਜਲ 'ਚ ਵਖੋਂ ਵੱਖ ਸਮਾਨ ਰੱਖਿਆ ਹੈ ਆਪਣੀ ਆਪਣੀ ਜਰੂਰਤ ਮੁਤਾਬਕ ਆ ਕੇ ਲੈ ਜਾਉ। ਸਾਰੀ ਨਗਰੀ ਦੇ ਲੋਕ ਇਕਠੇ ਹੋ ਕੇ ਜਦ ਉਸ ਸੱਤ ਮੰਜਲੀ ਬਿਲਡਿੰਗ ਵਿਚ ਪਹੁੰਚੇ ਤਾ ਹਰ ਬੰਦੇ ਨੇ ਅੰਦਰ ਜਾ ਕੇ ਵੇਖਿਆ ਕਿ ਪਹਿਲੀ ਮੰਜਲ 'ਚ ਕਪੜਾ ਪਿਆ ਹੈ, ਦੂਜੀ 'ਚ ਗਏ ਉਥੇ ਅਨਾਜ਼ ਪਿਆ ਹੈ, ਤੀਜੀ 'ਚ ਗਏ ਉਥੇ ਪੈਸਾ ਪਿਆ ਹੈ, ਚੌਥੀ 'ਚ ਗਏ ਉਥੇ ਸੋਨਾ ਚਾਂਦੀ ਪਿਆ ਹੈ? ਪੰਜਵੀ 'ਚ ਗਏ ਉਥੇ ਹੀਰੇ ਜਵਾਹਰਾਤ ਪਏ ਹਨ, ਛੇਵੀ 'ਚ ਗਏ ਉਥੇ ਇਨਸਾਨੀ ਖੁਰਾਕ ਦੀਆਂ ਜਰੂਰਤਾਂ ਮੁਤਾਬਕ ਸਭ ਚੀਜਾ ਪਈਆਂ ਹਨ। ਸਭ ਲੋਕ ਉਹ ਚੀਜਾਂ ਲੈ ਕੇ ਆਪਣੇ ਆਪਣੇ ਘਰਾਂ ਨੂੰ ਮੁੜ ਗਏ। ਇਕ ਆਦਮੀ ਨੇ ਵਿਚਾਰ ਕੀਤਾ ਕਿ ਸਾਰੇ ਲੋਕ ਚੀਜਾਂ ਲੈ ਕੇ ਚਲੇ ਗਏ ਹਨ ਪਰ ਮੈਨੂੰ ਵੇਖਣਾ ਚਾਹੀਦਾ ਹੈ ਕਿ ਸੱਤਵੀਂ ਮੰਜਲ ਵਿਚ ਕੀ ਹੈ? ਜਦ ਉਹ ਸੱਤਵੀਂ ਮੰਜਲ ਤੇ ਗਿਆ ਤਾਂ ਵੀ ਵੇਖਦਾ ਹੈ ਕਿ ਉਥੇ ਖੁਦ ਉਸ ਬਿਲਡਿੰਗ ਦਾ ਮਾਲਕ ਬੈਠਾ ਹੋਇਆ ਹੈ। ਉਹ ਉਠਕੇ ਖੜਾ ਹੋ ਗਿਆ। ਉਸਨੇ ਆਪਦੇ ਸਿਰ ਦਾ ਤਾਜ ਉਤਾਰਿਆ ਔਰ ਆਦਮੀ ਦੇ ਸਿਰ ਉਪਰ ਰੱਖ ਦਿੱਤਾ, ਤੇ ਆਖਣ ਲਗਾ ਕਿ ਤੂੰ ਇਹਦਾ ਅਧਿਕਾਰੀ ਹੈ। ਉਹ ਆਦਮੀ ਪੁੱਛਣ ਲੱਗਾ "ਜੀ ਉਹ ਕਿਸ ਤਰ੍ਹਾਂ? " ਸ਼ਾਹੂਕਾਰ ਨੇ ਅਗੋ ਕਿਹਾ, ਕਿ ਤੂੰ ਹੀ ਸਰਿਫ ਮੈਨੂੰ! ਤਲਾਸ਼ ਕੀਤਾ ਹੈ। ਤੇਰੇ ਮਨ 'ਚ ਇਹ ਸੋਚ ਆਈ ਕਿ ਮੈਂ ਉਥੋਂ ਤਕ (ਆਖਰੀ ਮੰਜਲ ਤਕ) ਪਹੁੰਚਾਂ। ਬਾਕੀ ਸਭ ਆਪਣੀਆਂ ਆਪਣੀਆਂ ਲੋੜਾਂ, ਗਰਜ਼ਾਂ ਮੁਤਾਬਕ ਸਮਾਨ ਲੈ ਕੇ ਆਪਣੇ ਆਪਣੇ ਘਰਾਂ ਨੂੰ ਮੁੜ ਗਏ।" ਇਸੇ ਤਰ੍ਹਾਂ ਹੀ ਅਸੀ ਤਮਾਮ ਦੁਨੀਆਂ ਦੇ ਜੀਵ ਆਪਣੀਆਂ ਆਪਣੀਆਂ ਲੋੜਾ, ਗਰਜਾਂ ਖਾਤਰ ਪ੍ਰਮਾਤਮਾ ਦਾ ਨਾਮ ਰਖਦੇ ਹਾਂ ਔਰ ਉਨ੍ਹਾਂ ਨਾਵਾਂ ਰਾਹੀਂ ਉਸਨੂੰ ਯਾਦ ਕਰਦੇ ਹਾਂ। ਜਦੋਂ ਤਕ ਉਸ ਪਾਸੋ ਸਾਡੀਆਂ ਲੋੜਾਂ ਪੂਰੀਆ ਹੁੰਦੀਆਂ ਰਹਿੰਦੀਆਂ ਹਨ ਉਦੋਂ ਤਕ ਅਸੀਂ ਉਥੇ ਟਿਕੇ ਰਹਿੰਦੇ ਹਾਂ। ਜਦੋ ਉਸ ਪਾਸੋਂ ਸਾਡੀ ਲੋੜ ਜਾ ਗਰਜ ਪੂਰੀ ਨਹੀਂ ਹੁੰਦੀ ਤਾਂ ਹੋ ਸਕਦਾ ਹੈ ਕਿ ਉਥੇ ਟਿਕਣ ਦੀ ਬਜਾਏ ਅਸੀਂ ਉਸਨੂੰ ਭੁਲ ਹੀ ਜਾਈਏ ਜਾਂ ਵਿਸਾਰ ਦੇਈਏ ਜਾਂ ਉਹਦਾ ਨਾਮ ਜਪਣਾ ਹੀ ਛਡ ਦੇਈਏ। ਪਰ ਕੁਝ ਐਸੇ ਵੀ ਉਸਦੇ ਪਿਆਰੇ, ਦਿਵਾਨੇ ਹੁੰਦੇ ਹਨ ਜਿਹੜੇ ਉਹਦੇ ਘਰ ਤਕ ਪਹੁੰਚ ਜਾਂਦੇ ਹਨ। ਜਿਸ ਤਰ੍ਹਾਂ ਅਸੀ ਕਈ ਵਾਰ ਕਹਿੰਦੇ ਹੁੰਦੇ ਹਾਂ ਕਿ :-

***ਸਭੇ ਥੋਕ ਪਰਾਪਤੇ, ਜੇ ਆਵੈ ਇਕੁ ਹਥਿ।।***

***ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ।।***

***ਗੁਰ ਤੇ ਮਹਲੁ ਪਰਾਪਤੇ, ਜਿਸੁ ਲਿਖਿਆ ਹੋਵੈ ਮਥਿ।।***

***(ਗੁਰੂ ਗ੍ਰੰਥ ਸਾਹਿਬ ਜੀ)***

ਭਾਵ ਜਿਸ ਤਰ੍ਹਾਂ ਤੁਹਾਡੇ ਕਰਮਾਂ 'ਚ ਧਨ ਦੌਲਤ ਘਰ ਬਾਰ ਲਿਖਿਆ ਹੈ, ਖੁਸ਼ੀ ਲਿਖੀ ਹੈ, ਕਾਰੋ ਵਿਹਾਰ ਲਿਖੇ ਹਨ। ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਨਾ ਵੀ ਲਿਖਿਆ ਹੈ, ਪ੍ਰਮਾਤਮਾ ਦਾ ਪਿਆਰਾ ਭਗਤ ਵੀ ਲਿਖਿਆ ਹੈ, ਸੰਤ ਦੀ ਸ਼ਰਨ ਵੀ ਲਿਖਿਆ ਹੈ, ਉਹਦੇ ਮਿਲਣ ਦਾ ਸਮਾਂ ਵੀ ਲਿਖਿਆ ਹੈ, ਬਾਕੀ ਉਹ ਤੁਹਾਡਾ ਇਕ ਜਨਮ ਹੈ, ਦੋ ਜਨਮ ਹੈ, ਤਿੰਨ ਜਨਮ ਹੈ, ਚਾਰ ਜਨਮ ਹੈ, ਤੁਹਾਡੇ ਤੇ DEPEND (ਨਿਰਭਰ) ਹੈ ਨਾਂ ਕਿ ਪ੍ਰਮਾਤਮਾ ਤੇ। ਜੇ ਕਹੋ ਕਿ ਪ੍ਰਮਾਤਮਾ ਖੁਦ ਸਾਨੂੰ ਮਿਲੇਗਾ ਉਹ ਹਰਗਿਜ਼ ਨਹੀਂ:

ਜਿਸ ਤਰ੍ਹਾਂ ਕਹਾਵਤ ਵਿਚ ਵੀ ਆਖਦੇ ਹਨ:-

***"ਨਾਂ ਜਾਨੈ ਕਿਸ ਭੇਸ ਮੇਂ ਬਾਬਾ ਮਿਲ ਜਾਏ ਭਗਵਾਨ ਰੇ"***

ਭਾਵ ਕਿ ਪਤਾ ਨਹੀਂ ਪ੍ਰਮਾਤਮਾ ਕਿਹੜੇ ਭੇਖ ਵਿਚ ਮਿਲ ਜਾਵੇ? ਉਹ ਭੇਖ ਤੁਹਾਡੇ ਕਈ ਤਰ੍ਹਾਂ ਦੇ ਹਨ। ਜਿਸ ਤਰ੍ਹਾਂ ਤੁਸੀਂ ਬਿਮਾਰ ਹੋ ਗਏ ਤੁਹਾਨੂੰ ਕੋਈ ਸਹਾਰਾ ਨਾ ਰਿਹਾ ਔਰ ਤੁਸੀਂ ਡਾਕਟਰ ਕੋਲ ਗਏ ਤਾ ਦਵਾਈ ਨਾਲ ਤੁਹਾਨੂੰ ਅਰਾਮ ਆ ਗਿਆ। ਤੁਸੀਂ ਕਿਹਾ ਕਿ ਮੈਨੂੰ ਤਾਂ ਡਾਕਟਰ ਪ੍ਰਮਾਤਮਾ ਹੋਕੇ ਬਹੁੜਿਆ ਹੈ। ਜੇ ਕਿਤੇ ਤੁਸੀਂ ਤੁਰੇ ਜਾ ਰਹੇ ਹੋ ਉਥੇ ਤੁਹਾਨੂੰ ਸੱਟ ਲਗ ਗਈ ਹੈ, ਉਥੇ ਲਾਗੇ-ਚਾਗੇ ਕੋਈ ਵੀ ਨਹੀਂ ਹੈ ਤਾਂ ਇਕ ਆਦਮੀ ਨੇ ਉਠਾ ਕੇ ਤੁਹਾਨੂੰ ਪਾਣੀ ਪਿਲਾਇਆ, ਤੁਹਾਡੇ ਸਿਰ ਜਾ ਹੋਰ ਕਿਤੇ ਜਿਥੇ ਵੀ ਸੱਟ ਹੈ ਉਥੇ ਮਲ੍ਹਮ ਲਾ ਦਿੱਤੀ ਜਾਂ ਪੱਟੀ ਕਰਵਾ ਦਿੱਤੀ ਤਾਂ ਤੁਸੀਂ ਉਸਨੂੰ ਆਪਣਾ ਰਬ ਸਮਝ ਲਿਆ ਔਰ ਕਿਹਾ ਕਿ ਵੇਖੋਂ ਉਹ ਮੈਨੂੰ ਰਬ ਦੇ ਤੌਰ ਤੇ ਬਹੁੜਿਆ ਹੈ। ਇਸੇ ਤਰ੍ਹਾਂ ਅਗਰ ਤੁਸੀਂ ਦੋ ਚਾਰ ਦਿਨ ਤੋਂ ਭੁੱਖੇ ਹੋ ਅਤੇ ਉਜਾੜ ਬੀਆਬਾਨ ਜੰਗਲ ਵਿਚੋ ਦੀ ਤੁਸੀਂ ਗੁਜਰ ਰਹੇ ਹੋ, ਉਥੇ ਪਾਣੀ ਦਾ ਕੋਈ ਪ੍ਰਬੰਧ ਨਹੀਂ, ਰੋਟੀ ਦਾ ਕੋਈ ਪ੍ਰਬੰਧ ਨਹੀ, ਇਸ ਹਾਲਤ ਵਿਚ ਤੁਹਾਨੂੰ ਕੋਈ ਜੇ ਆਦਮੀ ਆਕੇ ਕੁਝ ਖਾਣ ਲਈ ਦਿੰਦਾ ਹੈ ਤਾਂ ਤੁਸੀਂ ਆਖੋਗੇ ਕਿ ਵੇਖਿਆ,ਪ੍ਰਮਾਤਮਾਂ ਸਾਨੂੰ ਬਹੁੜ ਪਿਆ ਹੈ। ਜੇ ਤੁਹਾਨੂੰ ਪੈਸੇ ਧੇਲੇ ਵਲੋ ਕੋਈ ਔਕੜ ਆ ਗਈ ਹੈ ਤਾਂ ਕਿਸੇ ਦੋਸਤ

ਜਾ ਸਾਕ ਸਬੰਧੀ ਜਾਂ ਰਿਸ਼ਤੇਦਾਰ ਨੇ ਜੇ ਕਿਤੇ ਤੁਹਾਡੀ ਮਦਦ ਕਰ ਦਿੱਤੀ ਤਾਂ ਤੁਸੀ ਫਿਰ ਕਹਿ ਦਿੱਤਾ ਕਿ ਵੇਖਿਆ ਸਾਨੂੰ ਪ੍ਰਮਾਤਮਾ ਬਹੁੜਿਆ ਹੈ। ਸੋ ਪ੍ਰਮਾਤਮਾ ਭਾਵੇ ਕਿਸੇ ਵੀ ਭੇਖ ਵਿਚ ਹੈ ਪਰ ਹੈ ਜਰੂਰ, ਪਰ ਜਿਹੜੇ ਲੋਕ ਪ੍ਰਮਾਤਮਾ ਦੇ ਨਾ ਹੋਵਣ ਦਾ ਸਬੂਤ ਦਿੰਦੇ ਹਨ ਜਾਂ ਨਾ ਹੋਵਣ ਦੇ ਕਥਨ ਕਥਦੇ ਹਨ ਔਰ ਆਪਣੀ ਅਕਲ, ਆਪਣੀ ਮਿਹਨਤ, ਆਪਣੀ ਚਤੁਰਾਈ ਦਾ ਢੰਡੋਰਾ ਪਿੱਟਦੇ ਹਨ,ਅਸਲ ਵਿਚ ਉਹ ਪ੍ਰਮਾਤਮਾ ਤੋਂ ਬਾਗੀ ਨਹੀਂ ਹੁੰਦੇ ਉਹ ਸਿਰਫ ਆਪਣੇ ਆਪ ਨਾਲ ਬਾਗੀ ਹੋਏ ਹੁੰਦੇ ਹਨ ਭਾਵ ਉਹ ਆਪਣੀ ਜਿੰਦਗੀ ਤੋਂ ਬਾਗੀ ਹੁੰਦੇ ਹਨ। ਉਨ੍ਹਾਂ ਨੂੰ ਆਪਣੀ ਜਿੰਦਗੀ 'ਚ ਹੋਰ ਕੁਝ ਨਹੀਂ ਚਾਹੀਦਾ ਹੁੰਦਾ ਸਿਵਾਏ ਉਸ ਝੂਠ ਫਰੇਬ ਤੋ, ਉਸ ਝੂਠੀ ਮਾਇਆ ਤੋਂ, ਝੂਠੀ ਸ਼ੋਹਰਤ ਤੋ, ਜਿਹੜੀ ਜਾਨਵਰਾਂ ਪਾਸ ਭੀ ਹੈ ਪਰ ਉਹ ਇਕ ਹੱਟ ਅੰਦਰ ਹੈ, ਪਰ ਉਨ੍ਹਾਂ ਲੋਕਾਂ ਕੋਲ ਉਹ :ਜਠਜਵ ਅੰਦਰ ਵੀ ਨਹੀਂ ਹੈ। ਜਾਨਵਰ ਵੇਖ ਲਉ ਜਿਸ ਤਰ੍ਹਾਂ ਸ਼ੇਰ ਹੈ, ਉਹ ਖੂਨ-ਖਾਰ ਹੈ। ਉਹ ਆਪਣਾ ਮਾਸ ਦਾ ਸ਼ਿਕਾਰ ਕਰਦਾ ਹੈ ਔਰ ਖਾ ਕੇ ਅਰਾਮ ਨਾਲ ਬਹਿ ਜਾਂਦਾ ਹੈ। ਉਸ ਤੋਂ ਬਾਅਦ ਉਸਨੇ ਕਦੇ ਵੀ ਇਹ ਨਹੀਂ ਵਿਚਾਰ ਕੀਤਾ ਕਿ

ਹੁਣ ਮੈਂ ਕਾਫੀ ਪੀ ਲਵਾ,

ਜੂਸ ਪੀਲਵਾਂ, ਜਾਂ

ਕੁਈ ਹੋਰ ਮਿੱਠੀ ਚੀਜ਼ ਖਾ ਲਵਾਂ। ਉਸਦੀ ਸੰਤੁਸ਼ਟੀ ਸਿਰਫ ਮੀਟ ਅੰਦਰ ਆ ਜਾਂਦੀ ਹੈ, ਜੇ ਪਸ਼ੂ ਹਨ ਤਾਂਉਹ ਦੁੱਧ ਦਿੰਦੇ ਹਨ ਔਰ ਚਾਰਾ ਖਾਂਦੇ ਹਨ। ਚਾਰੇ 'ਚ ਜੋ ਕੁਝ ਵੀ ਉਹਦਾ ਮਾਲਕ ਉਸਨੂੰ ਦਿੰਦਾ ਹੈ ਉਹਦੇ 'ਚ ਉਹ ਭੁੱਖਾ ਰਹੇ ਜਾਂ ਰੱਜਾ ਰਹੇ। ਪਰ ਉਹਦੀ ਤਸੱਲੀ ਹੈ। ਪੇਸ਼ੈਂਸ ਹੈ, ਧੀਰਜ ਹੈ। ਸ਼ਾਤੀ ਹੈ। ਕਈ ਵਾਰ ਤੁਸੀਂ ਵੇ ਖੋਂ ਮਹਿਰੂ ਜਾਂ ਗੋਕਾ ਡੰਗਰ ਹੋਵੇ, ਉਹਦੇ ਅਗੇ ਜਦੋਂ ਤੁਸੀ ਚਾਰਾਂ ਪਾਉ ਤਾਂ ਜਦੋ ਉਹ ਰੱਜ ਜਾਂਦਾ ਹੈ ਤਾਂ ਅਰਾਮ ਨਾਲ ਇਕ ਪਾਸੇ ਬੈਠਕੇ ਉਗਾਲੀ ਕਰਦਾ ਰਹਿੰਦਾ ਹੈ। ਕਦੇ ਵੀ ਉਠਕੇ ਉਹ ਉਥੋਂ ਰੱਸਾ ਤੁੜਵਾ ਕੇ ਜਾ ਕਿੱਲਾ ਪੁਟਵਾ ਕਿ ਦੂਜੇ ਦੀ ਖੁਲੀ 'ਚ ਨਹੀ ਜਾਂਦਾ। ਜਦੋ ਕਿਤੇ ਉਸਨੂੰ ਦੋ ਚਾਰ ਦਿਨ ਕੁਝ ਖਾਣ ਲਈ ਨਾਂ ਮਿਲੇ ਤਾਂ ਉਹ ਰੱਸਾ ਤੁੜਵਾ ਕੇ ਕਿਤੇ ਮੂੰਹ ਮਾਰਦਾ ਹੈ ਪਰ ਫਿਰ ਵੀ ਖਾਕੇ ਵਾਪਸ ਮੁੜ ਆਉਂਦਾ ਹੈ। ਪਰ ਤੁਸੀ ਲੋਕ ਜਿਹੜੇ ਮਨੁੱਖੇ ਜਾਮੇ ਵਿੱਚ ਆਏ ਹ, ਜਿਸਨੂੰ ਪ੍ਰਮਾਤਮਾ ਨੇ ਖ਼ੁਦ ਬਣਾਇਆ ਹੈ,ਤੁਹਾਡੀ ਅਜ ਤਕ ਕਿਸੇ ਜਗ੍ਹਾਂ ਤੇ ਸੈਟਸਫੈਕਸ਼ਨ ਨਹੀਂ ਹੈ, ਕਿਸੇ ਵੀ ਜਗ੍ਹਾਂ ਤੇ ਤੁਹਾਨੂੰ ਸਕੂਨ ਨਹੀਂ ਹੈ, ਅਮਨ ਨਹੀਂ ਹੈ। ਤੁਹਾਡੀ ਕੋਈ ਵੀ

ਬਿਰਤੀ ਆਪਣੇ ਵਾਸ਼ਤੇ ਨਹੀਂ ਹੈ ਹਮੇਸ਼ਾਂ ਦੂਸਰੇ ਵਾਸਤੇ ਹੈ। ਕਿਸੇ ਵੀ ਜਗ੍ਹਾਂ ਤੁਸੀ ਆਪਣੇ ਆਪਨੂੰ ਉਹਦੇ ਨਾਲ ਭਾਵ ਪ੍ਰਮਾਤਮਾ ਨਾ ਅਟੈਚ ਨਹੀਂ ਕਰਦੇ। ਤੁਸੀ ਰੋਟੀ ਖਾ ਲਉ ਤਾਂ ਵੀ ਤੁਹਾਨੂੰ ਸੰਤੁਸ਼ਟੀ ਨਹੀਂ ਔਰ ਰੋਟੀ ਤੋਂ ਇਲਾਵਾ ਹੋਰ ਕੋਈ ਪਦਾਰਥ ਭੀ ਖਾ ਲਉ ਤਾਂ ਭੀ ਨਹੀਂ। ਜਦ ਤੁਹਾਡੀ ਔਲਾਦ ਪੈਦਾ ਹੁੰਦੀ ਹੈ,ਉਹ ਵਡੀ ਹੋਕੇ ਜੇ ਅਫ਼ਸਰ ਬਣ ਜਾਵੇ ਜਾ ਨਲਾਇਕ ਨਿਕਲ ਆਵੇ ਤੁਹਾਨੂੰ ਸੈਟਸਫੈਕਸ਼ਨ ਨਹੀਂ ਹੈ। ਤੁਹਾਡੇਂ 'ਚ ਖੁਸ਼ੀ ਨਹੀਂ ਹੈ ਕਿਉਂਕਿ ਤੁਸੀ ਪੰਜ ਤੱਤ ਵਿਚ ਆਏ ਹੋ। ਤੁਸੀਂ ਹਮੇਸ਼ਾਂ ਹੀ ਦੂਸਰੇ ਨੂੰ ਤੋੜਕੇ ਆਪਣੇ ਆਪਨੂੰ ਪਾਉਣਾ ਹੈ। ਦੂਸਰੇ ਨੂੰ ਹਮੇਸ਼ਾਂ ਮਾਰਨ ਵਾਸਤੇ ਤੁਸੀ ਵਿਚਾਰਧਾਰਾਂ ਪੈਦਾ ਕਰਦੇ ਹੋ, ਦੂਸਰੇ ਨੂੰ ਜਿੰਦਗੀ ਦੇਵਣ ਲਈ ਤੁਸੀ ਕਦੇ ਵੀ ਚਿਾਰਧਾਰਾਂ ਪੈਦਾ ਨਹੀਂ ਕਰਦੇ। ਆਪਣੇ ਆਪਨੂੰ ਤੁਸੀਂ ਮਾਰਨਾ ਨਹੀਂ ਚਾਹੁੰਦੇ ਔਰ ਆਪਣੇ ਆਪਨੂੰ ਮਾਰ ਕੇ ਨਾਂ ਤੁਸੀਂ ਜੀਉਣਾ ਚਾਹੁੰਦੇ ਹੋ। ਉਹਦੇ ਵਾਸਤੇ ਤੁਸੀ ਦਿਨ ਰਾਤ ਹਰ ਮਾੜੇ ਤੋਂ ਮਾੜਾਂ, ਹਰ ਚੰਗੇ ਤੋਂ ਚੰਗਾ ਕਰਮ ਕਰਦੇ ਹੋ। ਜੇ ਤੁਸੀ ਕਿਸੇ ਨੂੰ ਖੁਸ਼ੀ ਨਹੀਂ ਦੇ ਸਕੇ ਤਾਂ ਤੁਸੀਂ ਕਿਸੇ ਕੋਲੋਂ ਖੁਸ਼ੀ ਕੀ ਲਵੋਗੇ। ਜਿੰਦਗੀ 'ਚ ਕਈ ਵਾਰ ਐਸੇ ਦੁਖ ਆ ਜਾਂਦੇ ਹਨ ਜਿਹੜੇ ਇਨਸਾਨ ਨੂੰ ਵਿਸਾਰ ਕੇ ਵੀ ਦੂਜੇ ਨੂੰ ਸੁਖ ਦੇਣੇ ਪੈਂਦੇ ਹਨ। ਉਹ ਰਬ ਹੈ ਜੋ ਜੁਗਾਂ ਜੁਗਾਤਰਾ ਤੋਂ ਚਲਿਆ ਆ ਰਿਹਾ ਹੈ ਵੁਹਦੇ ਭਗਤਾਂ ਨੂੰ ਇਸੇ ਰਸਤੇ ਵਿਚੋਂ ਦੀ ਗੁਜਰਨਾ ਪੈਂਦਾ ਹੈ। ਪਰ ਤੁਹਡੇ ਕਿਸੇ ਬੱਚੇ ਨੂੰ ਕੋਈ ਤਕਲੀਫ ਹੋਵੇ ਜਾਂ ਮੁਸ਼ਿਕਲ ਹੋਵੇ ਕੀ ਤੁਸੀਂ ਦੂਸਰੇ ਨੂੰ ਜੀਊਣ ਦਿੰਦੇਹੋ? ਸਾਹ ਲੈਣ ਦਿੰਦੇ ਹੋ? ਤੁਸੀ ਛੋਟੇ-ਛੋਟੇ ਦਾਇਰਿਆਂ ਵਿਚ ਹੀ ਵੇਖ ਲਉ ਅਗਰ ਤੁਹਾਡੇ ਬੱਚੇ ਨੂੰ ਕੋਈ ਗੁਆਢੀ ਆਕੇ ਚਪੇੜ ਮਾਰ ਦੇਵੇ ਤਾਂ ਤੁਸੀਂ ਉਹਦੇ ਨਾਲ ਲੜਨ ਵਾਸਤੇ ਤਿਆਰ ਹੋ ਜਾਂਦੇ ਹੋ ਇਥੋਂ ਤਕ ਕਿ ਉਹਦਾ ਸਿਰ ਪਾੜਨ ਨੂੰ ਤਿਆਰ ਹੋ ਜਾਂਦੇ ਹੋ। ਸਿਰਫ ਇਕ ਬਦਲਾ ਲੈਣ ਵਾਸਤੇ। ਤੁਹਾਡੇ ਘਰ 'ਚ ਮੀਆਂ ਬੀਵੀ ਦਰਮਿਆਨ ਬੱਚਿਆਂ ਵਾਸਤੇ ਫਰਕ ਪੈ ਜਾਏ। ਬੀਵੀ ਉਹਨੂੰ ਕਹੇ ਕਿ ਤੂੰ ਮੇਰੇ ਪੁੱਤਰ ਨੂੰ ਚੰਗਾ ਨਹੀਂ ਸਮਝਦਾ, ਉਹ ਕਹੇ ਕਿ ਤੂੰ ਮੇਰੇ ਪੁੱਤਰ ਨੂੰ ਚੰਗਾ ਨਹੀ ਸਮਝਦੀ,ਇਸ ਤਰ੍ਹਾਂ ਕਈ ਵਾਰ ਬੱਚਿਆਂ ਖਾਤਰ ਮਾਂ ਬਾਪ ਵਿਚ ਵੀ ਲੜਾਈ ਪੈ ਜਾਂਦੀ ਹੈ। ਹਾਲਾਂ ਕਿ ਇਹ ਕੋਈ ਖਾਸ ਤਕਲੀਫ ਨਹੀਂ ਹੈ। ਸਿਰਫ ਤੁਹਾਡੀ ਬਾਹਰੀ ਝੂਠੀ ਜਿੰਦਗੀ ਦਾ ਇਹ ਸਭ ਕਾਰਨ ਹੈ। ਇਹ ਤੁਹਾਡੀ ਕਾਇਰਤਾ ਹੈ, ਬੁਜ਼ਦਿਲੀ ਹੈ ਤੁਸੀ ਮਨੁੱਖ ਨਹੀਂ ਹੋ। ਰਬ ਵੱਲ ਵੇਖੋਂ, ਉਹਦੇ ਭਗਤਾਂ ਨੂੰ ਕਿੰਨੇ ਕਿੰਨੇ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਤੱਤੀਆਂਲੋਹਾਂ ਤੇ ਬਠਾਇਆ ਗਿਆ, ਉਬਲਦੀਆਂ ਦੇਗਾਂ 'ਚ ਬੈਠੇ, ਸਿਰਾਂ ਤੇ ਆਰੇ

ਚਲੇ, ਸੂਲੀਆਂ ਚੁੰਮਣੀਆਂ ਪਈਆਂ। ਇਹ ਸਭ ਕੁਝ ਪ੍ਰਮਾਤਮਾ ਦੇ ਭਗਤਾਂ ਨਾਲ ਹੋਇਆ ਸੀ। ਉਹ ਵੀ ਤਾਂ ਰਬ ਦੇ ਪੁੱਤਰ ਸਨ। ਪਰ ਦਸੋ ਰਬ ਨੇ ਕਿਸੇ ਕੋਲੋਂ ਬਦਲਾ ਲਿਆ? ਕਿਸੇ ਨੂੰ ਬੁਰਾ ਭਲਾ ਆਖਿਆ? ਕਿਆ ਜਿਸ ਦਿਨ ਉਹਦੇ ਭਗਤਾਂ ਨੂੰ ਫਾਂਸੀ ਦਿੱਤੀ ਗਈ ਉਤੋਂ ਅਗਲੇ ਭਲਕੇ ਉਸਨੇ ਲੋਕਾਂ ਕੋਲੋਂ ਰੋਟੀ ਖੋਹ ਲਈ? ਜਿਹੜੇ ਲੋਕਾਂ ਨੇ ਉਨ੍ਹਾਂ ਨੂੰ ਫਾਂਸੀ ਚਾੜ੍ਹਿਆ ਔਰ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਡਕਿਆ ਸੀ ਉਨ੍ਹਾਂ ਦੋਹਾਂ ਵਿਚ ਕੋਈ ਫਰਕ ਪਿਆ? ਨਹੀਂ। ਉਹ ਪ੍ਰਮਾਤਮਾ ਹੈ,ਉਹ ਤਾਂ ਸਾਡੇ ਸਾਰਿਆਂ ਦਾ ਸਾਂਝਾ ਹੈ। ਉਹਦੇ ਵਿਚ ਕੋਈ ਮਤ ਭੇਦ ਨਹੀਂ ਹੈ। ਉਹ ਕਿਸੇ ਦਾ ਨਹੀਂ, ਕਿਸੇ ਸਿੱਖ ਦਾ ਨਹੀਂ, ਕਿਸੇ ਮੁਸਲਮਾਨ ਦਾ ਨਹੀਂ, ਕ੍ਰਿਸੇ ਈਸਾਈ ਦਾ ਨਹੀਂ। ਸਿਰਫ ਉਹ ਉਹਦਾ ਹੈ ਜਿਹੜਾ ਉਹਦੇ ਨਾਲ ਪਿਆਰ ਕਰਦਾ ਹੈ। ਜਿਹਦੇ ਕੋਲ ਉਹਦੀ ਵਫਾ ਹੈ, ਉਹਦਾ ਪਿਆਰ ਹੈ, ਉਹਦੀ ਸਚਾਈ ਹੈ। ਜੇ ਕਹੋ ਕਿ ਉਹਦੇ ਕੋਲ ਇਹ ਤਿੰਨ ਚੀਜਾਂ ਹੈਗੀਆਂ ਨੇ ਪਰ ਦਿੰਦਾ ਨਹੀਂ। ਐਸਾ ਨਹੀਂ ਹੈ। ਸਿਰਫ ਅਸੀਂ ਲੋਕ ਆਪਣੇ ਇਨਸਾਨੀ ਚੋਲੇ ਵਿਚ ਇਨਸਾਨੀ ਰੂਪ 'ਚ ਗਲਤ ਰਾਹ ਅਪਨਾ ਰਹੇ ਹਾਂ ਔਰ ਅਸੀ ਬਿਲਕੁਲ ਗਲਤ ਹਾਂ। ਜਿਹਦੇ ਕਰਕੇ ਸਾਡਾ ਜੀਵਨ ਤਬਾਹ ਹੋਇਆ ਪਿਆ ਹੈ। ਔਰ ਤੁਸੀਂ ਰੱਬ ਨੂੰ ਕੀ ਮੰਨਣਾ ਹੈ? ਬਾਕੀ ਰੱਬ ਤੁਹਾਡਾ ਕੋਈ ਰਿਸ਼ਤੇਦਾਰ ਨਹੀ ਹੈ, ਤੁਹਾਡਾ ਕੋਈ ਚਾਚਾ, ਤਾਇਆ ਨਹੀ ਲਗਦਾ। ਉਸ ਨੂੰ ਜੇ ਤੁਸੀਂ ਨਾ ਵੀ ਮੰਨੋਗੇ ਤਾਂ ਉਸ ਨੂੰ ਕੋਈ ਫਰਕ ਨਹੀਂ ਪੈਣਾ। ਜਿਹੜੇ ਲੋਕ ਸਿਰਫ ਬਾਹਰੀ ਤੌਰ ਤੇ ਆਪਣੇ ਹਕੂਕਾਂ ਵਿਚ ਫਸ਼ੇ ਪਏ ਹਨ ਉਨ੍ਹਾਂ ਦਾ ਜੀਵਨ ਇਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਜਾਨਵਰ ਆਇਆ ਪੇਟ ਭਰਿਆ ਔਰ ਭਰਕੇ ਚਲਾ ਗਿਆ। ਤੁਸੀਂ ਜਾਨਵਰ ਤਾਂ ਨਹੀਂ ਹੋ। ਤੁਸੀਂ ਬੰਦੇ ਹੋ, ਮਨੁੱਖ ਹੋ, ਪੰਜ ਤੱਤ ਦੇ ਬਣੇ ਹੋਏ ਹੋ। ਪ੍ਰਮਾਤਮਾ ਨੇ ਤੁਹਾਨੂੰ ਆਪਣੇ ਲਈ ਬਣਾ ਕੇ ਭੇਜਿਆ ਹੈ, ਔਰ ਪ੍ਰਮਾਤਮਾ ਤੁਹਾਡੇ ਲਈ ਹੈ ਸੋ ਤੁਹਾਨੂੰ ਵੀ ਉਹਦੇ ਲਈ ਹੋ ਜਾਣਾ ਚਾਹੀਦਾ ਹੈ ਭਾਵ ਬਣ ਜਾਣਾ ਚਾਹੀਦਾ ਹੈ। ਪਰ ਤੁਸੀਂ ਪ੍ਰਮਾਤਮਾ ਦੇ ਹੁੰਦੇ ਨਹੀਂ ਫਿਰ ਵੀ ਪ੍ਰਮਾਤਮਾ ਸਦਾ ਤੁਹਾਡਾ ਹੀ ਰਹਿੰਦਾ ਹੈ। ਅਜ ਤਕ ਪ੍ਰਮਾਤਮਾ ਨੇ ਦਸੋ ਕਿਸੇ ਚੋਰ ਕੋਲੋਂ, ਕਿਸੇ ਡਾਕੂ ਕੋਲੋਂ, ਕਿਸੇ ਮਾੜੇ ਬੰਦੇ ਕੋਲੋਂ ਰੋਟੀ ਖੋਹੀ ਹੈ? ਪਰ ਤੁਸੀਂ, ਤੁਹਾਡੀ ਔਲਾਦ ਹੋਵੇ, ਤੁਹਾਡਾ ਕੋਈ ਰਿਸ਼ਤੇਦਾਰ ਹੋਵੇ, ਭਾਵੇਂ ਤੁਹਾਡਾ ਵੈਸੇ ਹੀ ਕੋਈ ਬੰਦਾ ਹੋਵੇ ਤੁਸੀਂ ਉਹਦੀ ਰੋਟੀ ਤਾਂ ਕੀ, ਤੁਸੀਂ ਤਾਂ ਕਹਿੰਦੇ ਹੋ ਕਿ ਇਹ ਸਾਹ ਵੀ ਜਿਹੜੇ ਲੈਂਦਾ ਹੈ ਉਹ ਵੀ ਖੋਹ ਲਈਏ ਸੋ ਤੁਹਾਡੇ 'ਚ ਇੰਨੀ ਵਡੀ ਬਦਲੇ ਦੀ ਭਾਵਨਾ ਹੈ। ਛੱਡ ਦਿਉ ਇਨ੍ਹਾਂ ਚੀਜਾਂ

ਨੂੰ. ਮਤ ਭਟਕੋ। ਬਾਕੀ ਤੁਹਾਨੂੰ ਰਬ ਨਹੀਂ ਮਿਲਣਾ ਔਰ ਨਾ ਹੀ ਕਿਸੇ ਨੇ ਅਜ ਤਕ ਮਿਲਾਇਆ ਹੈ। ਬੜੇ ਬੜੇ ਵੱਡੇ ਅਵਤਾਰ ਔਰ ਪੈਗੰਬਰ ਧਰਤੀ ਤੇ ਆਏ ਉਨ੍ਹਾਂ ਤੁਹਾਨੂੰ ਰੱਬ ਦੇ ਰਸਤੇ ਦਿਖਾਏ ਹਨ ਤੁਸੀਂ ਉਨ੍ਹਾਂ ਤੇ ਚਲੋ ਔਰ ਨੇਕ ਰਾਹਾਂ ਅਪਨਾਉ। ਸਾਡੀ ਆਸ਼ਾ ਹੈ ਕਿ ਜਦ ਤੁਸੀਂ ਨੇਕ ਰਾਹਾਂ ਅਪਨਾ ਲਵੋਗੇ ਤਾਂ ਰੱਬ ਤੁਸੀਂ ਖੁਦ ਹੀ ਬਣ ਜਾਉਗੇ। ਜਦੋਂ ਤੁਹਾਡੀ ਨੀਯਤ ਸਾਫ ਹੋ ਗਈ ਤਾਂ ਰੱਬ ਆਪੇ ਹੀ ਸਾਫ ਹੋ ਗਿਆ। ਜਦ ਤੁਹਾਡੀ ਨੀਯਤ ਹੀ ਮੈਲੀ ਹੈ ਤਾਂ ਤੁਹਾਨੂੰ ਰਬ ਕਿਥੋਂ ਚੰਗਾ ਨਜ਼ਰ ਆਵੇ ਗਾ? ਤੁਹਾਡੀ ਤਾਂ ਜ਼ਿੰਦਗੀ ਸਿਰਫ ਮਤਲਬ ਦੀ ਹੈ। ਤੁਸੀਂ ਸਿਰਫ ਉਹ ਕਰਨਾ ਚਾਹੁੰਦੇ ਹੋ ਜਿਸ ਵਿਚ ਤੁਹਾਨੂੰ ਖੁਸ਼ੀ ਮਿਲੇ, ਤੁਸੀਂ ਉਹ ਕਦੇ ਨਹੀਂ ਕਰਨਾ ਚਾਹੁੰਦੇ ਜਿਸ 'ਚੋਂ ਦੂਸਰੇ ਨੂੰ ਖੁਸ਼ੀ ਮਿਲ ਸਕੇ। ਔਰਤ ਲੈ ਲਉ, ਮਰਦ ਲੈ ਲਉ ਜਾਂ ਆਪਣੀ ਔਲਾਦ ਹੀ ਲੈ ਲਉ ਇਸ ਤੋਂ ਵਡਾ ਰਿਸ਼ਤਾ ਤਾਂ ਦੁਨੀਆਂ ਤੇ ਕੋਈ ਨਹੀਂ ਹੈ? ਸੰਤ ਮਹਾਤਮਾ ਤਾਂ ਬਹੁਤ ਵੱਡੀ ਤਾਕਤ ਹਨ,ਉਨ੍ਹਾਂ ਖਾਤਰ ਤੁਸਾਂ ਕੀ ਕਰਨਾ ਹੈ? ਅਗਰ ਤੁਹਾਡਾ ਬਚਾ ਚੰਗਾ ਨਿਕਲ ਆਵੇ ਤਾਂ ਤੁਸੀਂ ਉਹਦੀਆਂ ਹੀ ਸਿਫਤਾਂ ਕਰਨੀਆਂ ਹਨ। ਜੇ ਕਿਤੇ ਆਪਸ 'ਚ ਕੋਈ ਦਰਾਰ ਪੈ ਜਾਵੇ ਤਾਂ ਰਿਸ਼ਤੇਦਾਰ, ਸਾਕ ਸਬੰਧੀ, ਇਕੱਠੇ ਕਰ ਲੈਂਜਦੇ ਹੋ ਜਾਂ ਕੇਸ ਕਰ ਕੇ ਬਹਿ ਜਾਂਦੇ ਹੋ। ਇਹ ਸਭ ਕੁਝ ਤੁਸੀ ਕਾਹਦੇ ਲਈ ਜਾਂ ਕਿਸ ਵਾਸਤੇ ਕਰਦੇ ਹੋ।ਉਹਦੇ 'ਚ ਸਿਰਫ ਇਹੋ ਹੀ ਹੈ ਕਿ ਤੁਸੀ ਸਿਰਫ ਜੀਉਣਾ ਚਾਹੁੰਦੇ ਹੋ, ਮਰਨਾ ਨਹੀਂ ਚਾਹੁੰਦੇ ਔਰ ਮੌਤ ਦੇ ਡਰ ਖਾਤਰ ਹੀ ਤੁਸੀਂ ਇਹ ਸਾਰੇ ਪਖੰਡ ਕਰਦੇ ਹੋ ਭਾਵ ਸੰਤਾਂ ਕੋਲ ਜਾ ਜਾ ਕੇ ਪੈਸੇ ਚੜ੍ਹਾਉਂਦੇ ਹੋ, ਮੰਦਰਾਂ ਮਸਜਿਦਾਂ 'ਚ ਜਾ ਕੇ ਨੱਕ ਰਗੜਦੇ ਹੋ। ਕਿਉਂਕਿ ਤੁਸੀਂ ਮਰਨਾ ਨਹੀਂ ਚਾਹੁੰਦੇ। ਜਿਸ ਦਿਨ ਤੁਸੀਂ ਮਰਨਾ ਆਪਣੀ ਤਲੀ ਤੇ ਰਖ ਲਿਆ ਔਰ ਤੁਰ ਪਏ। ਉਸ ਵਕਤ ਤੁਹਾਨੂੰ ਮੌਤ ਆਉਣੀ ਨਹੀਂ ਸਗੋਂ ਜ਼ਿੰਦਗੀ ਮਿਲ ਜਾਣੀ ਹੈ। ਜਿਸ ਤਰ੍ਹਾਂ ਸਾਨੂੰ ਪਰਸੋਂ ਕਿਸੇ ਸਵਾਲ ਕੀਤਾ ਸੀ ਔਰ ਅਸੀ ਉਸ ਨੂੰ ਕਿਹਾ ਸੀ ਕਿ, **ਝੂਠ ਕੀ ਹੈ? "ਜ਼ਿੰਦਗੀ",ਸੱਚ ਕੀ ਹੈ? "ਮੌਤ"।** ਝੂਠ ਔਰ ਸੱਚ ਦਾ ਜੋ ਅਨੈਲੇਸਿਜ(ਵਿਸ਼ਲੇਸ਼ਨ) ਹੈ ਉਹ ਹੈ ਇਨਸਾਨ ਦੀ ਸੈਟਸਫੈਕਸ਼ਨ (ਤਸੱਲੀ) ਜਿਸ ਤਰ੍ਹਾਂ ਕੋਈ ਜ਼ਿੰਦਗੀ ਜੀਊਣ ਵਾਸਤੇ ਝੂਠ ਬੋਲੀ ਜਾਵੇ ਉਹਦੀ ਉਸ ਵਿਚ ਹੀ ਸੈਟਸਫੈਕਸ਼ਨ ਹੈ ਦੂਜੇ ਪਾਸੇ ਕੋਈ ਸੱਚ ਕਮਾ ਲਏ ਉਹਦੇ 'ਚ, ਉਸ ਨੂੰ ਮੌਤ ਆ ਜਾਏ 'ਉਹਨੂੰ' ਉਸ ਵਿਚ ਸੈਟਸਫੈਕਸ਼ਨ ਹੈ। ਜਦੋਂ ਤੁਹਾਨੂੰ ਸਬੱਰ ਆ ਗਿਆ, ਸਿਦੱਕ ਆ ਗਿਆ ਤਾਂ ਤੁਹਾਨੂੰ ਕਿਸੇ ਅਗੇ ਝੁਕਣ ਦੀ ਲੋੜ ਹੀ ਨਹੀਂ ਪੈਣੀ। ਉਸ ਵਕਤ ਸਭੇ ਚੀਜਾਂ ਤੁਹਾਡੇ ਕੋਲ ਆਪਣੇ ਆਪ ਹੀ ਆ

ਜਾਣੀਆਂ ਹਨ। ਕੀ ਲੋੜ ਹੈ ਮਥੇ ਰਗੜਨ ਦੀ ਤੇ ਪਾਠ ਕਰਨ ਦੀ। ਕੀ ਕਦੇ ਰਬ ਪਾਠ ਕਰਨ ਨਾਲ ਕਿਸੇ ਨੂੰ ਮਿਲਿਆ ਹੈ? ਤੁਹਾਡੇ ਲੋਕਾਂ ਕੋਲ ਕੀ ਕੋਈ ਐਸੀ ਮਿਸਾਲ ਹੈ ਜਿਸ ਨੇ ਪਾਠ ਕਰਕੇ ਰਬ ਨੂੰ ਪਾਇਆ ਹੋਵੇ। ਤੁਹਾਡੀ ਕਿੰਨੀ ਕਿੰਨੀ ਉਮਰ ਬੀਤ ਗਈ ਹੈ ਕੀ ਤੁਸਾਂ ਕੋਈ ਐਸਾ ਕਿਸੇ ਗੁਰਦੁਆਰੇ ਦਾ ਭਾਈ, ਮੰਦਰ ਦਾ ਕੋਈ ਪੁਜਾਰੀ, ਮਸੀਤ ਦਾ ਕੋਈ ਮੁੱਲਾ, ਗਿਰਜੇ ਦਾ ਕੋਈ ਪਾਦਰੀ ਵੇਖਿਆ ਹੈ ਜਿਸਨੇ ਪ੍ਰਮਾਤਮਾ ਨੂੰ ਤਕਿਆ ਹੋਵੇ ਜਾਂ ਪਾਇਆ ਹੋਵੇ? ਇਹ ਸਭ ਪਖੰਡਵਾਦ ਹੈ। ਸਿਰਫ ਜੇ ਪਖੰਡ ਨਹੀਂ ਹੈ ਤਾਂ ਉਹ ਹੈ ਤੁਹਾਡਾ ਸੱਚ, ਤੁਹਾਡੀ ਆਪਣੀ ਸੇਵਾ, ਤੁਹਾਡੀ ਆਪਣੀ ਮਿਹਨਤ, ਤੁਹਾਡੀ ਆਪਣੀ ਹੱਕ ਦੀ ਚੀਜ਼। ਉਹ ਹੱਕ ਤੁਹਾਡੇ ਆਪਣੇ ਕੋਲ ਹੈ ਸੋ ਤੁਸੀਂ ਮੱਤ ਭਟਕੋ। ਜੇ ਕਿਸੇ ਸੰਤ ਜਾਂ ਪੂਰਨ ਪੁਰਖ ਦੀ ਸ਼ਰਨ ਮਿਲੀ ਹੈ ਉਹਦੇ ਕੋਲੋਂ ਉਹ ਚੀਜ਼ ਪਾਉ ਜਿਹੜੀ ਚੀਜ਼ ਤੁਹਾਡੇ ਕੋਲ ਨਹੀਂ ਹੈਗੀ। ਫਿਰ ਤੁਹਾਨੂੰ ਉਹਦੇ ਨਾਲ ਸੁੱਚਾ ਪਨ ਮਿਲੇਗਾ। ਕੋਈ ਪੈਗੰਬਰ, ਕੋਈ ਨਬੀ, ਕੋਈ ਅਵਤਾਰ, ਕੋਈ ਸੰਤ, ਕੋਈ ਗੁਰੂ ਤੁਹਾਡੇ ਕੋਲੋਂ ਭਗਤੀਆਂ ਕਰਾਵਣ ਲਈ ਨਹੀਂ ਆਉਂਦਾ, ਤੁਹਾਨੂੰ ਇਕ ਦੂਜੇ ਨਾਲ ਲੜਾਕੇ ਮਰਵਾਉਣ ਨਹੀਂ ਆਉਂਦਾ। ਤੁਸੀਂ ਪਿਛੇ ਤਵਾਰੀਖ ਹੀ ਵੇਖ ਲਉ: ਕਰਾਈਸਟ ਨੇ ਇਨਕਲਾਬ ਕੀਤਾ, ਕਹਿੰਦੇ ਹਨ ਉਸ ਵਕਤ ਬਾਰਾਂ ਸੇਵਕ ਸਨ ਉਨ੍ਹਾਂ ਦੇ, ਪਰ ਉਨ੍ਹਾਂ ਨੂੰ ਇਕਲਿਆਂ ਨੂੰ ਫਾਂਸੀ ਦਿੱਤੀ ਗਈ ਨਾ ਕਿ ਨਾਲ ਬਾਰਾਂ ਸੇਵਕਾਂ ਨੂੰ ਵੀ। ਉਸ ਨੇ ਆਪਣੇ ਸੇਵਕਾਂ ਨੂੰ ਪ੍ਰੋਟੈਕਟ (ਬਚਾ ਲਿਆ) ਕੀਤਾ। ਮੂਸਾ ਦੇ ਨਾਲ ਅਨੇ ਕਾਂ ਲੋਕ ਸਨ, ਮਨਸੂਰ ਦੇ ਅਨੇਕ ਫਾਲਵਰ (ਸੇਵਕ) ਸਨ ਕੀ ਕਿਸੇ ਨੂੰ ਕੋਈ ਨੁਕਸਾਨ ਪਹੁੰਚਿਆ? ਕਿਸੇ ਦਾ ਉਨ੍ਹਾਂ ਘਰ ਬਰਬਾਦ ਕੀਤਾ? ਕਿਸੇ ਦੀ ਜ਼ਿੰਦਗੀ ਤਬਾਹ ਕੀਤੀ? ਗੁਰੂ ਅਰਜਨ ਸਾਹਿਬ ਤੱਤੀ ਲੋਹ ਤੇ ਬੈਠੇ ਉਨ੍ਹਾਂ ਦੇ ਨਾਲ ਭਾਈ ਗੁਰਦਾਸ ਜੀ, ਬਾਬਾ ਬੁਢਾ ਜੀ ਸਨ। ਉਹ ਵੀ ਤਾਂ ਉਨ੍ਹਾਂ ਦੇ ਸੇਵਕ ਫਾਲਵਰ ਸਨ। ਜਦੋਂ ਤੱਤੀ ਲੋਹ ਤੇ ਬੈਠਾਉਣ ਦਾ ਹੁਕਮਨਾਮਾ ਪਾਸ ਹੋਇਆ ਉਦੋਂ ਵੀ ਉਹ ਉਨ੍ਹਾਂ ਨੂੰ ਮਿਲਣ ਵਾਸਤੇ ਗਏ ਹਨ। ਕੀ ਉਨ੍ਹਾਂ ਕਿਸੇ ਨੂੰ ਫੜਕੇ ਕੁੱਟਿਆ, ਮਾਰਿਆ ਜਾਂ ਸਜ਼ਾਵਾਂ ਦਿੱਤੀਆਂ? ਹਰਗਿਜ਼ ਨਹੀਂ। ਕਿਉਂਕਿ ਰਬ ਆਪਣੇ ਭਗਤਾਂ ਨੂੰ ਕਦੇ ਸਜ਼ਾ ਨਹੀਂ ਦਿੰਦਾ। ਜਦੋਂ ਤੁਸਾਂ ਮਾਰ ਖਾਣੀ ਹੈ, ਤੁਹਾਨੂੰ ਬੁਰਾ ਰਸਤਾ ਮਿਲਣਾ ਹੈ ਤਾਂ ਉਹ ਤੁਹਾਡੀਆਂ ਕਰਤੂਤਾਂ ਔਰ ਮਾੜੇ ਖਿਆਲਾਂ ਰਾਹੀਂ ਹੀ ਮਿਲਣਾ ਹੈ। ਸੰਤ ਸ਼ਰਨ ਤਾਂ ਕਦੇ ਵੀ ਮਾੜੇ ਖਿਆਲ ਨਹੀਂ ਦਿੰਦੀ। ਉਹ ਤਾਂ ਆਪ ਸਜਾਵਾਂ ਸਹਿ ਕੇ ਆਪਣੇ ਸੇਵਕਾਂ ਨੂੰ ਤਾਰ ਜਾਂਦੇ ਹਨ। ਇਹ ਜਿੰਨੀਆਂ ਵੀ ਤੁਹਾਡੀਆਂ ਸਜਾਵਾਂ, ਜਿੰਨੀਆਂ ਵੀ ਤੁਹਾਡੀਆਂ ਸੋਚਾਂ ਹਨ, ਇਹ

ਤੁਹਾਡੀਆਂ ਕਮਜ਼ੋਰੀਆਂ, ਕਾਇਰਤਾ, ਬੁਜ਼ਦਿਲੀਆਂ ਹਨ। ਤੁਸੀਂ ਇਨਸਾਨ ਹੋ! ਆਦਮੀ ਹੋ! ਮਰਦ ਹੋ! ਤੁਸੀਂ ਮਹਾਨ ਬਣੋ। ਬਾਕੀ ਬੀਬੀਓ ਤੁਸੀਂ ਵੀ ਪੰਜ ਤੱਤ ਵਿਚ ਹੀ ਹੋ। ਤੁਸੀਂ ਵੀ ਮਰਦ ਹੀ ਹੋ। ਐਵੇਂ ਨਾ ਕਹਿਓ ਕਿ ਬੰਦਿਆਂ ਨੂੰ ਕਹੀ ਜਾਂਦੇ ਹਨ ਸਾਨੂੰ ਕਹਿੰਦੇ ਹੀ ਕੱਖ ਨਹੀਂ। ਇਹ ਨਾ ਹੋਏ ਕਿ ਕਿਤੇ ਘਰ ਜਾ ਕੇ ਆਦਮੀਆਂ ਨਾਲ ਲੜੋ ਕਿ ਸਾਨੂੰ ਗਾਲ੍ਹਾਂ ਨਹੀਂ ਪਈਆਂ ਸਿਰਫ ਤੁਹਾਨੂੰ ਹੀ ਪਈਆਂ ਹਨ। ਅਸੀਂ ਸਭ ਇਕੋ ਹੀ ਹਾਂ, ਜਿੰਨੇ ਵੀ ਪੰਜ ਤੱਤ ਵਿਚ ਹਨ, ਉਹ ਸਾਰੇ ਮਰਦ ਹੀ ਹਨ। ਕਈ ਔਰਤਾਂ ਇੰਨਿਆਂ ਮਹਾਨ ਹੁੰਦੀਆਂ ਹਨ ਕਿ ਮਰਦਾਂ ਨਾਲੋਂ ਵੱਧਕੇ ਕੰਮ ਕਰਦੀਆਂ ਹਨ। ਕਈ ਮਰਦ ਇੰਨੇ ਕਾਇਰ ਹੁੰਦੇ ਹਨ ਕਿ ਔਰਤਾਂ ਨਾਲੋਂ ਵੀ ਥਲੇ ਡਿੱਗ ਜਾਂਦੇ ਹਨ। ਸੋ ਭਾਵ ਸਿਰਫ ਕਹਿਵਣ ਦਾ ਇਹ ਹੈ ਕਿ ਜਿਨੇ ਵੀ ਪੂਰਨ ਪੁਰਖਾਂ, ਅਵਤਾਰਾਂ ਦੇ ਫਾਲਵਰ ਜਾਂ ਭਗਤ ਪਿਆਰੇ ਆਏ ਹਨ ਜਿਸ ਤਰ੍ਹਾਂ ਤੱਤੀ ਲੋਹ ਦੇ ਤਸੀਹੇ, ਜਿਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਨਾਲ ਭਾਈ ਮਤੀ ਦਾਸ ਦੇ ਸਿਰ ਤੇ ਆਰਾ ਚਲਿਆ ਹੈ, ਜੋ ਬੰਦੇ ਬਹਾਦਰ ਨੇ ਜਮੂਰਾਂ ਨਾਲ ਮਾਸ ਖਿਚਾਇਆ ਹੈ, ਜੋ ਮਨਸੂਰ ਨੂੰ ਸੂਲੀ ਚਾੜਿਆ ਗਿਆ ਹੈ, ਜਾਂ ਮਹਾਂਬੀਰ ਦੇ ਕੰਨਾਂ 'ਚ, ਕਿੱਲ ਠੋਕੇ ਗਏ ਹਨ, ਜਾਂ ਮੁਹੰਮਦ ਦੇ ਦੰਦ ਤੋੜ ਦਿੱਤੇ ਗਏ ਹਨ,ਕੀ ਉਨ੍ਹਾਂ ਨਾਲ ਕਿਸੇ ਹੋਰ ਨੂੰ ਮੁਸੀਬਤ ਪਈ! ਪਰ ਤੁਸੀਂ ਤਾਂ ਆਪਣੇ ਬਚਿਆਂ ਨੂੰ ਉਹਨਾਂ ਦੇ ਗੁਨਾਹਾਂ ਦੀ ਸਜਾ ਤੋਂ ਵੀ ਬਚਾਉਂਦੇ ਹੋ। ਕੀ ਤੁਸਾਂ ਕਦੇ ਕਿਹਾ ਹੈ ਕਿ ਮੇਰਾ ਬੱਚਾ ਗਲਤ ਹੈ? ਹਮੇਸ਼ਾਂ ਤੁਸੀਂ ਆਪਣੇ ਰਿਸ਼ਤੇਦਾਰਾਂ ਕੋਲ ਜਾ ਕੇ ਉਹਦੀ ਸਿਫਤ ਕਰਦੇ ਹੋ। ਬਾਂਦਰੀ ਵਾਂਗ ਤੁਸੀਂ ਲੋਕ ਹੋ। ਭਾਵ ਜਿਸ ਤਰ੍ਹਾਂ ਬਾਂਦਰੀ ਆਪਦੇ ਬੱਚੇ ਆਪੇ ਹੀ ਪੈਰ ਥਲੇ ਲੈ ਕੇ ਮਾਰ ਛਡਦੀ ਹੈ ਇਸ ਤਰ੍ਹਾਂ ਹੀ ਅਸੀਂ ਲੋਕ ਕਰਦੇ ਹਾਂ। ਆਪਣੇ ਜਜ਼ਬਾਤਾਂ ਰਾਹੀਂ, ਔਰ ਮਾੜੇ ਖਿਆਲਾਂ ਰਾਹੀਂ ਅਸੀਂ ਆਪਣੀ ਔਲਾਦ ਦਾ ਬੇੜਾ ਗਰਕ ਕਰ ਦਿੰਦੇ ਹਾਂ। ਉਨ੍ਹਾਂ ਨੂੰ ਅਸੀਂ ਜ਼ਿੰਦਗੀ 'ਚ, ਉਠਣ ਦੀ ਜਗ੍ਹਾ ਸਗੋਂ ਮਾਰ ਦਿੰਦੇ ਹਾਂ। ਉਹ ਬਾਹਰ ਖੇਹ ਖਾਣ, ਨੱਚਣ, ਟੱਪਣ, ਜਿਥੇ ਮਰਜੀ ਧੱਕੇ ਖਾਵਣ। ਸਾਡੀ ਇੰਨੀ ਜੁਰਤ ਨਹੀਂ ਪੈਂਦੀ ਕਿ ਅਸੀਂ ਉਨ੍ਹਾਂ ਨੂੰ ਪੁਛ ਸਕੀਏ ਕਿ ਤੁਸੀਂ ਕਿਥੋਂ ਆਏ ਹੋ? ਪਰ ਜਦੋਂ ਕਿਤੇ ਉਨ੍ਹਾਂ ਚੰਗੇ ਪਾਸੇ ਤੁਰ ਪੈਣਾ ਹੈ ਤਾਂ ਉਦੋਂ ਅਸੀਂ ਉਸ ਨੂੰ ਹਰ ਜਗ੍ਹਾ ਤੇ ਆਕੇ ਪੁਛਣਾ ਹੈ ਕਿ ਇਹ ਤੂੰ ਕੀ ਕੀਤਾ, ਕਿਉਂ ਕੀਤਾ? ਕਾਹਦੇ ਲਈ ਕੀਤਾ? ਅਸੀਂ ਕਦੀ ਵੀ ਉਨ੍ਹਾਂ ਨੂੰ ਉਹ ਕਰਨ ਲਈ ਨਹੀਂ ਪ੍ਰੇਰਾਂਗੇ, ਸਾਨੂੰ ਪਤਾ ਵੀ ਹੈ ਕਿ ਇਹ ਸਚ ਹੈ। ਪਰ ਕਾਲ ਸਾਨੂੰ ਉਸ ਸਚ ਕੋਲ ਆਉਣ ਨਹੀਂ ਦਿੰਦਾ। ਜਿਥੇ ਕਾਲ ਹੁੰਦਾ ਹੈ ਉਥੇ ਅਸੀਂ

ਵੀ ਆਪਣੇ ਧੀਆਂ ਪੁੱਤ ਲੈ ਕੇ ਪੱਬਾਂ 'ਚ ਜਾ ਬੈਠਦੇ ਹਾਂ, ਪਾਰਟੀਆਂ 'ਚ, ਜਾ ਕੇ ਖੱਡੇ ਹੋ ਜਾਂਦੇ ਹਾਂ। ਉਥੇ ਨਾਂ ਸਾਨੂੰ ਕੋਈ ਸ਼ਰਮ, ਨਾ ਕੋਈ ਸਾਡਾ ਧਰਮ ਔਰ ਨਾ ਸਾਡਾ ਕੋਈ ਕਰਮ ਹੁੰਦਾ ਹੈ। ਜਦੋਂ ਅਸੀ ਰਬ ਵਾਲੇ ਪਾਸੇ ਜਾਣਾ ਹੈ, ਜਾਂ ਰਬ ਦੇ ਰਸਤੇ ਚਲਣ ਲਗਣਾ ਹੈ ਤਾਂ ਸਾਨੂੰ ਫਿਰ ਸ਼ਰਮ ਵੀ ਆਉਣੀ ਹੈ, ਸਾਡਾ ਧਰਮ ਵੀ ਜਾਗ ਪੈਣਾ ਹੈ, ਸਾਡਾ ਕਰਮ ਵੀ ਜਾਗ ਪੈਣਾ ਹੈ। ਇਹ ਸਭ ਕੁਝ ਅਸੀਂ ਕਾਹਦੇ ਲਈ ਕਰਦੇ ਹਾਂ? ਬਾਕੀ ਰਬ ਕੀ ਕਹਿੰਦਾ ਹੈ ਵੇਖੋ? ਬਈ ਉਹ ਤਾਂ ਸਿਰਫ ਇਹੋ ਹੀ ਕਹਿੰਦਾ ਹੈ ਕਿ ਤੁਸੀ ਸਿਆਣੇ ਬਣ ਜਾਉ, ਸਮਝਦਾਰ ਬਣ ਜਾਉ ਭਟਕੋ ਨਾ।

***ਏਕ ਰਾਮ ਦਸਰਥ ਕਾ ਬੇਟਾ, ਏਕ ਰਾਮ ਘਟ ਘਟ ਮਾਹਿ ਲੇਟਾ।।***

***ਏਕ ਰਾਮ ਕਾ ਸਗਲ ਪਸਾਰਾ, ਏਕ ਰਾਮ ਜਗ ਮਾਹਿ ਨਿਆਰਾ।।***

ਕਬੀਰ ਸਾਹਿਬ ਆਖਦੇ ਹਨ ਕਿ ਚਾਰ ਪ੍ਰਕਾਰ ਦੇ ਰਾਮ ਹਨ। ਪਹਿਲਾ ਰਾਮ ਤ੍ਰੇਤੇ ਯੁਗ 'ਚ ਆਇਆ, ਰਾਵਣ ਨਾਲ ਲੜਿਆ ਔਰ ਲੜਕੇ ਚਲਾ ਗਿਆ, ਦੂਸਰਾ ਰਾਮ ਸਾਡਾ ਮਨੰ ਰੂਪੀ ਰਾਮ ਹੈ ਜਿਹੜਾ ਘੜੀ 'ਚ ਕਿਤੇ, ਘੜੀ 'ਚ ਕਿਤੇ ਭਟਕਦਾ ਹੈ। ਤੀਸਰਾ ਬ੍ਰਹਮ ਰੂਪੀ ਰਾਮ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਔਰ ਸਾਰੀ ਸ੍ਰਿਸ਼ਟੀ ਪਾਲਨਹਾਰ ਹੈ। ਔਰ ਸਾਰੀ ਸ੍ਰਿਸ਼ਟੀ ਨੂੰ ਆਪਣੀ ਬੁੱਧੀ, ਗਿਆਨ ਭੇਂਟ ਕਰਦਾ ਹੈ। ਚੌਥਾ ਰਾਮ ਹੈ ਸੀਆ ਰੂਪੀ ਰਾਮ, ਸੰਤ ਰੂਪੀ ਰਾਮ, ਸੱਚਖੰਡ ਵਾਸੀ ਰਾਮ। ਜਿਸਦੀ ਮਹਿਮਾ ਹਰ ਵੇਦ ਗ੍ਰੰਥ ਵਿਚ ਰਚੀ ਗਈ ਹੈ।

***ਰਾਮ ਰੰਗੁ ਕਦੇ ਉਤਰਿ ਨ ਜਾਇ, ਗੁਰ ਪੂਰਾ ਜਿਸੁ ਦੇਇ ਬੁਝਾਇ।***

ਜਿਸ ਦੀ ਉਹ ਮਹਿਮਾ ਬਿਆਨ ਕਰਦੇ ਹਨ ਉਹ ਸੱਚਾ ਰੰਗ ਹੈ। ਜਿਸ ਰਾਮ ਨਾਮ ਦੀ ਉਪਮਾ ਬਿਆਨ ਕੀਤੀ ਗਈ ਹੈ, ਉਹੀ ਪੂਰਨ ਹੈ। ਬਾਕੀ ਸ਼ੁਰੂ ਤੋਂ ਹੀ ਕਬੀਰ ਸਾਹਿਬ ਨੇ ਠੀਕ ਕਿਹਾ ਹੈ ਕਿ ਤੁਸੀਂ ਰਾਮ ਨਾਮ ਦਾ ਧੰਨ ਇਕੱਠਾ ਕਰੋ। ਦੂਜੀਆਂ ਜਿੰਨੀਆਂ ਵੀ ਨਾਸ਼ਵਾਨ ਚੀਜਾਂ ਹਨ ਉਹ ਆਖਰ ਫਨਾਹ ਹਨ। ਤੁਹਾਡਾ ਸਰੀਰ ਵੀ ਫਨਾਹ ਹੈ।

"ਖਾਕ ਮਾਹਿ ਖਾਕ"

ਭਾਵ ਇਸ ਨੇ ਮਿੱਟੀ 'ਚ, ਮਿੱਟੀ ਹੀ ਹੋ ਜਾਣਾ ਹੈ। ਇਹਦੀ ਕੋਈ ਯਾਦ ਨਹੀ ਰਹਿਣੀ। ਤੁਸੀ ਉਹ ਕਰਮ ਕਮਾਉ ਜਿਹਦੇ ਨਾਲ ਤੁਹਾਡਾ ਜੀਵਨ ਉੱਚਾ ਹੋ ਸਕੇ।

**ਨਿਜਧਨੁ ਗਿਆਨੁ ਭਗਤਿ ਗੁਰਿ ਦੀਨੀ, ਤਾਸੁ ਸੁਮਤਿ ਮਨੁ ਲਾਗਾ।।**

**ਜਲਤ ਅੰਭ ਥੰਭਿ ਮਨੁ ਧਾਵਤ, ਭਰਮ ਬੰਧਨ ਭਉ ਭਾਗਾ।।**

ਸਾਹਿਬ ਫਿਰ ਸਾਨੂੰ ਆਪਣੇ ਉਪਦੇਸ਼ ਦੇ ਰਾਹੀਂ ਇਹ ਸਮਝਾ ਰਹੇ ਹਨ ਕਿ ਜਲ, ਥਲ, ਅਕਾਸ਼, ਗਗਨ, ਧਰਤੀ ਔਰ ਪਾਤਾਲ। ਇਸ ਸਾਰੀ ਜਗ੍ਹਾ ਤੇ ਅਸੀਂ ਸਾਰੇ ਵਸਨਹਾਰ ਹਾਂ ਔਰ ਵਸ ਰਹੇ ਹਾਂ। ਔਰ ਸਾਡਾ ਮੌਤ ਜਾਂ ਜਮਾਂ ਦਾ ਭੈ ਭਉ, ਡਰ ਉਹ ਖਤਮ ਹੋਣਾ ਹੈ ਜਦੋਂ ਸਾਨੂੰ ਕਿਸੇ ਨਾਮੀ ਪੁਰਖ ਦੀ ਸ਼ਰਨ ਮਿਲਣੀ ਹੈ ਔਰ ਉਸ ਵੇਲੇ ਜਦ ਨਾਮ ਦੀ ਪ੍ਰਾਪਤੀ ਹੋਣੀ ਹੈ ਜਿਸ ਨੂੰ ਅਸੀਂ ਸ਼ਬਦ ਆਖਦੇ ਹਾਂ। ਸੋ ਇਸ ਲਈ ਤੁਹਾਨੂੰ ਉੱਚਾ ਔਹ ਮਹਾਨ ਬਣਨ ਵਾਸਤੇ ਬਾਰ ਬਾਰ ਜੁਗਤੀ ਦਿੱਤੀ ਜਾਂਦੀ ਹੈ। ਜੇ ਤੁਸੀ ਸਮਝ ਜਾਉਗੇ ਤਾਂ ਵੀ ਠੀਕ ਹੈ ਜੇ ਨਹੀਂ ਸਮਝੋਗੇ ਤਾਂ ਵੀ, ਤੁਹਾਂਡੀ ਮਰਜੀ ਹੈ। ਬਾਕੀ ਜੇ ਤੁਸੀਂ ਮਰਜੀ ਕਰੋ। ਐਸੀ ਕੋਈ ਔਕੜ ਵਾਲੀ ਗੱਲ ਨਹੀਂ ਹੈ। ਬਾਕੀ ਜੇ ਤੁਹਾਨੂੰ ਕੋਈ ਐਸਾ ਮੌਕਾ ਮਿਲ ਜਾਵੇ ਤਾਂ ਤੁਸੀਂ ਆਪਣੇ ਆਪ ਨੂੰ ਖੋਜਣ ਦੀ ਕੋਸ਼ਿਸ਼ ਕਰੋ ਤਲਾਸ਼ ਕਰੋ। ਕਿਸੇ ਨੂੰ ਮਤ ਤਲਾਸ਼ ਕਰੋ, ਸਿਰਫ ਖੁਦ ਨੂੰ ਤਲਾਸ਼ ਕਰੋ। ਜੇ ਖੁਦ ਨੂੰ ਤੁਸੀਂ ਤਲਾਸ਼ ਕਰੋਂਗੇ ਤਾਂ ਦੂਜੀ ਚੀਜ਼ ਬਾਰੇ ਤੁਹਾਨੂੰ ਆਪਣੇ ਆਪ ਹੀ ਪਤਾ ਲਗ ਜਾਵੇਗਾ। ਜਿੰਨੀ ਤੁਹਾਨੂੰ ਭੁੱਖ ਹੈ ਉਨੀਂ ਹੀ ਦੂਜੇ ਨੂੰ ਭੁੱਖ ਲਗਦੀ ਹੈ, ਜਿੰਨੀ ਤੁਹਾਨੂੰ ਠੰਡ ਲਗਦੀ ਹੈ ਉਨੀਂ ਹੀ ਦੂਜੇ ਨੂੰ ਵੀ ਠੰਡ ਲਗਦੀ ਹੈ। ਜਿਸ ਤਰ੍ਹਾਂ ਤੁਸੀ ਸੁਖ ਚਾਹੁੰਦੇ ਹੋ ਇਸ ਤਰ੍ਹਾਂ ਦੂਸਰੇ ਨੂੰ ਵੀ ਸੁਖ ਦਿਉ। ਕਿਸੇ ਕੋਲੋਂ ਖੋਹ ਕੇ ਸੁਖ ਨਾ ਲਵੋ। ਕਿਸੇ ਨੂੰ ਬੁਰਾ ਭਲਾ ਕਹਿਕੇ ਸੁਖ ਹਾਸਲ ਨਾ ਕਰੋ। ਉੱਚੇ ਮਹਾਨ ਬਣੋ। ਉਹੀ ਤੁਹਾਡੀ ਮਹਾਨਤਾ,ਤੁਹਾਡਾ ਅੱਗਾ ਹੈ,ਭਾਵ ਭਵਿੱਖ ਹੈ।

**ਨਾਨਕ ਨਾਮ ਚੜ੍ਹਦੀ ਕਲਾ।।**

**ਤੇਰੇ ਭਾਣੇ ਸਰਬੱਤ ਦਾ ਭਲਾ।।**

# ਵਡਿਆਈ

ਬਿਲਾਵਲ ਮਹਲਾ ੩।।

*''ਜਿਸਦਾ ਸਾਹਿਬ ਡਾਢਾ ਹੋਇ ਤਿਸੁ ਨੋ ਮਾਰ ਸਕੈ ਨ ਕੋਇ।।*

***ਸਾਹਿਬ ਕੀ ਸੇਵਕ ਰਹੇ ਸਰਣਾਈ ਆਪੇ ਬਖਸੇ ਦੇ ਵਡਿਆਈ।।''***

ਇਹ ਬਾਣੀ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਆਪਣੇ ਇਸ ਮੁਖਵਾਕ ਦੇ ਅੰਦਰ ਉਸ ਪਿਤਾ ਪ੍ਰਮਾਤਮਾ ਦੇ ਭਗਤਾਂ ਦੀ ਬਾਬਤ ਬਿਆਨ ਕਰਦੇ ਹਨ ਕਿ ''ਜਿਸਦਾ ਸਾਹਿਬ ਡਾਢਾ ਹੋਇ ਤਿਸੁ ਨੋ ਮਾਰ ਨ ਸਕੈ ਕੋਇ।। ਸਾਹਿਬ ਕੀ ਸੇਵਕ ਰਹੇ ਸਰਣਾਈ ਆਪੇ ਬਖਸੇ ਦੇ ਵਡਿਆਈ।।'' ਭਾਵ ਗੁਰੂ ਅਮਰਦਾਸ ਜੀ ਮਹਾਰਾਜ ਆਪਣੇ ਵਕਤ ਪਰਲਾਦ ਭਗਤ ਦੀ ਮਿਸਾਲ ਦੇ ਕੇ ਸਮਝਾਇਆ ਕਰਦੇ ਸਨ ਕਿ ਜਿਸ ਤਰ੍ਹਾਂ ਹਰਨਾਖਸ਼ ਨੇ ਆਪਣੀ ਬਹੁਤ ਤਪਸਿਆ ਕੀਤੀ, ਬੰਦਗੀ ਕੀਤੀ ਆਪਣੇ ਤਪ ਅਤੇ ਸ਼ਕਤੀ ਦੇ ਨਾਲ ਸਾਰੇ ਦੇਵੀ ਦਿਉਤਿਆਂ ਤੇ ਫਤਹਿ ਹਾਸਲ ਕਰਕੇ ਉਸ ਹਰੀ ਭਾਵ ਉਸ ਪ੍ਰਮਾਤਮਾ ਨੂੰ ਵੀ ਜਿਤਣ ਦੀ ਕੋਸ਼ਿਸ਼ ਕੀਤੀ, ਜਿਸਨੇ ਸਾਰੀ ਸ਼ਕਤੀ, ਸਾਰੀ ਤਾਕਤ ਅਤੇ ਸਾਰਾ ਬਲ ਉਸ ਨੂੰ ਆਪਣੇ ਖਜਾਨੇ ਵਿਚੋਂ ਬਖਸ਼ਿਸ਼ ਕੀਤਾ ਸੀ। ਉਸਦੀ ਭਗਤੀ ਅਤੇ ਬੰਦਗੀ ਤੋਂ ਦਿਆਲ ਹੋ ਕੇ, ਪ੍ਰੰਤੂ ਉਸਦੇ ਭਗਤੀ ਅਤੇ ਸ਼ਕਤੀ ਨੂੰ ਠੀਕ ਤਰੀਕੇ ਦੇ ਨਾਲ ਨਾ ਵਰਤਣ ਕਰਕੇ ਦੁਨੀਆ ਦੇ ਉਤੇ ਆਪਣਾ ਨਾਮ ਜਪਾਣ ਲਈ ਜੋ ਅਤਿਆਚਾਰ ਅਤੇ ਜੁਲਮ ਕੀਤੇ ਉਸਦੇ ਉਪਰੰਤ ਪ੍ਰਮਾਤਮਾ ਨੇ ਪਰਲਾਦ ਭਗਤ ਦਾ ਰੂਪ ਧਾਰਨ ਕਰਕੇ ਹਰਨਾਖਸ਼ ਦੇ ਘਰ ਜਨਮ ਲਿਆ। ਜਦ ਭਗਤ ਪ੍ਰਲਾਦ ਆਪਣੀ ਭਗਤੀ ਦੇ ਵਿਚ ਲੀਨ ਹੋ ਜਾਂਦੇ ਸਨ ਤਾਂ ਉਨ੍ਹਾਂ ਦਾ ਡਰ ਹਿਰਦੇ 'ਚੋਂ ਸਦਾ ਦੇ ਵਾਸਤੇ ਖਤਮ ਹੋ ਜਾਂਦਾ ਸੀ। ਕਿਸੇ ਕੋਲੋਂ ਵੀ ਡਰਦੇ ਨਹੀਂ ਸਨ। ਅੱਗ ਦੇ ਹਵਾਲੇ ਕੀਤਾ ਗਿਆ, ਤੱਤੇ ਥੰਮਾਂ ਨਾਲ ਲਾਇਆ ਗਿਆ, ਜ਼ਹਿਰ ਦੇ ਪਿਆਲੇ ਪਿਆਏ ਗਏ, ਅੰਧੇਰੀਆਂ ਕੋਠੜੀਆਂ ਵਿਚ ਭਿਆਨਕ ਜਗ੍ਹਾ ਤੇ ਭੇਜ ਦਿੱਤਾ ਗਿਆ, ਉਚੀਆਂ ਜਗ੍ਹਾ ਪਹਾੜਾਂ ਤੋਂ

ਨੀਚੇ ਸੁਟਿਆ ਗਿਆ। ਮਗਰ ਉਸਦੇ ਮਨ 'ਚ ਕੋਈ ਵੀ ਡਰ ਅਤੇ ਭੈ ਨਹੀਂ ਸੀ ਉਸਦਾ ਕਾਰਨ ਸਿਰਫ ਇਹ ਸੀ ਕਿ ਉਸਦੇ ਅੰਦਰ ਸੱਚੇ ਪ੍ਰੀਤਮ, ਸੱਚੇ ਪ੍ਰਮਾਤਮਾ, ਸੱਚੇ ਸਾਹਿਬ ਦਾ ਨਾਮ ਅਤੇ ਸ਼ਬਦ ਵਸਿਆ ਹੋਇਆ ਸੀ।ਇਸੇ ਕਾਰਨ ਕਰਕੇ ਉਹ ਕਿਸੇ ਕੋਲੋਂ ਡਰਦੇ ਨਹੀਂ ਸਨ। ਕਿਉਂਕਿ

***'ਸਾਹਿਬ ਕਾ ਸੇਵਕ ਰਹੇ ਸ਼ਰਨਾਈ"***

ਸਾਹਿਬ ਕਾ ਸੇਵਕ ਸਾਹਿਬ ਤੋਂ ਭਾਵ ਹੈ ਜਿਹੜਾ ਸਭ ਤੋਂ ਉੱਚਾ ਉੱਤਮ ਤੇ ਵੱਡਾ ਹੋਵੇ। ਉਹਦੀ ਸ਼ਰਨਾਗਤ ਵਿਚ ਜੋ ਜੀਵ ਰਹਿੰਦਾ ਹੈ, ਜਾਂ ਜੋ ਜੀਵ ਉਸਦਾ ਧਿਆਨ ਕਰਦੇ ਹਨ ਉਨ੍ਹਾਂ ਨੂੰ ਕਿਸੇ ਦਾ ਵੀ ਭੈ ਨਹੀਂ, ਕਿਸੇ ਦਾ ਵੀ ਡਰ ਨਹੀਂ। ਇਸੇ ਵਾਸਤੇ ਹੀ ਜਪੁਜੀ ਸਾਹਿਬ ਦੀ ਸ਼ੁਰੂਆਤ ਵਿਚ ਮਹਾਰਾਜ ਨੇ ਨਿਰਭਉ ਤੇ ਨਿਰਵੈਰ ਕਹਿ ਕੇ ਉਸ ਪ੍ਰਮਾਤਮਾ ਨੂੰ ਯਾਦ ਕੀਤਾ ਹੈ ਜਿਸਦਾ ਕਿਸੇ ਨਾਲ ਵੈਰ ਨਹੀਂ ਤੇ ਕਿਸੇ ਕੋਲੋਂ ਡਰਦਾ ਨਹੀ ਹੈ। ਹਜ਼ੂਰ ਮਹਾਰਾਜ ਦਾ ਆਪਣਾ ਸੰਦੇਸ਼ ਹੈ ਕਿ:—

***ਤਿਸ ਤੇ ਊਪਰ ਨਾਹੀ ਕੋਇ।***

***ਕੌਣ ਡਰੇ ਡਰ ਕਿਸਕਾ ਹੋਇ।।***

ਉਸ ਮਾਲਕ ਤੋਂ ਉਪਰ ਹੋਰ ਕੋਈ ਤਾਕਤ ਨਹੀ ਹੈ ਇਸੇ ਵਾਸਤੇ ਕਿਸੇ ਕੋਲੋਂ ਡਰਨਾ ਵੀ ਨਹੀਂ ਚਾਹੀਦਾ। ਜੀਵ ਆਤਮਾ ਨੂੰ ਮਹਾਰਾਜ ਗੁਰੂ ਅਮਰਦਾਸ ਜੀ ਇਸ ਢੰਗ ਨਾਲ ਬਿਆਨ ਕਰਦੇ ਹਨ ਕਿ ਜਦ ਤੁਸੀਂ ਵੀ ਮਾੜੇ ਕਰਮ ਨਹੀਂ ਕਰੋਗੇ ਤਾਂ ਤੁਹਾਨੂੰ ਵੀ ਕਿਸੇ ਦਾ ਡਰ ਨਹੀਂ ਹੈ ਨਾ ਜਮਾਂ ਦਾ ਨਾ ਦੁਨਿਆਵੀ ਪੁਲਸ ਨਾ ਕਿਸੇ ਹੋਰ ਐਸੀ ਸਜ਼ਾ ਦਾ ਜਿਸਦੇ ਵਿਚ ਤੁਸੀਂ ਰਹਿਕੇ ਆਪਣੀ ਜ਼ਿੰਦਗੀ ਨੂੰ ਦੁਖਾਂ ਅਤੇ ਮੁਸੀਬਤਾਂ ਵਿਚ ਪਾਉ। ਜਦ ਤੁਸੀਂ ਚੰਗੇ, ਸੱਚੇ ਸੁੱਚੇ ਮਾਲਕ, ਪ੍ਰੀਤਮ ਦੇ ਨਾਮ ਦਾ ਧਿਆਨ ਕਰੋਗੇ ਤੇ ਚੰਗੇ ਕਰਮ ਕਮਾਉਗੇ ਤਾਂ ਤਦ ਜਾ ਕੇ ਤੁਹਾਡਾ ਇਹ ਜਿਹੜਾ ਜੀਵਨ ਹੈ ਸਫਲ ਹੋ ਜਾਵੇਗਾ ਆਪ ਨੂੰ ਸਿਰਫ ਡਰ ਹੈ ਤਾਂ ਆਪਣੇ ਗੁਨਾਹਾਂ ਦਾ, ਆਪਣੇ ਮਾੜਿਆਂ ਕ੍ਰਮਾਂ ਦਾ ਜਿਹੜੇ ਕਿ ਅਸੀਂ ਆਪਣੀ ਮੋਹ, ਮਮਤਾ ਦੇ ਜਾਲ ਵਿਚ, ਮਾਇਆ ਦੇ ਜਾਲ ਵਿਚ ਕਾਮ ਦੇ ਜਾਲ ਵਿਚ,ਕਰੋਧ ਦੇ ਜਾਲ ਵਿਚ ਫਸਕੇ ਕਮਾਉਂਦੇ ਰਹਿੰਦੇ ਹਾਂ। ਇਨ੍ਹਾਂ ਤੋਂ ਅਜਾਦੀ ਪਾਉਣ ਵਾਸਤੇ ਜਿਸ ਤਰ੍ਹਾਂ ਅਸੀਂ ਪ੍ਰਲਾਦ ਭਗਤ ਦੇ ਬਾਰੇ ਬਿਆਨ ਕੀਤਾ ਹੈ ਇਸ ਤਰ੍ਹਾਂ ਪ੍ਰਲਾਦ ਰੂਪੀ ਆਤਮਾਵਾਂ ਅਤੇ ਪਤੀ, ਪਿਤਾ, ਜਾਂ ਸਾਹਿਬ ਰੂਪੀ ਪ੍ਰਮਾਤਮਾ, ਮਨ ਰੂਪੀ ਹਰਨਾਖਸ਼, ਤੇ ਸ਼ਬਦ ਨਾਲ ਜਿੱਤ ਪ੍ਰਾਪਤ ਕਰ ਸਕਦੇ ਹਾਂ।

ਨਾਭੀ, ਹਿਰਦਾ, ਅਤੇ ਗੁਦਾ ਰੂਪੀ ਇੰਦਰੀਆਂ ਨੂੰ ਵਸ ਕਰਨ ਵਾਲਾ ਹਰਨਾਖਸ਼ ਰੂਪੀ ਮਨ ਸਾਡੀ ਪ੍ਰਲਾਦ ਰੂਪੀ ਆਤਮਾ ਨੂੰ ਕਸ਼ਟ ਤੇ ਤਸੀਹੇ ਦਿੰਦਾ ਹੈ ਜੋ ਕਿ ਜਨਮਾਂ ਜਨਮਾਂ ਚਲਿਆ ਆਉਂਦਾ ਹੈ। ਆਤਮਾ ਨੂੰ ਜਦ ਕੋਈ ਪੂਰਨ ਮੁਰਸ਼ਦ ਭਾਵ ਪ੍ਰਮਾਤਮਾ ਦਾ ਗੁਰੂ ਸ਼ਬਦ, ਮਿਲ ਜਾਂਦਾ ਹੈ ਤਾਂ ਉਹ ਤ੍ਰਿਪਤ ਹੋ ਜਾਂਦੀ ਹੈ

***"ਗੁਰਮਤਿ ਸਾਂਤਿ ਵਸੈ ਸਰੀਰੁ।। ਸਬਦ ਚੀਨੁ ਫਿਰ ਲਗੈ ਨ ਪੀਰ।।"***

ਕਿ ਸਬਦਿ ਤੋਂ ਬਗੈਰ ਇਸ ਸਰੀਰ ਵਿਚ ਹਰ ਦਰਦ ਹੈ ਜਦੋਂ ਸਬਦ ਦਾ ਪ੍ਰਕਾਸ਼ ਹੋ ਗਿਆ ਅੰਦਰ ਵਾਸ ਹੋ ਗਿਆ ਦਰਦ ਖਤਮ ਹੋ ਗਿਆ, ਉਹ ਦਰਦ ਹੈ ਸਰੀਰ ਦੀ, ਬਿਰਹੋਂ ਦੀ, ਵੈਰਾਗ ਦੀ, ਜੁਦਾਈ ਦੀ। ਸੋ ਇਸੇ ਤਰ੍ਹਾਂ ਦੀ ਮਹਾਰਾਜ ਨੇ ਸਾਨੂੰ ਸਮਝਾਇਆ ਹੈ ਕਿ ਇਸ ਸਰੀਰ ਤੇ ਉਸ ਹਰਨਾਖਸ਼ ਨੇ ਜਿੱਤ ਪਾਣ ਲਈ ਅਤੇ ਆਪ ਅਮਰ ਹੋਣ ਲਈ ਵਰ ਲੈ ਲਿਆ ਕਿ ਮੈਂ ਨਾ ਅੰਦਰ ਨਾ ਬਾਹਰ, ਨਾ ਦਿਨੇ ਨਾ ਰਾਤੀਂ, ਨਾ ਕੋਈ ਦੇਵੀ ਨਾ ਦਿਉਤਾ ਉਸਨੂੰ ਮਾਰ ਸਕਣ। ਇਹ ਵਰ ਲੈ ਕੇ ਉਸ ਨੇ ਦੁਨੀਆਂ ਤੇ ਜੁਲਮ ਕਰਨੇ ਸ਼ੁਰੂ ਕਰ ਦਿੱਤੇ। ਇਸੇ ਤਰ੍ਹਾਂ ਮਨ ਨੇ ਵੀ ਪ੍ਰਮਾਤਮਾ ਦੇ ਪਾਸੋਂ ਕਾਲ ਦੇ ਰੂਪ ਵਿਚ 64 ਅਤੇ 74 ਹਜ਼ਾਰ ਸਾਲ ਭਾਵ 1,38,000 ਸਾਲ ਲਗਾਤਾਰ ਇਕ ਲੱਤ ਤੇ ਖੜਿਆ ਹੋ ਕੇ ਤਪਸਿਆ ਕਰਕੇ ਇਨ੍ਹਾਂ ਰੂਹਾਂ ਨੂੰ ਆਪਣੇ ਸ਼ਕੰਜੇ 'ਚ ਫਸਾਇਆ ਹੈ। ਆਪਣੇ ਇਸ ਤਪ ਤਪਸਿਆ ਦੇ ਨਾਲ ਇਨ੍ਹਾਂ ਆਤਮਾਵਾਂ ਨੂੰ ਆਪਣੀ ਗੋਦ ਵਿਚ ਲਬੇੜਕੇ ਕਾਫੀ ਸਮਿਆਂ ਤੋਂ ਮਾੜਿਆਂ ਕਰਮਾਂ ਵਿਚ ਲਿਜਾ ਕੇ ਔਕੜਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਾਉਂਦਾ ਹੈ। ਸਿਰਫ ਆਪਣੀ ਵਾਸ਼ਨਾ ਅਤੇ ਆਪਣੀ ਭੁਖ ਵਾਸਤੇ ।

***ਕਰਮਹੀਣ ਜਨ ਕਰੇ ਬੈਨੰਤੀ। ਕਬ ਆਵੇ ਨਾਨਕ ਬਾਰੀ।।***

***ਸਭ ਸੁਹਾਗਣ ਮਾਣੇ ਰਲੀਆ।। ਇਕ ਦਿਉ ਰਾਤ ਮੁਰਾਰੀ।।***

ਕਿ ਇਹ ਆਤਮਾ ਰੂਪੀ ਇਸਤ੍ਰੀ ਪ੍ਰਮਾਤਮਾ ਦੀ ਤਲਾਸ਼ ਵਾਸਤੇ, ਵਿਆਕੁਲ ਹੋਈ ਬੈਠੀ ਹੈ, ਤੜਫ ਰਹੀ ਹੈ ਵਿਲਕ ਰਹੀ ਹੈ ਕਾਹਦੇ ਲਈ? ਇਸ ਲਈ ਕਿ ਮੈਨੂੰ ਮੇਰਾ ਮਾਲਕ ਮਿਲੇ, ਮੈਨੂੰ ਮੇਰਾ ਸਾਂਈ ਮਿਲੇ, ਮੈਨੂੰ ਮੇਰਾ ਸਜਣ ਅਤੇ ਮਿਤਰ ਮਿਲੇ। ਇਹ ਨਿਮਾਣੀ ਆਤਮਾ ਪ੍ਰਮਾਤਮਾ ਦੇ ਭਰੋਸੇਮੰਦੀ ਹੈ। ਜਿਸ ਤਰ੍ਹਾਂ ਨਰਸਿੰਘ ਰੂਪ ਧਾਰਨ ਕਰਕੇ ਧੜ ਆਦਮੀ ਦਾ ਅਤੇ ਸਿਰ ਸ਼ੇਰ ਦਾ ਰੂਪ ਧਾਰਨ ਕਰਕੇ ਨਾਰਾਇਣ ਨੇ ਧਰਤੀ ਤੇ ਅਵਤਾਰ ਧਾਰਕੇ ਮਨ ਦਾ ਨਾਸ ਕੀਤਾ ਭਾਵ ਕਾਲ ਦਾ ਨਾਸ ਕੀਤਾ ਹਰਨਾਖਸ਼ ਨੂੰ ਮਾਰਿਆ, ਇਸੇ ਤਰ੍ਹਾਂ ਹੀ ਪ੍ਰਮਾਤਮਾ ਨੇ ਸੰਤ ਰੂਪ ਸਰੀਰ ਧਾਰ ਕੇ ਧਰਤੀ ਤੇ ਆ ਕੇ ਮਨ ਨੂੰ

ਵਸ ਕਰਕੇ ਸਾਡੀ ਜੀਵ ਆਤਮਾ ਨੂੰ ਅਜਾਦ ਕਰਾਇਆ ਹੈ ਇਸ ਚੌਰਾਸੀ ਦੇ ਜੇਲਖਾਨੇ ਤੋਂ ਅਤੇ ਦੇਹ ਦੇ ਬੰਧਨਾਂ ਤੋਂ। ਸੰਤਾਂ ਦਾ ਸੰਦੇਸ਼ ਸਿਰਫ ਜੀਵ ਆਤਮਾ ਦੇ ਵਾਸਤੇ ਹੈ ਨਾ ਕਿ ਜਾਤਾਂ ਪਾਤਾਂ ਅਤੇ ਮਜ਼ਹਬਾਂ ਕੌਮਾਂ ਵਾਸਤੇ ਇਹੋ ਹੀ ਮਹਾਰਾਜ ਜੀ ਦੀ ਬਾਣੀ ਦਾ ਹੈ:—

*"ਮਹਿਮਾ ਸਾਧੂ ਸੰਗਿ ਕੀ ਸੁਣਹੁ ਮੇਰੇ ਮੀਤਾ।।*
*ਮੈਲੋ ਖੋਈ ਕੋਟਿ ਅਘ ਹਰੇ ਨਿਰਮਲ ਭੈ ਚੀਤਾ।।"*

ਗੁਰੂ ਮਹਾਰਾਜ ਦਾ ਮਜਬੂਨ ਹੈ ਤੇ ਇਸ ਮਜਬੂਨ ਰਾਹੀਂ ਆਪ ਉਸ ਪ੍ਰਮਾਤਮਾ ਪਾਸੋਂ ਉਮੰਗ ਕਰ ਰਹੇ ਹਨ ਕਿ ਹੇ ਮੇਰੇ ਦਾਤਾ, ਹੇ ਮੇਰੇ ਪਿਤਾ, ਹੇ ਮੇਰੇ ਮਾਲਕ, ਹੇ ਮੇ ਰੇ ਵਾਹਿਗੁਰੂ, ਮੈਨੂੰ ਕੋਈ ਐਸਾ ਸਜਣ ਮਿਤਰ ਮਿਲਾ ਜਿਸਦੀ ਸ਼ਰਨ ਵਿਚ ਜਾ ਕੇ ਆਪ ਨਾਲ ਪਿਆਰ ਪਾ ਸਕਾਂ ਅਤੇ ਆਪਦੇ ਚਰਨਾਂ ਨਾਲ ਜੁੜਕੇ ਇਨ੍ਹਾਂ (ਦੁਨਿਆਵੀ ਜੰਜਾਲਾਂ) ਤੋਂ ਸਦਾ ਵਾਸਤੇ ਅਜਾਦੀ ਹਾਸਲ ਕਰ ਸਕਾਂ। ਸੋ ਇਸੇ ਤਰ੍ਹਾਂ ਹੀ ਸਾਡੇ ਜੀਵਾਂ ਵਾਸਤੇ ਸੰਤਾਂ ਦੀ ਸ਼ਰਨ ਵਿਚ ਜਾਣਾ ਬਹੁਤ ਜ਼ਰੂਰੀ ਹੈ। ਸੰਤ ਸਾਨੂੰ ਕੀ ਦਿੰਦੇ ਹਨ? ਕਈ ਲੋਕ ਸਵਾਲ ਪੈਦਾ ਕਰਦੇ ਹਨ ਕਿ ਅਸੀਂ ਜੀ ਆਉਂਦੇ ਰਹੇ ਸਾਨੂੰ ਕੀ ਮਿਲਿਆ ਹੈ? ਅਸੀਂ ਪੈਸੇ ਵੀ ਦਿੰਦੇ ਰਹੇ ਮਥੇ ਵੀ ਟੇਕਦੇ ਰਹੇ ਪ੍ਰੰਤੂ ਕੀ ਮਿਲਿਆ ਹੈ? ਬਈ ਮਿਲਣਾ ਸਾਨੂੰ ਕੁਝ ਨਹੀਂ ਹੈ। ਸੰਤਾਂ ਨੇ ਸਾਨੂੰ ਫੈਕਟਰੀਆਂ ਜਾਂ ਮਿਲਾਂ ਨਹੀਂ ਲਾ ਦੇਣੀਆਂ, ਕੋਠੀਆਂ ਜਾਂ ਮਹਿਲ ਨਹੀਂ ਬਣਾ ਦੇਣੇ, ਸਾਨੂੰ ਕੋਈ ਹੋਰ ਧੰਨ ਖਜ਼ਾਨਾ ਜਮ੍ਹਾਂ ਕਰਕੇ ਨਹੀਂ ਦੇ ਦੇਣਾ। ਸੰਤਾਂ ਨੇ ਸਿਰਫ ਸਾਡੀ ਜੀਵ ਆਤਮਾ ਨੂੰ ਮੁਕਤ, ਅਜ਼ਾਦ, ਕਰਵਾਉਣਾ ਹੈ। ਜੇਕਰ ਤੁਸੀ ਲੈਣ ਦੇਣ ਦਾ ਸੌਦਾ ਰਖਦੇ ਹੋ ਭਾਵ ਸੰਬੰਧ ਰਖਦੇ ਹੋ ਤਾਂ ਤੁਸੀਂ ਪਹਿਲੋਂ ਇੰਨੇ ਦੁਨਿਆਵੀ ਲੈਣ ਦੇਣ ਦੇ ਸੰਬੰਧ ਕਿਉਂ ਬੰਦ ਕਰ ਦਿੱਤੇ ਹਨ। ਉਨ੍ਹਾਂ ਨੂੰ ਹੀ ਕਰੀ ਜਾਉ ਕੀ ਲੋੜ ਹੈ ਸੰਤਾਂ ਕੋਲ ਆਉਣ ਦੀ। ਸੰਤਾਂ ਦਾ ਖਜਾਨਾ ਕੋਈ ਮੁਲ ਵਿਕਦਾ ਹੈ? ਸੰਤਾਂ ਦਾ ਖਜਾਨਾ ਕੋਈ ਐਵੇਂ ਮਿਲ ਜਾਂਦਾ? 12-12 ਸਾਲ ਜਾ ਕੇ ਚਿਲਮਾਂ ਭਰੀਏ ਤਾਂ ਕਿਤੇ ਜਾ ਕੇ ਸਿਰਫ ਉਹ ਨਜ਼ਰ ਪੁਟਦੇ ਹਨ। ਅਸੀਂ ਲੋਕ ਸਮਝਦੇ ਹਾਂ ਕਿ ਜਿਹੜਾ ਅਸੀਂ ਪ੍ਰਮਾਤਮਾ ਦੇ ਘਰ ਵਿਚ ਪੈਸਾ ਦਿੰਦੇ ਹਾਂ ਉਹਦੇ ਨਾਲ ਸਾਨੂੰ ਸੁਖ ਮਿਲ ਜਾਏਗਾ ਜਾਂ ਪ੍ਰਮਾਤਮਾ ਮਿਲ ਜਾਏਗਾ। ਇਹ ਤਾਂ ਉਨ੍ਹਾਂ ਦੀ ਹੀ ਮਾਇਆ ਹੈ ਜਿਹੜੀ ਉਨ੍ਹਾਂ ਨੂੰ ਮਿਲ ਰਹੀ ਹੈ। ਮਹਾਰਾਜ ਕਹਿੰਦੇ ਹਨ:—

*ਜਾ ਤੂੰ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ।।*

***ਤੁਧ ਸਭ ਕਿਛੁ ਮੈਨੂੰ ਸੌਪਿਆ ਜਾ ਤੇਰਾ ਬੰਦਾ।।***

***ਲਖਮੀ ਤੋਟ ਨ ਆਵਈ ਖਾਇ ਖਰਚੁ ਰਹੰਦਾ।।***

***ਲਖ ਚਉਰਾਸੀ ਮੇਦਨੀ ਸਭੁ ਸੇਵ ਕਰੰਦਾ।।***

ਮੇਦਨੀ ਤੋਂ ਭਾਵ ਸਾਰੀ ਕਾਇਨਾਤ, ਸਾਰੀ ਦੁਨੀਆਂ ਕੀੜੇ ਮਕੌੜੇ, ਪਸ਼ੂ ਪ੍ਰੇਤ ਸਾਰੇ ਦੇ ਸਾਰੇ ਉਹਦੀ ਕਮਾਈ ਕਰ ਰਹੇ ਹਨ ਉਹਦੇ ਨਾਮ ਦਾ ਜਪ ਤਪ ਕਰ ਰਹੇ ਹਨ ਪਰ ਅਸੀਂ ਕੀ ਕਰ ਰਹੇ ਹਾਂ? ਜੇ ਕਿਤੇ ਗੁਰਦੁਆਰੇ, ਮੰਦਰ, ਮਸੀਤ ਚਲੇ ਵੀ ਗਏ ਜਾ ਕੇ ਕੋਈ ਸਜਦਾ ਸਲਾਮ ਕੀਤਾ ਵੀ, ਕੋਈ ਦੇਗ ਪ੍ਰਸ਼ਾਦਿ ਚੜਾਇਆ ਵੀ ਤਾਂ ਉਹ ਸਿਰਫ ਆਪਣੇ ਵਾਸਤੇ ਰੱਬ ਵਾਸਤੇ ਨਹੀਂ। ਕੀ ਰੱਬ ਤੁਹਾਡੇ ਪ੍ਰਸ਼ਾਦਾਂ ਦਾ ਭੁੱਖਾ ਬੈਠਾ ਹੈ? ਜੇ ਕਿਸੇ ਸਾਧੂ ਸੰਤ ਦੇ ਪਾਸ ਜਾ ਕੇ ਤੁਸੀ ਕੋਈ ਸੇਵਾ ਕੀਤੀ ਵੀ ਤਾਂ ਉਹ ਤੁਸਾਂ ਆਪਣੇ ਵਾਸਤੇ ਕੀਤੀ ਉਨ੍ਹਾਂ ਨੂੰ ਤੁਹਾਡੇ ਪਾਸੋਂ ਕੀ ਚਾਹੀਦਾ ਹੈ?

ਅਗਰ ਤੁਸੀਂ ਸੇਵਾ ਨਹੀਂ ਵੀ ਕਰੋਗੇ ਤਾਂ ਉਹ ਤੁਹਾਨੂੰ ਆਪਣੇ ਦਰਬਾਰ ਵਿਚੋਂ ਬਾਹਰ ਨਹੀਂ ਕਢਣਗੇ ਪੰਜਾਬ ਵਿਚ ਤਾਂ ਇਹ ਕਹਾਵਤ ਵੀ ਪ੍ਰਚਲਤ ਹੈ ਕਿ "ਫਕੀਰ ਜੇ ਕਰ ਮੁਰਾਦ ਨਹੀਂ ਦਏਗਾ ਤਾਂ ਤੰਬਾ ਤੇ ਨਹੀ ਉਤਾਰ ਲਏਗਾ।"

ਭਾਵ ਜੇ ਸੰਤ ਤੁਹਾਡੇ ਤੇ ਬਖਸ਼ਿਸ਼ ਨਹੀਂ ਕਰਨਗੇ ਤਾਂ ਤੁਹਾਡੇ ਕਪੜੇ ਵੀ ਨਹੀਂ ਉਤਾਰਨਗੇ ਕਿ ਤੁਸੀ ਜੀ ਜਰੂਰ ਕੁਝ ਦੇ ਕੇ ਜਾਉ। ਉਹ ਤਾਂ ਦਾਤੇ ਦੇਣ ਵਾਲੇ ਆਪ ਹਨ ਸਿਰਫ ਬਹਾਨਾ ਹੈ, ਤੁਹਾਡੇ ਬੂੰਦ ਬੂੰਦ ਕਰਕੇ ਦਰਿਆ ਭਰਨ ਦਾ। ਉਨ੍ਹਾਂ ਇਕੋ ਵਾਰੀ ਹੜ੍ਹ ਲਿਆ ਕੇ ਦਰਿਆ ਭਰ ਦੇਣਾ ਹੈ ਉਨ੍ਹਾਂ ਦਾ ਖਜਾਨਾ ਦੋ-ਹੱਥਾਂ ਦਾ ਹੈ ਤੁਹਾਡਾ ਖਜਾਨਾ ਇਕ ਹਥ ਦਾ ਵੀ ਨਹੀਂ ਹੈ। ਸੋ ਇਸ ਵਾਸਤੇ ਮਹਾਰਾਜ ਸਾਡੇ ਬਾਹਰ ਦੇ ਖਜਾਨੇ ਨੂੰ ਮੁਖ ਨਾਂ ਰਖਦਿਆਂ ਹੋਇਆਂ ਅੰਦਰ ਦੇ ਖਜਾਨੇ ਨੂੰ ਮੁਖ ਰਖ਼ਕੇ ਆਖਦੇ ਹਨ ਕਿ ਅਗਰ ਤੁਸੀ ਅਸਲ ਆਪਣਾ ਖਜਾਨਾ ਦੇਣਾ ਹੈ ਤਾਂ ਨਾਮ ਦਾ ਦਿਉ ਨਾਮ ਦਾ ਜਾਪ ਤਾਪ ਕਰੋ ਜਿਸ ਨੂੰ ਗੁਰੂ ਸ਼ਰਨ ਮਿਲਕੇ ਨਾਮ ਮਿਲ ਜਾਵੇ ਉਸ ਨੂੰ ਦੁਨੀਆਂ ਤੇ ਹੋਰ ਕੀ ਚਾਹੀਦਾ ਹੈ? ਕਈ ਕਈ ਜਨਮ ਨਾਮ ਹਾਸਲ ਕਰਨ ਲਈ ਲਗ ਜਾਂਦੇ ਹਨ ਕਈ ਲੋਕਾਂ ਨੂੰ। ਬਾਹਰ ਅੰਦਰ ਜਾਂਦਿਆਂ ਲੋਕ ਪੁਛਦੇ, ਹਨ ਕਿ, ਕੀ ਮਿਲਿਆ ਤੁਹਾਨੂੰ? ਤਾਂ ਉਹ ਅਗੋਂ ਆਖਦੇ ਹਨ ਕਿ ਮਿਲਿਆ ਤਾਂ ਕੁਝ ਨਹੀ ਵੈਸੇ ਜਾਂਦੈ ਹਾਂ ਅਗੋਂ ਉਨ੍ਹਾਂ ਦੇ ਸੰਬੰਧੀ ਆਖਦੇ ਹਨ ਕਿ ਛਡੋ ਪਰ੍ਹਾਂ ਫਿਰ ਕੀ ਰਖਿਆ ਹੈ ਉਥੇ। ਉਸਨੂੰ ਆਦਮੀ ਪੁਛੇ ਕਿ ਜੇ ਉਥੇ ਕੁਝ ਨਹੀਂ ਹੈ ਤਾਂ ਤੂੰ ਦਸ ਕਿਥੇ ਕੁਝ ਹੈ ਉਹ ਜਗ੍ਹਾ ਦਸ? ਤੇਰੇ ਮਗਰ ਤੁਰ ਪੈਂਦੇ ਹਾਂ ਅਸੀ। ਬਈ ਕਿਤੇ ਕੁਝ ਵੀ ਨਾ ਹੋਵੇ ਅਸੀ ਇਹ

ਵੇਖਣਾ ਹੈ ਕਿ ਜਿਥੇ ਅਸੀਂ ਜਾਂਦੇ ਹਾਂ ਉਥੇ ਉਸ ਸਮੇਂ ਵਿਚ ਸਾਡਾ ਕਿੰਨਾਂ ਨੁਕਸਾਨ ਹੋਇਆ ਔਰ ਕਿੰਨਾ ਫਾਇਦਾ ਹੋਇਆ? ਜੇ ਅਸੀਂ ਛੇ ਮਹੀਨੇ ਸਾਲ ਜਾਂਦੇ ਰਹੇ ਹਾਂ ਤਾਂ ਕੀ ਸਾਡਾ ਕੁਛ ਗਿਆ? ਜੇ ਅਸੀਂ ਕਿਤੇ ਬਿਮਾਰ ਹੋ ਜਾਂਦੇ ਤਾਂ ਕਿਤੇ ਹਸਪਤਾਲ 'ਚ ਸਾਲ ਦੋ ਸਾਲ ਵਾਸਤੇ ਚਲੇ ਜਾਂਦੇ ਤਾਂ ਉਥੇ ਦਸ ਦਸ ਵੀਹ ਵੀਹ ਰੁਪਏ ਰੋਜ਼ ਦੇ ਖਰਚ ਆ ਜਾਂਦੇ ਉਥੇ ਡਾਕਟਰਾਂ ਕੋਲ ਸਾਨੂੰ ਸਾਲ ਕੁ ਰਹਿਣਾ ਪੈਂਦਾ, ਜਾਂ ਕੋਈ ਸਾਡੇ ਕੋਲੋਂ ਐਸੀ ਕੋਈ ਗਲਤੀ ਹੋ ਜਾਂਦੀ ਤਾਂ ਪੁਲਸ ਸਾਨੂੰ ਫੜਕੇ ਜੇਲ੍ਹ 'ਚ ਲੈ ਜਾਂਦੀ ਤਾਂ ਉਥੇ ਸਾਲ ਦੋ ਸਾਲ ਬਹਿਣਾ ਪੈ ਜਾਂਦਾ ਨਾਲ, ਸਾਨੂੰ ਵਕੀਲਾਂ ਨੂੰ ਮੁੜਕੇ ਖਰਚ ਦੇਣਾ ਪੈਂਦਾ ਬਾਅਦ 'ਚ ਪ੍ਰਵਾਰ ਖੇਰੂੰ ਖੇਰੂੰ ਹੋ ਜਾਂਦਾ ਫਿਰ ਅਸੀਂ ਕੀ ਕਰਦੇ? ਸੋ ਜੇ ਅਸੀਂ ਸਾਲ ਛੇ ਮਹੀਨੇ ਕਿਤੇ ਸੰਤ ਸ਼ਰਨ ਚਲੇ ਵੀ ਗਏ ਹਾਂ ਜੇ ਅਸੀਂ ਕਿਤੇ ਕੋਈ ਤਿਲ ਫੁਲ ਦਿੱਤਾ ਵੀ ਹੈ, ਜਾਂ ਉਥੇ ਬੈਠਕੇ ਉਨ੍ਹਾਂ ਦੇ ਬਚਨ ਬਿਲਾਸ ਸੁਣੇ ਹਨ ਉਨ੍ਹਾਂ ਤੇ ਅਸਾਂ ਅਮਲ ਵੀ ਨਹੀਂ ਕੀਤਾ ਤਾਂ ਵੀ ਹੋ ਸਕਦਾ ਹੈ ਕਿ ਸਾਡਾ ਕੋਈ ਜਨਮ ਹੀ ਸੁਧਰੇਗਾ।

ਮੰਨ ਲਿਆ ਜਾਏ ਕਿ ਜਿਹੜੇ ਤੁਹਾਨੂੰ ਬਾਹਰੋਂ ਕਵੈਸਚਨ (ਸਵਾਲ) ਉਠਦੇ ਹਨ ਕਿ ਤੁਹਾਨੂੰ ਸੰਤਾਂ ਕੋਲੋਂ ਕੀ ਮਿਲਿਆ। ਤੁਸੀਂ ਉਨ੍ਹਾਂ ਵਿਚ ਕਈ ਵਾਰ ਭਟਕ ਵੀ ਜਾਂਦੇ ਹੋ। ਅਸੀਂ ਮਨ ਲੈਂਦੇ ਹਾਂ ਕਿ ਤੁਹਾਨੂੰ ਸੰਤਾਂ ਕੋਲੋਂ ਕੁਝ ਨਹੀਂ ਮਿਲਿਆ ਪਰ ਤੁਸੀਂ ਉਨ੍ਹਾਂ ਕੋਲ ਆਏ ਸੰਤਾਂ ਤੁਹਾਡੇ ਕੋਲੋਂ ਕੀ ਲੈਣਾ ਹੈ ਉਨ੍ਹਾਂ ਨੂੰ ਕਾਹਦੀ ਭੁੱਖ ਹੈ? ਉਹਨਾਂ ਧੀਆਂ ਦੀ, ਪੁੱਤਰਾਂ ਦੀ, ਘਰ ਦੀ, ਬਾਹਰ ਦੀ ਕਾਹਦੀ ਤਮੰਨਾ ਹੈ? ਚਲੋ ਤੁਹਾਨੂੰ ਕੋਈ ਜੇ ਪੁਛਦਾ ਹੈ ਕਿ ਤੁਹਾਨੂੰ ਸੰਤਾਂ ਕੋਲੋਂ ਕੀ ਮਿਲਿਆ ਪ੍ਰੰਤੂ ਤੁਹਾਨੂੰ ਕੋਈ ਪੁਛੇ ਕਿ ਤੁਸੀਂ ਸੰਤਾਂ ਨੂੰ ਕੀ ਦੇ ਆਏ ਬਈ? ਕਦੀ ਕੁਝ ਦਿੱਤਾ ਜੇ ਆਪਣੇ ਕੋਲੋਂ, ਕਦੀ ਝਾਤੀ ਮਾਰਕੇ ਵੇਖੀ ਜੇ ਆਪਦੇ ਅੰਦਰਾਂ ਵਿਚ। ਲੈਣ ਵਾਸਤੇ ਅਸੀਂ ਘਰੋਂ ਤੁਰ ਪੈਂਦੇ ਹਾਂ ਪਰ ਅਸਲ ਵਿਚ ਮੰਗਣਾ ਵੀ ਬਹੁਤ ਔਖਾ ਹੈ:

*"ਮੰਗਣੁ ਗਿਆ ਸੋ ਮਰ ਗਿਆ*

*ਮੰਗਣੁ ਮੂਲ ਨ ਜਾਹ।।"*

ਪਹਿਲਾਂ ਅਸੀਂ ਆਪਣੇ ਅੰਦਰਾਂ 'ਚ ਤਾਂ ਝਾਤੀਆਂ ਮਾਰ ਕੇ ਵੇਖ ਲਈਏ ਚਲੋ ਸਾਨੂੰ ਤਾਂ ਕੋਈ ਹੋਵੇਗਾ ਪ੍ਰੰਤੂ ਉਨ੍ਹਾਂ ਨੂੰ ਕੀ ਭੁੱਖ ਹੈ? ਐਡੇ ਐਡੇ ਪੂਰਨ ਪੁਰਖ ਧਰਤੀ ਤੇ ਆਏ ਸਾਡੇ ਵਾਸਤੇ ਇੱਡਾ ਵੱਡਾ ਬਾਣੀ ਦਾ ਸੰਗ੍ਰਹਿ ਕਰਕੇ ਚਲੇ ਗਏ, ਐਡੀਆਂ ਵੱਡੀਆਂ ਸਾਨੂੰ ਰੌਣਕਾਂ ਖੁਸ਼ੀਆਂ ਦੇ ਕੇ ਚਲੇ ਗਏ, ਐਡੇ ਵੱਡੇ ਧਾਮ ਬਣਾ ਕੇ ਚਲੇ

ਗਏ ਕੀ ਉਹ ਨਾਲ ਲੈ ਗਏ ਸਭ ਕੁਝ? ਨਹੀਂ ਸਿਰਫ ਇਹ ਸਭ ਕੁਝ ਉਨ੍ਹਾਂ ਸਾਡੇ ਲੋਕਾਂ ਵਾਸਤੇ ਹੀ ਕੀਤਾ। ਸਾਡੇ ਲੋਕਾਂ ਤੇ ਪਰਉਪਕਾਰ ਕਰਨ ਵਾਸਤੇ ਉਹ ਆਏ ਸਾਡੇ ਜੀਵਾਂ ਵਾਸਤੇ ਉਨ੍ਹਾਂ ਦੁਆ ਮੰਗੀ ਪਰ ਅਸੀਂ ਉਨ੍ਹਾਂ ਵਾਸਤੇ ਕੀ ਮੰਗਿਆ? ਅਜ ਉਹ ਕਿਸੇ ਨੂੰ ਕੁਝ ਕਹਿ ਦੇਵਣ ਤਾਂ ਉਸੇ ਵਕਤ ਹੀ ਅਸੀਂ ਸਭ ਕੁਝ ਉਨ੍ਹਾਂ ਦੀਆਂ ਦੇਣਾਂ ਨੂੰ ਭੁਲਾ ਕੇ ਉਨ੍ਹਾਂ ਨੂੰ ਛਡਣ ਲਈ ਤਿਆਰ ਹਾਂ। ਪਰ ਉਨ੍ਹਾਂ ਨੇ ਸਾਨੂੰ ਨਹੀਂ ਛਡਣਾ ਚਾਹੇ ਉਨ੍ਹਾਂ ਨਾਲ ਬੇਸਲੂਕੀ ਕੀਤੀ ਜਾਵੇ, ਬੇਰੁਖੀ ਕੀਤੀ ਜਾਵੇ। ਇਤਿਹਾਸ ਨੂੰ ਫੋਲਿਆ ਕਈ ਵਾਰ, ਸ਼ਰਮ ਆ ਜਾਂਦੀ ਹੈ ਕਿ ਕਿਡੇ ਕਿਡੇ ਵੱਡੇ ਸੰਤ ਮਹਾਤਮਾ ਧਰਤੀ ਤੇ ਆਏ ਪਰ ਉਨ੍ਹਾਂ ਨਾਲ ਵੀ ਲੋਕਾਂ ਨੇ ਬੇਸਲੂਕੀ ਔਰ ਬੇਰੁਖੀ ਕੀਤੀ। ਪਰ ਅਜ ਵੀ ਉਹ ਬੇਸਲੂਕੀ ਸਾਡੇ ਲੋਕਾਂ ਨੂੰ ਲਾਭ ਦੇ ਰਹੀ ਹੈ ਗੁਰੂ ਨਾਨਕ ਸਾਹਿਬ ਨੂੰ ਬੋਝ ਚੁਕਾਇਆ (ਬਾਬਰ ਨੇ) ਦੂਸਰੀ ਪਾਤਸ਼ਾਹੀ ਨੂੰ ਪਿੰਡ ਦੇ ਲੋਕਾਂ ਨੇ ਪਿੰਡ 'ਚੋਂ ਵਟੇ ਮਾਰ ਕੇ ਬਾਹਰ ਕਢ ਦਿੱਤਾ। ਪੰਚਮ ਪਾਤਸ਼ਾਹ ਨੂੰ ਤੱਤੀ ਲੋਹ ਤੇ ਤਸੀਹਾ ਸਹਿਣਾ ਪਿਆ, ਛੇਵੀਂ ਪਾਤਸ਼ਾਹੀ ਗਵਾਲੀਅਰ ਦੇ ਬੰਦੀ ਬਣਾ ਲਏ ਗਏ। ਨੌਵੀਂ ਪਾਤਸ਼ਾਹੀ ਨੂੰ ਦਿੱਲੀ ਸੀਸ ਕਟਾਉਣਾ ਪਿਆ, ਸ਼ਮਸ ਤਬਰੇਜ਼ ਦੀ ਖਲੱ ਲਾਹ ਦਿੱਤੀ ਗਈ। ਮਨਸੂਰ ਨੂੰ ਸੂਲੀ ਉਤੇ ਚਾੜ੍ਹ ਦਿੱਤਾ ਗਿਆ, ਸੁਕਰਾਤ ਨੂੰ ਜਹਿਰ ਪੀਣਾ ਪਿਆ, ਮਹਾਂਬੀਰ ਦੇ ਕੰਨਾਂ 'ਚ ਕਿਲ ਠੋਕ ਦਿੱਤੇ ਗਏ ਫਿਰ ਵੀ ਅੱਜ ਵੇਖੋ ਉਹ ਤਰਸ ਖਾ ਰਹੇ ਹਨ।

ਸਭ ਤੋਂ ਪਹਿਲੋਂ ਆਪਣੇ ਅੰਦਰਾਂ ਵਿਚ ਇਹ ਸਵਾਲ ਪੈਦਾ ਕਰਨਾ ਚਾਹੀਦਾ ਹੈ ਕਿ ਅਸੀਂ ਅੱਗੇ ਕਿਧਰ ਨੂੰ ਚਲਣਾ ਹੈ ਸਾਡਾ ਮੇਨ ਟਾਰਗੇਟ ਕੀ ਹੈ? ਇਹ ਸਵਾਲ ਪੈਦਾ ਕਰੋ ਤਾਂ ਕਿਤੇ ਚਲੋ, ਜੇ ਤੁਸੀਂ ਕਹੋ ਕਿ ਅਸੀਂ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ ਹੈ, ਜਾਂ ਮੰਦਰ ਜਾਣਾ ਸ਼ੁਰੂ ਕਰ ਦਿੱਤਾ ਹੈ ਇਹ ਕੋਈ ਖਾਸ ਔਰ ਤੁਹਾਡੇ ਜੀਵਾਂ ਲਈ ਨਵਾਂ ਕੰਮ ਨਹੀਂ ਹੈ, ਤੁਸੀ ਇਹ ਵੇਖੋ ਕਿ ਸਾਨੂੰ ਕਿਹੜੀ ਨਵੀਂ ਚੀਜ਼ ਮਿਲੀ ਸਾਡੇ ਜੀਵਨ ਅੰਦਰ? ਰੌਣਕ ਕਿਹੜੀ ਆਈ? ਕਿਹੜੀ ਖੁਸ਼ੀ ਆਈ? ਅਗਰ ਤੁਹਾਡਾ ਕੋਈ ਵਿਗੜਿਆ ਕੰਮ ਸੁਧਰਿਆ ਹੈ ਤਾਂ ਕੀ ਉਹ ਭਲਕੇ ਵਿਗੜ ਨਹੀਂ ਸਕਦਾ? ਜੇ ਕਿਤੇ ਸੰਤਾਂ ਕੋਲ ਜਾ ਕੇ ਕੋਈ ਦੁਖ ਤੁਹਾਡਾ ਕਟਿਆ ਵੀ ਗਿਆ ਹੈ ਤਾਂ ਉਹ ਫਿਰ ਵੀ ਆ ਸਕਦਾ ਹੈ। ਨਹੀਂ ਤੁਸੀ ਕੋਈ ਸੰਤਾਂ ਪਾਸੋਂ ਐਸਾ ਦਾਰੂ ਲਉ ਜਾਂ ਮੰਗੋ ਜਿਸ ਨਾਲ ਦੁਖ ਆਵੇ ਜ਼ਰੂਰ ਪਰ ਉਹ ਮਹਿਸੂਸ ਨਾ ਹੋਵੇ ਜਿਸ ਤਰ੍ਹਾਂ ਸੂਲੀ ਦੀ ਸੂਲ ਹੋ ਜਾਵੇ। ਸੰਤਾਂ ਦੀ ਸ਼ਰਨ ਦੀ ਇੱਡੀ ਵੱਡੀ ਫਿਤਰਤ ਹੈ ਕਿ ਕਈ ਦੁਖ ਜਿਹੜੇ ਸਾਡੇ ਤੇ ਆਉਂਦੇ ਹੁੰਦੇ ਹਨ ਉਹ ਸਾਡੇ ਤੇ ਆਉਣ ਤੋਂ ਪਹਿਲਾਂ ਹੀ ਸੰਤ ਕੱਟ ਦਿੰਦੇ

ਹਨ ਉਹ ਸਾਨੂੰ ਦਸਦੇ ਤਕ ਨਹੀਂ ਹਨ। ਗੁਰੂ ਮੰਤਰ, ਗੁਰੂ ਸ਼ਬਦ ਦਾ ਸੁਖ ਹੀ ਸਿਰਫ ਇਹੋ ਹੈ ਕਿ ਜਿਹੜੀਆਂ ਮੁਸੀਬਤਾਂ ਭਲਕੇ ਸਾਡੇ ਤੇ ਆਉਣੀਆਂ ਹਨ ਉਹ ਪਹਿਲਾਂ ਹੀ ਉਨ੍ਹਾਂ ਕੱਟ ਦੇਦੀਆਂ ਹਨ ਉਨ੍ਹਾਂ ਦੱਸਣਾ ਨਹੀਂ।

ਅਸੀਂ ਤਾਂ ਸਾਰੇ ਅੰਨ੍ਹੇ ਹਾਂ ਸਾਨੂੰ ਕੋਈ ਪਤਾ ਨਹੀਂ ਚਲ ਸਕਦਾ। ਅਗਰ ਚਾਰ ਅੰਨ੍ਹੇ ਚੌਂਕ 'ਚ ਖੜੇ ਹੋ ਮਿੱਟੀ ਉਡਾਉਣ ਲਗ ਪੈਣ ਤਾਂ ਉਨ੍ਹਾਂ ਨੂੰ ਕੀ ਪਤਾ ਲਗੇਗਾ ਕਿ ਕਿਹਦੇ ਸਿਰ 'ਚ ਪੈ ਰਹੀ ਹੈ ਇਹੋ ਹਾਲ ਸਾਡੇ ਜੀਵਾਂ ਦਾ ਹੈ। ਸਾਨੂੰ ਤਾਂ ਆਪਣੇ ਆਪ ਦਾ ਪਤਾ ਨਹੀਂ ਹੈ। ਅਸਾਂ ਦੂਜਿਆਂ ਨੂੰ ਕੀ ਕਹਿਣਾ ਹੈ? ਸੋ ਰੱਬ, ਪ੍ਰਮਾਤਮਾ, ਸੰਤ ਸ਼ਰਨ ਕਦੋਂ ਮਿਲੇਗੀ? ਇਹ ਰਹਿਮਤਾਂ ਉਦੋਂ ਮਿਲਣਗੀਆਂ ਜਦੋਂ ਅਸੀਂ ਵਿਕਾਰਾਂ ਨੂੰ ਬਿਲਕੁਲ ਖਤਮ ਕਰ ਦਿਆਂਗੇ। ਅਸੀਂ ਇਥੇ ਤਾਂ ਨਹੀਂ ਆਖਦੇ ਪਰ ਦਿੱਲੀ ਜਾਂ ਪੰਜਾਬ ਸਤਿਸੰਗਾਂ ਤੇ ਕਈ ਵਾਰ ਆਖਿਆ ਕਰਦੇ ਹਾਂ ਕਿ ਮਨੁੱਖ ਨੂੰ ਉਦੋਂ ਪੂਰੀ ਚੀਜ਼ (ਰਹਿਮਤ) ਮਿਲ ਜਾਂਦੀ ਹੈ ਜਦੋਂ ਮਨੁੱਖ ਪੂਰਨ ਤੌਰ ਤੇ ਆਪਣਾ ਆਪ ਸੰਤਾਂ ਹਵਾਲੇ ਕਰ ਦਿੰਦਾ ਹੈ।

ਜਿੰਨਾ ਜਿੰਨਾ ਤੁਸੀਂ ਪਿਆਰ ਕਰੋਗੇ ਅਗੋਂ ਉਨਾਂ ਉਨਾਂ ਹੀ ਤੁਹਾਨੂੰ ਵਾਪਸ ਜ਼ਰੂਰ ਮਿਲੇ ਗਾ, ਜੇਕਰ ਤੁਸੀਂ 16 ਆਨੇ ਕਿਸੇ ਨੂੰ ਪਿਆਰ ਕਰੋਗੇ ਤਾਂ 16 ਆਨੇ ਤੁਹਾਨੂੰ ਅਗੋਂ ਮਿਲੇਗਾ। ਜੇਕਰ ਬਜਾਰੋਂ ਚਾਰ ਰੁਪਏ ਕਿਲੋ ਕੋਈ ਚੀਜ਼ ਮਿਲਦੀ ਹੈ ਤਾਂ ਅਗਰ ਤੁਸੀਂ ਦੁਕਾਨਦਾਰ ਨੂੰ 3 ਰੁਪਏ 75 ਪੈਸੇ ਦਿੰਦੇ ਹੋ ਤਾਂ ਜੇਕਰ ਦੁਕਾਨਦਾਰ ਤੁਹਾਡਾ ਵਾਕਫ ਹੈ ਤਾਂ ਤੁਹਾਨੂੰ ਪੌਣੇ ਚਾਰ ਰੁਪਏ ਲੈ ਕੇ ਉਹ ਚੀਜ਼ ਦੇ ਦੇਵੇਗਾ, ਹਾਂ ਬਾਕੀ ਪੈਸੇ (25 ਪੈਸੇ) ਉਹ ਤੁਹਾਡੇ ਕੋਲੋਂ ਬਾਅਦ ਵਿਚ ਲੈ ਲਵੇਗਾ ਅਗਰ ਨਹੀਂ ਤਾਂ ਦੁਕਾਨਦਾਰ ਤੁਹਾਨੂੰ ਸਿਰਫ ਉਨੀ ਹੀ ਚੀਜ਼ ਦਏਗਾ ਜਿੰਨੇ ਪੈਸੇ ਤੁਸੀਂ ਦੁਕਾਨਦਾਰ ਨੂੰ ਦਿੱਤੇ ਹਨ। ਇਸੇ ਤਰ੍ਹਾਂ ਹੀ ਪਿਆਰ ਹੈ ਤੁਸੀਂ ਜਿੰਨਾਂ ਚਿਰ ਪੂਰੇ ਪਿਆਰ ਵਿਚ ਨਹੀਂ ਉਤਰਦੇ ਉਨ੍ਹਾਂ ਚਿਰ ਤੁਹਾਨੂੰ ਵੀ ਅਗੋਂ ਪੂਰਾ ਪਿਆਰ ਹਾਸਿਲ ਨਹੀਂ ਹੋ ਸਕਦਾ। ਪ੍ਰੰਤੂ ਪੂਰੇ ਪਿਆਰ ਦੀ ਰੌਣਕ ਆਪਣੇ ਆਪ ਹੀ ਉਪਜਦੀ ਹੈ।

*''ਉਪਜੀ ਪ੍ਰੀਤ ਪ੍ਰੇਮ ਰਸ ਚਾਓ।।*

*ਮਨ ਤਨ ਅੰਤਰ ਇਹੀ ਸੁਆਹੁ।।*

ਇਹ ਅੰਦਰੋਂ ਹੀ ਪੈਦਾ ਹੁੰਦੀ ਹੈ ਜਿਸ ਤਰ੍ਹਾਂ ਝੋਨੇ ਦੇ ਪੌਦੇ ਨੂੰ ਸਿੱਧਾ ਫਲ ਨਹੀਂ ਲਗਦਾ ਪਹਿਲਾਂ ਉਸਦੀ ਪਨੀਰੀ ਲਾਈ ਜਾਂਦੀ ਹੈ ਉਸ ਨੂੰ ਪੁਟਕੇ ਦੂਸਰੇ ਥਾਂ ਤੇ ਲਾਇਆ

ਜਾਂਦਾ ਹੈ ਤਾਂ ਜਾ ਕੇ ਉਸ ਨੂੰ ਫਲ ਲਗਦਾ ਹੈ ਸਿਧਾ ਪਨੀਰੀ ਨੂੰ ਕਦੇ ਵੀ ਫਲ ਨਹੀਂ ਲਗਿਆ ਔਰ ਨਾ ਹੀ ਲਗ ਸਕਦਾ ਹੈ।

***"ਬੁਲਿਆ ਰੱਬ ਦਾ ਕੀ ਪਾਉਣਾ ਐਥੋਂ ਪੁਟਣਾ ਉਥੇ ਲਾਉਣਾ"***

ਸੋ ਰਬ ਦਾ ਕੀ ਪਾਉਣਾ ਹੇ? ਇਕ ਪਾਸਿਓਂ ਪੁਟਦਾ ਹੈ ਦੂਸਰੇ ਪਾਸੇ ਲਗਾ ਦਿੰਦਾ ਹੈ। ਇਸੇ ਤਰ੍ਹਾਂ ਮਹਾਰਾਜ ਜੀ ਦੀ ਵੀ ਉਮੰਗ ਹੈ ਕਿ ਹੇ ਪ੍ਰਮਾਤਮਾ ਮੈਨੂੰ ਕੋਈ ਪੂਰਨ ਪੁਰਖ, ਪੂਰਨ ਸੰਤ ਮਿਲਾ ਜਿਸ ਤਰ੍ਹਾਂ ਗੁਰਬਾਣੀ ਬਿਆਨ ਕਰਦੀ ਹੈ:—

***"ਕੋਈ ਆਣ ਮਿਲਾਵੇ ਮੇਰਾ ਪ੍ਰੀਤਮ ਪਿਆਰਾਂ।।"***

ਕੋਈ ਮੈਨੂੰ ਮੇਰਾ ਪ੍ਰੀਤਮ ਪਿਆਰ ਦੇਵੇ। ਸੋ ਇਸ ਵਾਸਤੇ:—

***"ਸੁਣ ਸੁਣ ਨਾਮ ਤੁਮਾਰਾ ਪ੍ਰੀਤਮ ਪ੍ਰਭ ਪੇਖਣ ਕਾ ਚਾਉ"***

ਹੇ ਮੇਰੇ ਮਾਲਕ ਤੁਹਾਡਾ ਨਾਉ ਸੁਣਕੇ ਤੁਹਾਨੂੰ ਵੇਖਣ ਨੂੰ ਦਿਲ ਕਰਦਾ ਹੈ, ਤਕਣ ਨੂੰ ਵੀ ਦਿਲ ਕਰਦਾ ਹੈ, ਜਾਨਣ ਤੇ ਸਮਝਣ ਨੂੰ ਵੀ ਦਿਲ ਕਰਦਾ ਹੈ। ਸਤਿਸੰਗਾਂ ਰਾਹੀਂ ਵੀ ਅਸੀਂ ਬਹੁਤ ਵਾਰ ਸੰਗਤ ਨੂੰ ਬੇਨਤੀ ਕੀਤੀ ਹੈ, ਦਰਖਾਸਤ ਕੀਤੀ ਹੈ ਕਿ ਸਾਨੂੰ ਆਪਣੇ ਆਪ ਨੂੰ ਖੋਜਣਾ ਚਾਹੀਦਾ ਹੈ ਆਪਣੀਆਂ ਕਮੀਆਂ ਦੀ ਤਲਾਸ਼ ਕਰਨੀ ਚਾਹੀਦੀ ਹੈ ਨਾ ਕਿ ਦੂਸਰਿਆਂ ਦੀਆਂ।

***ਬੁਰਾ ਜੋ ਖੋਜਨ ਮੈਂ ਚਲਾ,***
***ਬੁਰਾ ਨ ਮਿਲਿਆ ਕੋਇ।।***
***ਜੋ ਤਨ ਖੋਜਾ ਆਪਣਾ,***
***ਮੁਝਸੇ ਬੁਰਾ ਨ ਕੋਇ।।***

ਤੁਸੀਂ ਦੂਸਰਿਆਂ ਦੀਆਂ ਬੁਰਾਈਆਂ ਕਢਦੇ ਹੋ ਪਹਿਲਾਂ ਆਪਣੀਆਂ ਬੁਰਾਈਆਂ ਤਾਂ ਵੇਖ ਲਉ ,ਆਪਣਾ ਕ੍ਰੋਧ ਵੇਖ ਲਉ ਆਪਣਾ ਮਾਣ ਹੰਕਾਰ ਵੇਖ ਲਉ। ਆਪਣੇ ਆਪ ਨੂੰ ਤਾਂ ਪਹਿਲੋਂ ਖੋਜੋ ਕਿ ਤੁਸੀਂ ਕੀ ਕਰ ਰਹੇ ਹੋ, ਦੂਜੇ ਬਾਰੇ ਮਤ ਸੋਚੋ। ਕਲ ਦੇ ਸਤਿਸੰਗ ਵਿਚ ਵੀ ਅਸੀਂ ਕਿਹਾ ਸੀ ਕਿ ਜਿਸ ਤਰ੍ਹਾਂ ਦੀ ਤੁਹਾਡੀ ਹੱਸਦੀ, ਰੋਂਦੀ ਸੂਰਤ ਹੋਵੇਗੀ ਉਸੇ ਹੀ ਤਰ੍ਹਾਂ ਦੀ ਤੁਹਾਨੂੰ ਸ਼ੀਸ਼ੇ ਵਿਚ ਵੇਖਣ ਤੇ ਨਜ਼ਰ ਆਏਗੀ। ਇਸੇ ਤਰ੍ਹਾਂ ਹੀ ਸਜਣ ਸੰਤ, ਦੇ ਮਿਲਣ ਨਾਲ ਸਾਡੀ ਆਤਮਾ ਆਪਣੇ ਅਸਲ ਸਰੂਪ ਤੋਂ ਜਾਣੂ ਹੋ ਸਕਦੀ ਹੈ।

ਇਹ ਜੀਵ ਹੈ। ਜੀਵ ਦਾ ਮਤਲਬ ਹੁੰਦਾ ਹੈ ਜਾਨਦਾਰ, ਬੋਲਣ ਵਾਲਾ, ਰੱਬੜ ਦਾ ਬਾਵਾ ਨਹੀਂ, ਬੋਲਣ ਵਾਲਾ ਬਾਵਾ। ਅਸੀਂ ਭੁਲੇ ਬੈਠੇ ਹਾਂ ਖੁੰਝੇ ਬੈਠੇ ਹਾਂ ਪੰਜਾਬੀ ਦੀ ਕਹਾਵਤ ਹੈ "ਕੁਛੜ ਕੁੜੀ ਸ਼ਹਿਰ ਢੰਡੋਰਾ" ਰੱਬ ਸਾਡੇ ਅੰਦਰ ਹੈ ਪ੍ਰੰਤੂ ਲੱਭ ਅਸੀ ਉਹਨੂੰ ਬਾਹਰ ਮੰਦਰਾਂ ਗੁਰਦੁਆਰਿਆਂ ਮਸੀਤਾਂ ਵਿਚ ਰਹੇ ਹਾਂ। ਤੁਸੀ ਰੱਬ ਆਪਣੇ ਅੰਦਰ ਕਿਉਂ ਨਹੀ ਲੱਭਦੇ?

***"ਅਵਲ ਅਲਹੁ ਨੂਰ ਉਪਾਇਆ। ਕੁਦਰਤ ਦੇ ਸਭ ਬੰਦੇ।।***

***ਏਕ ਨੂਰ ਤੇ ਸਭ ਜਗੁ ਉਪਜਿਆ ਕੌਣ ਭਲੇ ਕੋ ਮੰਦੇ।।"***

ਜਦ ਸਾਰੇ ਇਕੋ ਨੂਰ 'ਚੋਂ ਨਿਕਲ ਕੇ ਆਏ ਹਨ ਔਰ ਇਕੋ ਹੀ ਨੂਰ ਵਿਚ ਸਾਰਿਆਂ ਨੇ ਸਮਾ ਜਾਣਾ ਹੈ ਤਾਂ ਫਿਰ ਕੌਣ ਭਲਾ ਹੈ ਔਰ ਕੌਣ ਮੰਦਾ ਹੈ? ਇਨ੍ਹਾਂ ਝੰਮੇਲਿਆਂ 'ਚ ਅਸੀਂ ਕਿਉਂ ਪਏ ਹੋਏ ਹਾਂ? ਸੋ ਇਸ ਵਾਸਤੇ ਹੀ ਸੰਤਾਂ ਦੀ ਸ਼ਰਨ ਦਾ ਬਾਰ ਬਾਰ ਹੋਕਾ ਦਿੱਤਾ ਜਾਂਦਾ ਹੈ। ਕਿਉਂਕਿ ਇਨ੍ਹਾਂ ਦਾ ਜੀਵ ਨੂੰ ਮਿਲਣਾ ਬਹੁਤ ਜ਼ਰੂਰੀ ਹੈ ਤਾਂ ਹੀ ਜੀਵ ਨੂੰ ਉਸਦੇ ਜੀਵਨ ਦਾ ਸਹੀ ਮਾਰਗ ਦਰਸ਼ਨ ਮਿਲ ਸਕੇਗਾ, ਪ੍ਰੰਤੂ ਸੰਤ ਮਿਲਦੇ ਭਾਗਾਂ ਨਾਲ ਹਨ। ਬੜੇ ਕਿਤੇ ਉੱਚੇ ਭਾਗ ਹੋਵਣ, ਬੜੇ ਕਿਤੇ ਉੱਚੇ ਕਰਮ ਹੋਵਣ ਜੀਵ ਦੇ, ਤਾਂ ਕਿਤੇ ਪੂਰਨ ਸੰਤ ਦੀ ਸ਼ਰਨ ਮਿਲਦੀ ਹੈ।

ਕਈ ਵਾਰ ਤੁਸੀ ਲੋਕ ਆਪਣੇ ਮਨਾਂ ਰਾਹੀਂ ਸਵਾਲ ਕਰਦੇ ਹੋ ਕਿ ਅਸਾਂ ਭਗਤੀ ਕੀਤੀ, ਪਾਠ ਕੀਤੇ, ਨਿਤਨੇਮ ਕੀਤੇ ਹੋਰ ਪੁੰਨ ਦਾਨ ਕੀਤੇ, ਇਸ਼ਨਾਨ ਕੀਤੇ ਕੁਝ ਮਿਲਿਆ ਨਹੀਂ। ਬਈ ਮਿਲਣਾ ਕੀ ਹੈ? ਜਿਤਨੀ ਵੀ ਤੁਹਾਡੀ ਬੰਦਗੀ ਹੈ, ਤੁਹਾਡੀ ਭਗਤੀ ਹੈ ਜਦੋਂ ਰੱਬ ਤੁਹਾਡੀ ਕੀਤੀ ਬੰਦਗੀ ਤੇ ਕਿਤੇ ਦਿਆਲ ਹੁੰਦਾ ਹੈ ਜਾਂ ਕਿਤੇ ਮਿਹਰਬਾਨ ਹੁੰਦਾ ਹੈ ਤਾਂ ਤੁਹਾਨੂੰ ਕਿਸੇ ਪੂਰਨ ਪੁਰਖ ਦੇ ਨਾਲ ਮਿਲਾਪ ਕਰਾਉਂਦਾ ਹੈ ਆਪ ਨਹੀਂ ਮਿਲਦਾ। **ਰੱਬ ਦਾ ਮਿਲਣਾ ਸੰਤਾਂ ਦਾ ਮਿਲਣਾ ਔਰ ਸੰਤਾਂ ਦਾ ਮਿਲਣਾ ਰੱਬ ਦਾ ਮਿਲਣਾ ਹੈ।** ਜਿਸ ਤਰ੍ਹਾਂ ਪਲਟੂ ਸਾਹਿਬ ਫੁਰਮਾਨ ਕਰਦੇ ਹਨ:—

***"ਪਲਟੂ ਪ੍ਰਥਮੇ ਮਾਹਿ ਸੰਤ ਹੈ।***

***ਦੂਜੇ ਮਾਹਿ ਕਰਤਾਰ।।"***

ਸੋ ਸੰਤਾਂ ਔਰ ਰੱਬ 'ਚ ਕੋਈ ਵੀ ਭਿੰਨ ਭੇਦ ਨਹੀ ਹੈ ਜਿਸ਼ ਤਰ੍ਹਾਂ:

***"ਗੁਰੂ ਪ੍ਰਮੇਸ਼ਰ ਏਕੋ ਜਾਣੁ"***

ਕੋਈ ਭਿੰਨ ਭੇਦ ਨਹੀਂ ਹੈ। ਗੁਰੂ ਨਾਮ ਗਿਆਨ ਦਾ, ਗੁਰੂ ਨਾਮ ਗੁਦਾਵਰੀ, ਗੁਰੂ

ਨਾਮ ਗੀਤਾ, ਗੁਰੂ ਨਾਮ ਗਾਂ, ਗੁਰੂ ਨਾਮ ਗੰਗਾ ਦਾ ਹੈ। ਜਿੰਨਾਂ ਚਿਰ ਤਕ ਅਸੀ ਅੰਦਰ ਜਾ ਕੇ ਅਸਲੀਅਤ ਤੋਂ ਜਾਣੂ ਨਹੀਂ ਹੁੰਦੇ ਭਾਵ ਅੰਦਰ ਜਾ ਕੇ ਦਰਸ਼ਨ ਨਹੀ ਕਰ ਲੈਜਦੇ ਉਨਾਂ ਚਿਰ ਕਦੇ ਵੀ ਲਾਭ ਨਹੀਂ ਹੋ ਸਕਦਾ। ਨਾਮ, ਗੁਰੂ ਸ਼ਬਦ ਲੈ ਕੇ ਅਸੀਂ ਲੋਕ ਉਸਦਾ ਜਾਪ ਨਹੀਂ ਕਰਦੇ। ਕਲ੍ਹ ਦੇ ਸਤਿਸੰਗ ਵਿਚ ਵੀ ਅਸਾਂ ਬੇਨਤੀ ਕੀਤੀ ਸੀ। ਹੋਰਨਾਂ ਕੰਮਾਂ ਵਿਚ ਅਸੀਂ ਦਸ ਦਸ ਬਾਰਾਂ ਬਾਰਾਂ ਘੰਟੇ ਦੇ ਦਿੰਦੇ ਹਾਂ ਪ੍ਰੰਤੂ ਨਾਮ ਲੈ ਕੇ ਅਸੀਂ ਜਾਪ ਨਹੀਂ ਕਰਦੇ। ਫਿਰ ਅਸੀਂ ਕਈ ਵਾਰ ਇਹ ਵੀ ਆਖਦੇ ਹੁੰਦੇ ਹਾਂ ਕਿ ਜਾਪ ਨਾ ਵੀ ਕਰੋ ਤਾਂ ਕੋਈ ਗੱਲ ਨਹੀਂ, ਜੇ ਤੁਸਾਂ ਨਾਮ ਲੈ ਲਿਆ ਹੈ ਤਾਂ ਨਾਮ ਦੀ ਮੋਹਰ ਤਾਂ ਤੁਹਾਡੇ ਉਤੇ ਲਗ ਹੀ ਚੁਕੀ ਹੈ ਪ੍ਰੰਤੂ ਕਮ ਸੇ ਕਮ ਸੰਤਾਂ ਦੇ ਸੰਦੇਸ਼ ਉਤੇ ਤਾਂ ਅਮਲ ਕਰੋ। ਕਈ ਵਾਰ ਅਸੀਂ ਇਹ ਵੀ ਦਰਖਾਸਤ, ਖਾਸ ਕਰਕੇ ਇੰਡੀਆ ਕਰਿਆ ਕਰਦੇ ਹਾਂ ਜਦੋਂ ਸਾਨੂੰ ਸੇਵਕ ਸਵਾਲ ਪੁਛਦੇ ਹਨ ਕਿ ਮਹਾਰਾਜ ਕੀ ਨਾਮ ਤੋਂ ਬਾਅਦ ਸਭ ਤੋਂ ਸੌਖਾ ਸਾਡੇ ਗ੍ਰਹਿਸਥੀ ਜੀਵਾਂ ਲਈ ਕਿਹੜਾ ਤਰੀਕਾ ਹੈ। ਤਾਂ ਅਸੀਂ ਉਨ੍ਹਾਂ ਨੂੰ ਸਿਰਫ ਇਹ ਹੀ ਕਿਹਾ ਕਰਦੇ ਹਾਂ ਕਿ ਬਈ ਸੰਤਾਂ ਕੋਲੋਂ ਤੁਸੀ ਨਾਮ ਲੈ ਲਿਆ ਹੈ ਉਸ ਤੋਂ ਉਪਰੰਤ ਇਕ ਵਾਰ ਮਹੀਨੇ 'ਚ ਜਰੂਰ ਸੰਤਾਂ ਪਾਸ ਆਉ ਜਾ ਸਾਲ 'ਚ ਦੋ ਵਾਰੀ ਆਉ ਜੇਕਰ ਇਹ ਵੀ ਨਹੀ ਤਾ ਸਾਲ ਬਾਅਦ ਇਕ ਵਾਰ ਹੀ ਆਉ ਪਰ ਉਨ੍ਹਾਂ ਕੋਲ ਕਮ ਸੇ ਕਮ 8-10 ਦਿਨ ਜਰੂਰ ਠਹਿਰੋ, ਸ਼ਰਨ ਲਉ ਤੁਹਾਨੂੰ ਪਤਾ ਲਗੇ। ਜਦੋਂ ਇਥੋਂ ਅਸੀ ਬਾਹਰ ਜਾਵਾਂਗੇ ਤਾ ਉਹੀ ਗਲ੍ਹਾਂ ਯਾਦ ਆਉਣਗੀਆਂ ਜਿਸਦੀ ਮਿਸਾਲ ਅਸੀਂ ਅਗੇ ਵੀ ਕਈ ਵਾਰ ਦਿੱਤੀ ਹੈ ਕਿ ਇਕ ਸ਼ਾਹੂਕਾਰ ਬਾਣੀਆਂ ਰੋਜ ਹੀ ਕਿਸੇ ਸੰਤ ਮਹਾਪੁਰਖ ਪਾਸ ਸਤਿਸੰਗ ਸੁਣਨ ਜਾਇਆ ਕਰਦੇ ਸਨ। ਇਕ ਦਿਨ ਸਤਿਸੰਗ ਸੁਣਨ ਵਾਸਤੇ ਉਹਦੇ ਪੁਤਰ ਨੇ ਜ਼ਿੱਦ ਕੀਤੀ ਤਾਂ ਉਹ ਸ਼ਾਹੂਕਾਰ ਆਪਣੇ ਪੁੱਤਰ ਨੂੰ ਸੰਤਾ ਪਾਸ ਲੈ ਗਿਆ। ਸੰਤਾ ਨੇ ਕਿਤੇ ਸਤਿਸੰਗ ਵਿਚ ਇਹ ਕਹਿ ਦਿੱਤਾ ਕਿ ਗਾਂ ਸਾਡੀ ਮਾਤਾ ਹੈ ਇਸਨੂੰ ਮਾਰਨਾ ਨਹੀਂ ਚਾਹੀਦਾ। ਉਹ ਬੱਚਾਂ ਸੀ ਉਸਨੇ ਆਪਣੇ ਪਲੇ ਬੰਨ ਲਈ। ਪਿਉ ਘਰ ਚਲਾ ਗਿਆ ਔਰ ਪੁਤਰ ਨੇ ਦੁਕਾਨ ਖੋਲ ਲਈ ਜਦ ਪਿਉ ਘਰੋਂ ਰੋਟੀ ਖਾ ਕੇ ਦੁਕਾਨ ਵਾਪਿਸ ਆਉਂਦਾ ਹੈ ਤਾਂ ਕੀ ਵੇਖਦਾ ਹੈ ਕਿ ਗਾਂ ਬੋਰੀ ਵਿਚੋਂ ਆਟਾ ਖਾ ਰਹੀ ਹੈ ਪ੍ਰੰਤੂ ਪੁਤਰ ਚੁਪ ਕਰਕੇ ਬੈਠਾ ਹੈ। ਪਿਉ ਆਉਦਿਆ ਹੀ ਆਪਣੇ ਪੁਤਰ ਦੇ ਗਲ ਪੈ ਗਿਆ ਕਹਿਣ ਲੱਗਾ ਤੂੰ ਅੰਨ੍ਹਾਂ ਹੋਇਆ ਹੈ ਕਿ ਤੇਰੇ ਕੋਲ ਆਟਾ ਸਾਰਾ ਗਾਂ ਖਾ ਗਈ ਹੈ ਤੂੰ ਉਸਨੂੰ ਮੋੜਿਆਂ ਤਕ ਨਹੀਂ। ਉਹਨੇ ਉਸਦੇ ਦੋ ਚਾਰ ਚੁਪੇੜਾਂ ਕਢ ਮਾਰੀਆਂ। ਉਹ ਕਹਿਣ ਲੱਗਾ ਬਾਪੂ ਤੂੰ ਮੈਨੂੰ ਚਪੇੜਾਂ ਕਿਉਂ ਮਾਰ ਰਿਹਾ ਹੈ ਪਿਉ ਅਗੋਂ ਕਹਿਣ ਲੱਗਾ ਕਿ ਤੈਨੂੰ ਦਿਸਦਾ

ਨਹੀਂ ਕਿ ਗਾਂ ਆਟਾ ਖਾ ਗਈ ਹੈ? ਪੁਤਰ ਕਹਿਣ ਲੱਗਾ ਬਾਪੂ ਬਾਬਾ ਜੀ ਤਾਂ ਕਹਿੰਦੇ ਸਨ ਕਿ ਗਾਂ ਸਾਡੀ ਮਾਤਾ ਹੈ ਉਸਨੂੰ ਮਾਰਨਾ ਨਹੀਂ ਜੋ ਮਰਜੀ ਖਾਵੇ। ਅਗੋਂ ਪਿਉ ਕਹਿਣ ਲਗਾ ਉਏ ਤੂੰ ਅੱਜ ਹੀ ਬਾਬਿਆਂ ਦੇ ਜਾ ਕੇ ਉਨ੍ਹਾਂ ਦੀ ਗੱਲ ਪਲੇ ਬੰਨ ਲਿਆਇਆ ਹੈ। ਉਏ ਮੈਨੂੰ 36 ਸਾਲ ਹੋ ਗਏ ਹਨ ਮੈਂ ਤਾਂ ਉਨ੍ਹਾਂ ਦੀ ਇਕ ਨਹੀ ਮੰਨੀ। ਉਨ੍ਹਾਂ ਦੀਆਂ ਗਲ੍ਹਾਂ ਸਿਰਫ ਉਨ੍ਹਾਂ ਨੂੰ ਹੀ ਵਾਰਾ ਖਾਂਦੀਆਂ ਹਨ ਸਾਨੂੰ ਨਹੀ ਅਸਾਂ ਤਾਂ ਆਪਣਾ ਆਪ ਸੋਚਣਾ ਹੈ, ਅਸਾਂ ਤਾ ਆਪਣਾ ਘਰ ਚਲਾਉਣਾ ਹੈ, ਸਾਨੂੰ ਉਨ੍ਹਾਂ ਨਾਲ ਕੀ ਮਤਲਬ ਹੈ? ਸੋ ਕਈ ਲੋਕਾਂ ਦੀ ਇਹ ਬਿਰਤੀ ਹੁੰਦੀ ਹੈ ਕਿ ਜਿਹੜੀਆਂ ਸਹੀ ਗਲ੍ਹਾਂ ਹਨ ਉਹ ਪਲ੍ਹੇ ਨਹੀਂ ਬੰਨਣੀਆਂ, ਆਪਦੇ ਫਾਇਦੇ ਵਾਲੀਆ ਗਲ੍ਹਾਂ ਤੇ ਹੀ ਸਿਰਫ ਗੌਰ ਕਰਨਾ ਹੈ। ਜਿਸਨੇ ਤੁਹਾਨੂੰ ਜੀਵਾ ਨੂੰ ਪੈਦਾ ਕੀਤਾ ਹੈ, ਭਾਈ ਉਹ ਦੋ ਵਕਤ ਦੀ ਰੋਟੀ ਜਰੂਰ ਦਵੇਗਾ। ਤੁਸੀਂ ਕਿਤੇ ਉਹਦੇ ਹੋ ਕੇ ਤਾਂ ਵੇਖੋ। ਜਿਹੜਾ ਆਪ ਜਿਸਨੇ ਇਥੇ ਭੇਜਿਆ ਹੈ ਉਸਨੂੰ ਹਰੇਕ ਦਾ ਫਿਕਰ ਹੈ, ਤੁਸੀਂ ਤਾਂ ਆਪਣੇ ਆਰੋਬਾਰ ਚਲਾ ਸਕਦੇ ਹੋ, ਮੋਟਰ ਗਡੀਆਂ ਚਲਾ ਸਕਦੇ ਹੋ, ਜਹਾਜ ਚਲਾ ਸਕਦੇ ਹੋ ਆਪਣੇ ਪੇਟ ਦੀ ਖਾਤਰ, ਪ੍ਰੰਤੂ ਉਨ੍ਹਾਂ ਕੀੜਿਆ ਮਕੋੜਿਆਂ ਵਲ ਵੇਖੋ ਕਿ ਉਨ੍ਹਾਂ ਨੂੰ ਮਾਲਕ ਪਥਰਾਂ 'ਚ ਵੀ ਖਾਣ ਵਾਸਤੇ ਦੇ ਰਿਹਾ ਹੈ ਸ਼ਿਵਾਜੀ ਮਰਹੱਟਾ ਆਪਣੇ ਗੁਰੂ ਨੂੰ ਆਖਦੇ ਨੇ ਕਿ ਮਹਾਰਾਜ ਮੈਂ ਪੰਜ ਮਹੀਨੇ ਜੰਗਲ 'ਚ ਰਿਹਾ ਹਾਂ ਐਹ 6 ਸੌ ਫੌਜ ਨੂੰ ਮੈ ਰੋਟੀ ਖਵਾਈ ਹੈ ਅਗੋ ਗੁਰੂ ਦੇਵ ਕਹਿਣ ਲਗੇ ਅਛਾ ਬਈ ਬਹੁਤ ਚੰਗਾ ਕੰਮ ਕੀਤੀ ਹੈ ਤੂੰ!

ਰੋਟੀ ਖਵਾਈ ਹੈ, ਆਪਣੀ ਜਾਨ ਤਲੀ ਤੇ ਰੱਖਕੇ ਕੰਮ ਕੀਤਾ ਹੈ। ਅਗੋਂ ਗੁਰੂ ਦੇਵ ਆਖਣ ਲਗੇ ਤਥਾ ਅਸਤੂ। ਕਹਿਣ ਲਗੇ ਕਿ ਹੋਰ ਕੋਈ ਗੁਰੂ ਦੇਵ ਗਿਆਨ ਦੀ ਗੱਲ ਦਸੋ ਅਗੋ ਗੁਰੂ ਦੇਵ ਕਿਹਾ ਕਿ ਔਹ ਦੂਰ ਜਿਹੜਾ ਪਥਰ ਪਿਆ ਹੈ ਉਹ ਲੈ ਕੇ ਆ, ਉਸ ਉਪਰ ਬੈਠਣ ਨੂੰ ਸਾਡਾ ਦਿਲ ਕਰਦਾ ਹੈ। ਜਦ ਉਹ ਲੈ ਕੇ ਆਇਆ ਤਾਂ ਗੁਰੂ ਸਾਹਿਬਾਨ ਨੇ ਕਿਹਾ ਕਿ ਇਹ ਬਹੁਤ ਵੱਡਾ ਹੈ ਇਸਦੇ ਦੋ ਟੋਟੇ ਕਰ ਦੇ। ਜਦ ਸ਼ਿਵਾ ਜੀ ਨੇ ਪਥਰ ਤੋੜਿਆ ਤਾਂ ਵਿੱਚ ਕੀ ਦੇਖਦੇ ਹਨ? ਇਕ ਮੋਟਾ ਸਾਰਾ ਕੀੜਾ ਹੈ ਉਹ ਅਗੋਂ ਹੈਰਾਨ ਹੋ ਕੇ ਕਹਿਣ ਲੱਗਾ ਗੁਰੂ ਦੇਵ ਵੇਖੋਂ ਕਿੱਡਾ ਵੱਡਾ ਕੀੜਾ ਪਥਰ ਵਿਚੋਂ ਨਿਕਲਿਆਂ ਹੈ। ਪਰ ਇਹ ਕੀੜਾ ਵੜਿਆ ਕਿਥੋ ਦੀ ਹੈ ਔਰ ਬਾਹਰ ਕਿਥੋਂ ਦੀ ਨਿਕਲਦਾ ਹੈ ਬੜੀ ਅਜੀਬ ਗੱਲ ਹੈ ਗੁਰੂ ਦੇਵ। ਅਗੋਂ ਗੁਰੂ ਸਾਹਿਬਾਨ ਕਹਿਣ ਲੱਗੇ, ਸ਼ਿਵਾ ਤੂ ਕਹਿ ਰਿਹਾ ਹੈ ਕਿ ਮੈਂ ਆਪਣੀ ਮਿਹਨਤ ਨਾਲ

500-600 ਫੌਜ ਨੂੰ ਰੋਟੀ ਖਵਾਈ ਹੈ ਮੈਨੂੰ ਇਹ ਦਸ ਇਸ ਕੀੜੇ ਨੂੰ ਅਹਾਰ (ਖਾਣਾ) ਪਹੁੰਚਾਉਣ ਵਾਲਾ ਕੌਣ ਹੈ? ਅਗੋਂ ਕਹਿਣ ਲਗਾ ਗੁਰੂ ਦੇਵ ਮੇਰੇ ਕੋਲੋਂ ਭੁਲ ਹੋ ਗਈ ਸੀ ਮੈਂ ਭੁਲਿਆ ਸਾਂ, ਮੈਂ ਹੁਣ ਇਸ ਬਾਰੇ ਕੁਝ ਨਹੀ ਕਹਿ ਸਕਦਾ ਤੁਸੀ ਮੇਰੇ ਤੇ ਕ੍ਰਿਪਾ ਕਰੋ। ਤੁਸੀ ਮੇਰੇ ਗੁਰੂ ਹੋ ਮੈਂ ਤੁਹਾਡਾ ਸੇਵਕ ਹਾਂ। ਤੁਸੀ ਚੰਗਾ ਮਾੜਾ ਸਭ ਕੁਝ ਜਾਣ ਸਕਦੇ ਹੋ, ਅਸੀਂ ਦੁਨਿਆਵੀ ਲੋਕ ਭੁਲਣਹਾਰ ਹਾਂ। ਸ਼ਿਵਾਜੀ ਨੂੰ ਇਨੀ ਠੋਕਰ ਨਾਲ ਗਿਆਨ ਹੋ ਗਿਆ। ਜੇ ਤੁਸੀ ਆਪਣੀ ਮਤ ਗੁਰੂਆਂ ਨੂੰ ਦੇਣ ਲਗ ਪਏ ਤਾਂ ਉਨ੍ਹਾਂ ਕੋਲੋ ਤੁਸੀ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਇਸ ਦਰ ਤੇ ਖਾਲੀ ਹੋ ਕੇ ਆਉ। ਗੁਰੂਆਂ ਦੀ ਮਤ ਲਉ, ਉਹ ਕੀ ਦਿੰਦੇ ਹਨ ਉਹ ਵੇਖੋ। ਜੇਕਰ ਤੁਸੀ ਕਹੋ ਕਿ ਅਸੀ ਆਹ ਕਰ ਰਹੇ ਹਾਂ, ਹਰਗਿਜ ਨਹੀ ਅਸੀ ਛੋਟੀ ਬੁਧੀ ਦੇ ਮਾਲਕ ਹਾਂ, ਅਸੀ ਦੁਨਿਆਵੀ ਜੀਵ ਹਾਂ, ਭੁਲਣਹਾਰ ਹਾਂ ਅਸੀ ਹਰੇਕ ਕਦਮ ਤੇ ਭੁਲਦੇ ਹਾਂ ਔਰ ਉਹ ਬਖਸ਼ਣਹਾਰ ਹੈ। ਜਿਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਹਨ:-

***"ਸਾਹਿਬ ਕੀ ਸੇਵਕ ਰਹੇ ਸਰਣਾਈ।।***

***ਆਪੇ ਬਖਸ਼ੇ ਦੇ ਵਡਿਆਈ।।"***

ਭਾਵ ਉਹ ਆਪੇ ਬਖਸ਼ਦਾ ਹੈ ਆਪੇ ਵਡਿਆਈ ਦਿੰਦਾ ਹੈ। ਸੋ ਇਸ ਵਾਸਤੇ ਆਪਣੇ ਮੁਰਸ਼ਦ ਤੋਂ ਆਪਣੇ ਗੁਰੂ ਸ਼ਬਦ ਤੋਂ ਬੇਮੁਖ ਨਾ ਹੋਵੋ ਸਦਾ ਹੀ ਉਹਦਾ ਆਸਰਾ ਮਹਿਸੂਸ ਕਰੋ ਔਰ ਸਦਾ ਉਸਨੂੰ ਯਾਦ ਰਖੋ। ਉਸਨੂੰ ਮਨੋ ਨਾ ਵਿਸਰੋ। ਜਦ ਮਨੋ ਨਹੀਂ ਵਿਸਰੋਗੇ ਤਾਂ ਤੁਹਾਡੇ ਅੰਦਰੋ ਕਰੋਧ ਖਤਮ ਹੋ ਜਾਵੇਗਾ, ਹੰਕਾਰ ਖਤਮ ਹੋ ਜਾਵੇ ਗਾ, ਲੋਭ ਖਤਮ ਹੋ ਜਾਏਗਾ। ਜੀਵ ਦੇ ਵਡੇ ਦੁਸ਼ਮਣ ਪੰਜ ਚੋਰ (ਕਾਮ, ਕ੍ਰੋਧ, ਲੋਭ ਮੋਹ, ਹੰਕਾਰ) ਹਨ ਇਨ੍ਹਾਂ ਵਿਚੋਂ ਅਗਰ ਤੁਸੀ ਇਕ ਵੀ ਮਾਰ ਲਿਆ ਹੈ ਭਾਵ ਉਸ ਉਤੇ ਕੰਟਰੋਲ ਕਰ ਲਿਆ ਹੈ ਤਾਂ ਬਾਕੀ ਚੌਹ ਦਾ ਮੁਕਾਬਲਾ ਉਹ ਇਕਲਾ ਹੀ ਕਰ ਸਕਦਾ ਹੈ ਉਹ ਹੈ ਸਿਰਫ ਕਰੋਧ ਅਗਰ ਇਹ ਕਿਤੇ ਤੁਹਾਡੇ ਵਸ ਹੋ ਜਾਏ ਤਾਂ ਦੁਨੀਆ ਦੀ ਕੋਈ ਤਾਕਤ ਤੁਹਾਨੂੰ ਨਾਸ ਨਹੀ ਕਰ ਸਕਦੀ। ਜੀਵ ਅੰਦਰ ਜਦੋਂ ਕਰੋਧ ਦਾ ਵਾਸ ਹੋ ਜਾਂਦਾ ਹੈ ਤਾਂ ਇਹ ਸਭ ਨਾਲੋਂ ਜ਼ਿਆਦਾ ਹਾਨੀਕਾਰਕ ਹੈ ਇਸਦੇ ਆਉਣ ਨਾਲ ਹੀ ਜੀਵ ਦੇ ਸਰੀਰ ਦੇ ਸਾਰੇ ਲੂੰ ਕੰਢੇ ਖੜੇ ਹੋ ਜਾਂਦੇ ਹਨ। ਅੱਖਾਂ 'ਚੋਂ ਖੂਨ ਉਤਰ ਆਉਂਦਾ ਹੈ। ਜਿਸ ਉਪਰ ਕ੍ਰੋਧ ਆਉਂਦਾ ਹੈ, ਉਸ ਨੂੰ ਮਾਰਨ ਨੂੰ ਦਿਲ ਕਰਦਾ ਹੈ। ਉਸ ਨਾਲ ਬੋਲਣ ਨੂੰ ਦਿਲ ਨਹੀਂ ਕਰਦਾ, ਉਸ ਨਾਲ ਮਨ 'ਚ ਨਫ਼ਰਤ ਹੋ ਜਾਂਦੀ ਹੈ ਅਸੀ ਕਹਿੰਦੇ ਹਾਂ ਉਸ ਨਾਲ ਗਲ ਤਕ ਨਹੀਂ ਕਰਨੀ। ਆਪਣੇ ਆਪ ਨੂੰ

ਕੋਸਦੇ ਹਾਂ, ਉਸ ਦਾਕੋਈ ਲਾਭ ਨਹੀਂ। ਇਹ ਸਭ ਤੋਂ ਵੱਡਾ ਜੀਵ ਦਾ ਦੁਸ਼ਮਣ ਹੈ। ਕ੍ਰੋਧ 'ਚ ਆ ਕੇ ਵਿਸ਼ਵਾਮਿਤਰ ਨੂੰ ਸਜਾ ਮਿਲੀ, ਕ੍ਰੋਧ 'ਚ ਰਾਵਣ-ਘਾਟ ਹੋਇਆ, ਕ੍ਰੋਧ 'ਚ ਆ ਕੇ ਕੰਸ ਮਰਿਆ ਕ੍ਰੋਧ 'ਚ ਆ ਕੇ ਹਰਨਾਖਸ਼ ਮਰਿਆ, ਕਾਹਦਾ ਗੁੱਸਾ ਸੀ ਉਸ ਨੂੰ ਸਿਰਫ ਇਕ ਹੀ ਸੀ ਕਿ ਸਾਰੀ ਦੁਨੀਆ ਨੂੰ ਖਤਮ ਕਰਕੇ ਮੈਂ ਰਾਜ ਕਰਾਂ। ਸੋ ਇਸ ਵਾਸਤੇ ਸਾਨੂੰ ਆਪਣੇ ਅੰਦਰ ਝਾਤੀ ਮਾਰਕੇ ਕਿਸੇ ਪੂਰਨ ਪੁਰਖ ਦੀ ਸ਼ਰਨ ਵਿਚ ਲੀਨ ਹੋਣਾ ਚਾਹੀਦਾ ਹੈ। ਜਾਤ ਪਾਤ ਹਿੰਦੂ ਮੁਸਲਿਮ ਸਿਖ ਈਸਾਈ ਦੇ ਬੰਧਨਾਂ ਤੋਂ ਉੱਪਰ ਉਠ ਕੇ ਇਕ ਅਸਲੀਅਤ ਨੂੰ ਜਾਨਣਾ ਚਾਹੀਦਾ ਹੈ। ਉਹ ਕੀ ਹੈ? ਇਕ ਮਨੁੱਖਤਾ। ਰੱਬ ਸਿੱਖਾਂ ਦਾ ਜ਼ਿਆਦਾ ਨਹੀਂ ਹੈ, ਰੱਬ ਹਿੰਦੂਆਂ ਦਾ ਜ਼ਿਆਦਾ ਨਹੀਂ ਹੈ। ਕਈ ਲੋਕ ਅਸਾਂ ਵੇਖੇ ਜਦ ਉਹ ਇਥੇ ਪੈਸੇ ਕਮਾਉਣ ਲਈ ਆਏ ਤਾਂ ਪੈਸੇ ਦੀ ਖਾਤਰ ਉਨ੍ਹਾਂ ਦਾੜ੍ਹੀਆ ਕ੍ਟਾ ਲਈਆਂ, ਕੇਸ ਕਟਾ ਲਏ। ਫਿਰ ਉਹ ਗੁਰਦੁਆਰਿਆਂ ਦੇ ਕਿਸੇ ਭਾਈ ਦੇ ਮਗਰ ਲਗੇ ਉਹਨੇ ਕਿਹਾ ਤੂੰ ਅੰਮ੍ਰਿਤ ਛਕ ਲੈ, ਪੰਜ ਕਕਾਰੇ ਪਾ ਲੈ ਉਨ੍ਹਾਂ ਦਾੜ੍ਹੀਆਂ ਰੱਖ ਲਈਆਂ ਕਿਰਪਾਨਾਂ ਪਾ ਲਈਆਂ ਨਿੱਕੀਆਂ ਨਿੱਕੀਆਂ। ਉਹਦੇ ਨਾਲ ਚੂਹਾ ਵੀ ਨਹੀਂ ਮਰ ਸਕਦਾ ਕਿਉਂਕਿ ਅੱਜ ਦਾ ਵਕਤ ਇਨ੍ਹਾਂ ਕਿਰਪਾਨਾਂ ਦਾ ਵਕਤ ਨਹੀਂ ਹੈ ਜਿਥੇ ਇੱਡੀਆਂ ਵੱਡੀਆਂ ਤੋਪਾਂ ਔਰ ਐਟਮ ਸ਼ਕਤੀਆਂ ਕੰਮ ਕਰ ਰਹੀਆਂ ਹਨ ਉਥੇ ਇਨ੍ਹਾਂ ਕਿਰਪਾਨਾਂ ਕੀ ਕਰਨਾ ਹੈ? ਉਹ ਕਾਹਦੀ ਰਖਿਆ ਵਾਸਤੇ ਹੈ? ਉਹ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਾਨੀ ਹੈ ਉਹਨੂੰ ਨਿਸ਼ਾਨੀ ਸਮਝਕੇ ਹੀ ਰਖੀ ਜਾਵੇ ਨਾ ਕਿ ਦੁਰਵਰਤੋਂ ਵਾਸਤੇ ਪ੍ਰੰਤੂ ਅਸੀਂ ਐਸਾ ਨਹੀਂ ਕਰਦੇ।

ਅਸੀਂ ਜਾਤ ਪਾਤਾਂ ਦੇ ਚਿਕੱੜ ਵਿਚ ਬਹੁਤ ਫਸ ਚੁੱਕੇ ਹਾਂ। ਅਸੀਂ ਹਿੰਦੂ ਮੁਸਲਿਮ ਸਿੱਖ ਈਸਾਈ ਦਾ ਬਹੁਤ ਭਿੰਨ ਭੇਦ ਸਮਝਦੇ ਹਾਂ। ਹਜ਼ੂਰ ਉਪਦੇਸ਼ ਦਿੰਦੇ ਹਨ:-
-

*"ਨੀਚੋ ਨੀਚ ਸਭ ਤਰੈ ਸੰਤ ਤਰਨ ਲਿਵਲੀਨ"*

*ਜਾਤੀ ਅਭਿਮਾਨ ਕਾਰਨੇ ਡੂਬੇ ਕੁਲ ਕਲੀਨ।।"*

ਭਾਵ ਜਿਨ੍ਹਾਂ ਨੇ ਜਾਤੀਆਂ ਦਾ ਹੰਕਾਰ ਕੀਤਾ ਉਨ੍ਹਾਂ ਨੂੰ ਡੁੱਬਣਾ ਪੈ ਗਿਆ। ਰਾਮਾ ਨੰਦ ਨੇ ਉਚੀ ਜਾਤ ਦਾ ਹੰਕਾਰ ਕੀਤਾ ਉਹ ਬ੍ਰਾਹਮਣ ਸਨ ਛੋਟੀਆਂ ਜਾਤਾਂ ਦੇ ਘਰਾਂ ਤੋਂ ਖਾਣਾ ਨਹੀਂ ਸਨ ਖਾਂਦੇ ਹੁੰਦੇ। ਜਾਂਦੇ ਨਹੀਂ ਸਨ ਹੁੰਦੇ। ਰਵੀਦਾਸ ਜੀ ਦਾ ਜਨਮ ਰਾਮਾਨੰਦ ਦੇ ਸਰਾਪ ਨਾਲ ਹੋਇਆ ਜੋ ਕਿ ਛੋਟੀ ਜਾਤ ਨਾਲ ਸੰਬੰਧ ਰਖਦੇ ਸਨ।

ਪਰ ਬਾਅਦ ਵਿਚ ਰਾਮਾਨੰਦ ਜੀ ਨੂੰ ਰਵੀਦਾਸ ਜੀ ਦੇ ਘਰ ਜਾਣਾ ਪਿਆ। ਭੀਲਣੀ ਦੇ ਜੂਠੇ ਬੇਰ ਆ ਕੇ ਰਘੁਵੰਸ਼ੀ (ਰਾਮ) ਨੂੰ ਖਾਣੇ ਪਏ, ਜਾਤ ਦਾ ਭਿੰਨ ਭੇਦ ਖਤਮ ਕਰਨ ਲਈ।

ਕਿਉਂਕਿ ਉਹ ਭੰਗੀ ਜਾਤ ਨਾਲ ਸੰਬੰਧਤ ਸੀ। ਜਿਸ ਨੂੰ ਲੋਕਾਂ ਪਿੰਡੋਂ ਬਾਹਰ ਕੱਢ ਦਿੱਤਾ।

ਵੇਖੋ ਕਈ ਵਾਰ ਅਸੀਂ ਕਹਿੰਦੇ ਹਾਂ ਕਿ ਸੁੱਚੇ ਹੋਣਾ ਹੈ ਸੁਚਮਤਾ 'ਚ ਰਹੋ। ਨਹਾ ਕੇ ਸਿਮਰਨ ਤੇ ਬੈਠੋ। ਰੱਬ ਨਾਲ ਇਸ ਸੁਚਮ ਦਾ ਕੋਈ ਸੰਬੰਧ ਨਹੀਂ ਹੈ। ਰੱਬ ਹਮੇਸ਼ਾਂ ਸੁੱਚਾ ਹੈ ਔਰ ਜਿਹੜੇ ਜੀਵ ਦੇ ਵੀਚਾਰ ਸੁੱਚੇ ਹਨ ਉਹ ਖੁਦ ਸੁੱਚਾ ਹੈ। ਇਹ ਜਿਹੜਾ ਤਨ ਨੂੰ ਧੋਣਾ ਤਨ ਤੇ ਸੁੱਚਾ ਕਪੜਾ ਪਾਉਣਾ ਹੈ ਇਹ ਸਾਡੀ ਆਪਣੀ ਸਫਾਈ ਹੈ। ਇਹ ਸਾਨੂੰ ਰੱਬ ਨੇ ਬਖਸ਼ਿਸ਼ ਕੀਤਾ ਹੈ ਇਸਦੀ ਸੰਭਾਲ ਕਰਨਾ ਸਾਡਾ ਫਰਜ ਹੈ। ਜਿਸ ਤਰ੍ਹਾਂ ਇਕ ਕੱਚੇ ਘਰ ਨੂੰ ਲਿਪ ਦੇਣ ਦੀ ਜ਼ਰੂਰਤ ਹੈ ਜੇਕਰ ਅਸੀਂ ਨਹੀ ਦਿਆਂਗੇ ਤਾਂ ਉਹਦੀ ਮਿੱਟੀ ਕਿਰਨ ਲਗ ਜਾਵੇਗੀ। ਜਿਸ ਤਰ੍ਹਾਂ ਹਰ ਸਾਲ ਬਾਅਦ ਇੰਡੀਆ ਵਿਚ ਛਪੜਾਂ ਚੋਂ ਚਿਕਨੀ ਮਿੱਟੀ ਲਿਆ ਕੇ ਘਰ ਲਿਪ ਦਿੱਤੇ ਜਾਂਦੇ ਸਨ ਜਾਂ ਖਾਸ ਤਿਉਹਾਰਾਂ ਉਪਰ ਘਰਾਂ ਨੂੰ ਪੋਚੇ, ਕਲੀਆਂ ਫੇਰ ਕੇ ਸਜਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਸਰੀਰ ਹੈ ਇਸ ਨੂੰ ਵੀ ਧੋਣਾ, ਸਾਫ ਰਖਣਾ ਸਾਡਾ ਹੱਕ ਬਣਦਾ ਹੈ। ਜਿਸ ਤਰ੍ਹਾਂ ਸਾਡਾ ਮਕਾਨ ਅੰਦਰੋਂ ਬਹੁਤ ਸੁੰਦਰ ਹੈ ਕਾਰਪੇਟ, ਫਰਨੀਚਰ ਵਗੈਰਾ ਸਭ ਕੁਝ ਬਹੁਤ ਹਨ ਜਿਸ ਕਰਕੇ ਅੰਦਰੋਂ ਮਕਾਨ ਬਹੁਤ ਸਜਿਆ ਹੋਇਆ ਹੈ, ਅਗਰ ਬਾਹਰੋਂ ਖਰਾਬ ਹੈ ਤਾਂ ਉਸ ਦਾ ਕੋਈ ਆਮ ਬਾਹਰਲਾ ਖਿਚਾਅ ਖਤਮ ਹੋ ਜਾਏਗਾ। ਸੋ ਬਾਹਰੋਂ ਵੀ ਸਵਾਰਿਆ ਹੋਇਆ ਹੋਣਾ ਬਹੁਤ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਸਾਡਾ ਸਰੀਰ ਹੈ ਅੰਦਰ ਦੀ ਅਵਸਥਾ ਦੇ ਨਾਲ ਨਾਲ ਬਾਹਰੋਂ ਵੀ ਇਸ ਨੂੰ ਸਵਾਰਨਾ ਅਤੀ ਜਰੂਰੀ ਹੈ। ਕਿਉਂਕਿ ਇਸ ਅੰਦਰ ਰੱਬ ਦਾ ਵਾਸ ਹੈ। ਪ੍ਰੰਤੂ ਧਕੇ ਸ਼ਾਹੀ ਨਾਲ ਨਹੀ, ਭਾਵ ਮਾਣ ਵਿਚ ਨਹੀਂ ਜਾਂ ਜਾਤੀ ਅਭਿਮਾਨ ਵਿਚ ਨਹੀਂ। ਜਾਤੀ ਅਭਿਮਾਨ ਵਿਚ ਤਾਂ ਵਿਸ਼ਵਾ ਮਿਤਰ ਨੂੰ ਵੀ ਥਲੇ ਆਉਣਾ ਪਿਆ, ਸੋ ਜਾਤ ਦਾ ਕੋਈ ਅਭਿਮਾਨ ਨਹੀਂ। ਹਾਂ ! ਵਰਨ ਜਰੂਰ ਚਾਰ ਹਨ ਔਰ ਧਰਮ ਵੀ ਸਾਡੇ ਚਾਰ ਹੀ ਹਨ। ਵਰਨ ਨੂੰ ਦੂਜੇ ਰੂਪ ਵਿਚ ਮਜ਼ਬ ਆਖਦੇ ਹਾਂ ਵਰਨ ਨੂੰ ਜਾਤ ਵੀ ਆਖਦੇ ਹਾਂ ਜਿਸ ਤਰ੍ਹਾਂ ਖਤ੍ਰੀ, ਬ੍ਰਾਹਮਣ, ਸ਼ੂਦ, ਵੈਸ਼ ਆਦਿ। ਸਾਰੇ ਅਸੀਂ ਆਪਣੇ ਆਪਣੇ ਵਿਚਾਰਾਂ ਵਿਚ ਕੋਈ ਬ੍ਰਾਹਮਣ ਬਣੀ ਬੈਠਾ ਹੈ, ਕੋਈ ਸ਼ੀਆ ਬਣੀ ਬੈਠਾ ਹੈ, ਕੋਈ ਕੁਝ, ਕੋਈ ਕੁਝ ਬਣੀ

ਬੈਠਾ ਹੈ। ਕੋਈ ਸੂਦਰ ਬਣੀ ਬੈਠਾ ਹੈ। ਇਹ ਜਾਤਾਂ ਪਾਤਾਂ ਦੇ ਝਮੇਲੇ ਅਸੀ ਆਪਣੇ ਆਪ ਹੀ ਪਾਈ ਬੈਠੇ ਹਾਂ ਇਸਦਾ ਰੱਬ ਨਾਲ ਕੋਈ ਸੰਬੰਧ ਨਹੀਂ ਹੈ। ਪ੍ਰਮਾਤਮਾ ਦੀ ਕਿਸੇ ਨਾਲ ਖਾਸ ਕੋਈ ਦੋਸਤੀ ਨਹੀਂ ਹੈ, ਕੋਈ ਮਿਤਰਤਾਈ ਨਹੀਂ ਹੈ, ਕੋਈ ਲਗਾਉ ਨਹੀਂ ਹੈ। ਉਹ ਤੇ ਲਾਸ਼ਰੀਕ ਹੈ, ਅਜ਼ਰ ਅਤੇ ਅਮਰ ਹੈ। ਸੰਤਾਂ ਦੀ ਸ਼ਰਨ 'ਚ ਜਾਵਣ ਤੋਂ ਉਪਰੰਤ ਹੀ ਇਹ ਰੌਣਕ, ਇਹ ਖੁਸ਼ੀ, ਇਹ ਰੌਸ਼ਨੀ, ਇਹ ਅਨੰਦ ਅਤੇ ਇਹ ਸ਼ਾਂਤੀ ਹਾਸਲ ਹੋ ਸਕਦੀ ਹੈ ਜਿਸ ਪਾਸ ਇਹ ਚੀਜ਼ ਹੈ ਉਸ ਨੂੰ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੋ ਸਕਦੀ।

*"ਸੰਤ ਜਨੋ ਮਿਲ ਭਾਈਓ, ਸਚਾ ਨਾਮ ਸਮਾਲ*

*ਤੋਸਾ ਬੰਦੂ ਜੀਅ ਕਾ ਐਥ਼ੇ ਉਥੇ ਨਾਲ।।*

ਇਥੇ ਮਾਤਲੋਕ, ਉਥੇ ਪਰਲੋਕ, ਇਥੇ ਧਰਤ ਉਥੇ ਮਹੀਅਲ, (ਅਕਾਸ਼) ਈਹਾਂ ਤੇ ਊਹਾਂ

*"ਨਾਨਕ ਦਾਸ ਮੁਖ ਤੇ ਜੋ ਬੋਲੈ।।*

*ਈਹਾਂ ਊਹਾਂ ਸਚਿ ਹੋਵੈ।।"*

ਉਹ ਆਖਦੇ ਹਨ ਕਿ ਕੋਈ ਐਸਾ ਸੰਤ ਸਜਨ ਮਿੱਤਰ ਲਭੋ, ਐਹੋ ਜਿਹੀ ਦੋਸਤੀ ਪੈਦਾ ਕਰੋ ਜਿਹੜੀ ਤੁਹਾਨੂੰ ਇਥੇ ਔਰ ਉਥੇ ਸਹਾਇਕ ਹੋਵੇ। ਕਈ ਵਾਰ ਸਤਿਸੰਗਾਂ ਵਿਚ ਅਸੀਂ ਅਗੇ ਵੀ ਬੇਨਤੀ ਕੀਤੀ ਹੈ, ਅਰਜ ਕੀਤੀ ਹੈ ਕਿ ਦੁਨੀਆਂ ਵਿਚ ਅਗਰ ਕੋਈ ਸੱਚਾ ਮਿੱਤਰ ਜਾਂ ਦੋਸਤ ਹੈ ਤੁਹਾਡਾ ਤਾਂ ਉਹ ਕੇਵਲ ਇੱਕੋ ਪੂਰਨ ਪੁਰਖ ਜਾਂ ਨਾਮ ਹੈ। ਹੋਰ ਕਿਸੇ ਨੇ ਨਾਲ ਨਹੀਂ ਜਾਣਾ। ਸਿਰਫ ਨਾਮ ਨੇ ਤੁਹਾਡੇ ਨਾਲ ਜਾਣਾ ਹੈ ਔਰ ਸੰਤਾਂ ਨੇ ਲੈਣ ਆਉਣਾ ਹੈ। ਇਹ ਚੀਜ਼ ਕਿਤੇ ਇਤਿਹਾਸ ਵਿਚ ਨਹੀਂ ਹੈ ਸਗੋਂ ਸੱਚਖੰਡ ਨਾਨਕ ਧਾਮ ਵਿਚ ਪਰੈਕਟੀਕਲ ਇਹ ਬੀਤ ਰਿਹਾ ਹੈ ਖਾਸ ਕਰਕੇ ਸੇਵਕਾਂ ਨਾਲ ਵਾਪਰਿਆ ਹੈ, ਔਰ ਅਗੋਂ ਵਾਪਰਦਾ ਰਹੇਗਾ ਕਿਉਂਕਿ ਇਹ ਰੱਬ ਦੇ ਘਰ ਦੀ ਅਸਲੀਅਤ ਹੈ। ਕਈ ਨਾਮ ਲੇਵਾ ਨੂੰ ਤਾਂ ਇਥੋਂ ਤਕ ਹੈ ਕਿ ਉਸਨੂੰ ਪਹਿਲੋਂ ਹੀ ਦੱਸ ਦਿੱਤਾ ਗਿਆ ਹੈ ਕਿ ਬਈ ਤੇਰਾ ਅੰਤ ਵੇਲਾ ਆ ਰਿਹਾ ਹੈ ਔਰ ਦਸ ਦਿੱਤਾ ਗਿਆ ਹੈ ਕਿ ਬਈ ਤੈਨੂੰ ਐਸ ਦਿਨ ਐਨੇ ਵਜੇ ਲੈਣ ਆਇਆ ਜਾਵੇ ਗਾ।

ਮੁਰਸ਼ਦ ਆਪਣੇ ਹਰੇਕ ਸੇਵਕ ਨੂੰ ਅੰਤ ਵੇਲੇ ਲੈਣ, ਲਈ ਆਉਂਦਾ ਹੈ। ਮਗਰ

ਜੀਵ ਦੇ ਧਿਆਨ ਤੇ ਵੀ ਨਿਰਭਰ ਕਰਦਾ ਹੈ। ਵੈਸੇ ਨਾ ਵੀ ਹੋਵੇ ਤਾਂ ਵੀ ਮੁਰਸ਼ਦ ਸੇਵਕ ਦੀ ਸੰਭਾਲ ਕਰਦਾ ਹੈ। ਮਹਾਰਾਜ ਗੁਰਬਾਣੀ ਵਿਚ ਵੀ ਬਿਆਨ ਕਰਦੇ ਹਨ ਕਿ ਜਿਸ ਜੀਵ ਪਾਸ ਪੂਰਨ ਮੁਰਸ਼ਦ ਦੀ ਸ਼ਰਨ ਔਰ ਨਾਮ ਹੈ ਉਸ ਨੂੰ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਨਾ ਇਥੇ ਖਤਰਾ ਨਾ ਉਥੇ ਖਤਰਾ। ਐਥੋਂ ਹਜਾਰਾਂ ਮੀਲਾਂ ਦੂਰ ਇੰਡੀਆ ਵਿਚ ਸਚੁਖੰਡ ਨਾਨਕ ਧਾਮ ਦੇ ਸੇਵਕ ਬੈਠੇ ਹਨ। ਉਨ੍ਹਾਂ ਦੀਆਂ ਮੁਰਾਦਾਂ ਉਥੇ ਬੈਠਿਆਂ ਦੀਆਂ ਹੀ ਪੂਰੀਆਂ ਹੁੰਦੀਆਂ ਹਨ। ਕਈ ਕਰੋੜਾਂ ਯੋਜਨ ਮਹਾਰਾਜ ਨੇ ਰੱਬ ਦਾ ਪ੍ਰਕਾਸ਼ ਲਿਖਿਆ ਹੈ ਜਿਥੇ ਮਰਜੀ ਬੈਠਿਆਂ ਤੁਸੀਂ ਕੋਈ ਬੇਨਤੀ ਕਰਦੇ ਹੋ ਪ੍ਰਮਾਤਮਾ ਪੂਰੀ ਕਰਦਾ ਹੈ। ਉਹ ਹੈ ਨਾਮ, ਸਿਰਫ ਨਾਮ।.

### *"ਤੇਰਾ ਏਕੁ ਨਾਮ ਤਾਰੇ ਸੰਸਾਰੁ"*

ਇਕ ਨਾਮ ਸਾਰੇ ਸੰਸਾਰ ਨੂੰ ਤਾਰ ਦਿੰਦਾ ਹੈ। ਸੋ ਸੰਤ ਸ਼ਰਨ ਲੈ ਕੇ ਨਾਮ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਨਾਮ ਲੈ ਕੇ ਉਸਦੀ ਕਮਾਈ ਕਰੋ, ਉਸਦੀ ਤੁਲਨਾ ਮਤ ਕਰੋ। ਨਾਮ ਦੀ ਤੁਲਨਾ ਹੋ ਨਹੀਂ ਸਕਦੀ। ਉਹ ਇਨ੍ਹਾਂ ਕੁ ਵਿਸ਼ਾਲ ਤੇ ਇਨੇ ਕੁ ਛੋਟੇ ਰੂਪ ਦਾ ਮਾਲਕ ਹੈ ਕਿ ਉਹ ਬਣ ਜਾਵੇ ਤਾਂ ਰਾਈ ਵਰਗਾ ਅਤੇ ਜੇ ਉਹ ਕਿਤੇ ਖਿਲਰ ਜਾਵੇ ਤਾਂ ਉਸ ਨੂੰ ਨਾ ਸਮੁੰਦਰ ਨਾ ਧਰਤੀ ਨਾ ਅਕਾਸ਼ ਢਕ ਹੀ ਨਹੀਂ ਸਕਦੇ। ਇਨੇ ਕੁ ਅਥਾਹ ਰੂਪ ਦਾ ਮਾਲਕ ਹੈ। ਉਹਨੂੰ ਕਿਹੜੇ ਰੂਪ ਵਿਚ ਵੇਖਣਾ ਚਾਹੁੰਦੇ ਹੋ ਉਹ ਇਨੇ ਰੂਪਾਂ ਵਿਚ ਆਏ ਹਨ ਕਿ ਤੁਸੀਂ ਉਹਨੂੰ ਅਜੇ ਤਕ ਇਕ ਰੂਪ ਵਿਚ ਵੀ ਮੰਨ ਨਹੀਂ ਸਕੇ, ਕੋਈ ਉਸ ਨੂੰ ਰਾਮ ਕੋਈ ਕ੍ਰਿਸ਼ਨ, ਕੋਈ ਗੁਰੂ ਨਾਨਕ ਕੋਈ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਮੰਨਦੇ ਹਨ। ਹੁਣ ਹੀ ਵੇਖ ਲਉ ਸਾਡੇ ਸਿੱਖ ਧਰਮ ਵਲ ਹਾਲੇ ਮਸਾਂ 500 ਸਾਲ ਵੀ ਨਹੀਂ ਹੋਏ ਔਰ ਸਾਡੇ ਘਰਾਂ ਵਿੱਚ ਫਰਕ ਪਏ ਹੋਏ ਹਨ ਕਿਸੇ ਵੀ ਗੁਰਦੁਆਰੇ ਵਿਚ ਅੰਮ੍ਰਿਤ ਛਕਾਉਣ ਵੇਲੇ ਕਦੀ ਕਿਸੇ ਨੇ ਇਹ ਨਹੀਂ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਬਣ ਜਾਉ ਉਹਨਾਂ ਨੂੰ ਹਮੇਸ਼ਾਂ ਇਹੋ ਹੀ ਕਿਹਾ ਜਾਂਦਾ ਹੈ ਕਿ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਸਿੰਘ ਦੇ ਸਿੰਘ ਬਣੋ। ਕੀ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਨੌਂਵੀਂ ਪਾਤਸ਼ਾਹੀ ਤਕ ਕੋਈ ਮਿਸ਼ਨ ਨਹੀਂ, ਜਿਹੜੇ ਗੁਰੂ ਗੋਬਿੰਦ ਸਿੰਘ ਦੇ ਸਿੰਘ ਨਹੀਂ ਬਣਦੇ ਕੀ ਉਹਨਾਂ ਤੇ ਮਾਲਕ ਮਿਹਰ ਨਹੀਂ ਕਰਦਾ? ਕਈ ਵਾਰ ਕਿਹਾ ਜਾਂਦਾ ਹੈ ਕਿ ਪੰਜ ਕਕਾਰੇ ਪਹਿਨੋ ਇਨ੍ਹਾਂ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ, ਚਲੋ ਮੰਨ ਲਿਆ ਜਾਂਦਾ ਹੈ ਕਿ ਕਛ, ਕੜਾ, ਕਿਰਪਾਨ, ਕੰਘਾ, ਕੇਸ ਪੰਜ ਕਕਾਰ ਰੱਖ ਵੀ ਲਏ ਜਾਣ। ਅਗਰ ਖੁਦਾ ਨਾ ਖਾਸਤਾ ਬਿਮਾਰੀ

ਕਾਰਨ ਜਾਂ ਹੋਰ ਕਿਸੇ ਕਾਰਨ ਸਿਰ ਦੇ ਵਾਲ ਝੜ ਜਾਂਦੇ ਹਨ ਭਾਵ ਆਦਮੀ ਰੀਜਾ ਹੋ ਜਾਂਦਾ ਹੈ ਤਾਂ ਦੋ ਕਕਾਰੇ ਤਾਂ ਗਏ ਕੇਸ ਵੀ ਗਏ, ਕੰਘਾ ਵੀ ਗਿਆ। ਸੋ ਇਸ ਤੋਂ ਭਾਵ ਇਹ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਮਿਲਣਗੇ ਨਹੀਂ ਤਿੰਨਾਂ ਕਕਾਰਾਂ ਵਾਲਿਆਂ ਨੂੰ। ਨਹੀਂ ਐਸੀ ਕੋਈ ਗੱਲ ਨਹੀਂ ਬਾਹਰੀ ਪੰਜ ਕਕਾਰਾਂ ਦੇ ਨਾਲ ਨਾਲ ਅੰਦਰੂਨੀ ਬਿਰਤੀ ਦੀ ਹਾਲਤ ਬਹੁਤ ਨਿਰਭਰ ਕਰਦੀ ਹੈ ਉਹ ਹੈ ਪੂਰੀ ਸੁਰਤ। ਪੂਰੀ ਸੁਰਤ ਕੀ ਹੈ? ਪੂਰੀ ਸੁਰਤ ਹੈ ਪੂਰਾ ਪ੍ਰੇਮ; ਪੂਰਾ ਅਨੰਦ, ਪੂਰੀ ਸ਼ਾਂਤੀ ਕਦੋਂ ਮਿਲਣੀ ਹੈ? ਜਦੋਂ ਤੁਸੀਂ ਆਪਣੀ ਜਾਤ ਪਾਤ ਨੂੰ ਖਤਮ ਕਰ ਦੇਣਾ ਹੈ। ਮੰਦਰ ਗੁਰਦੁਆਰਿਆਂ ਦੇ ਭਰਮ ਨੂੰ ਖਤਮ ਕਰ ਦੇਣਾ ਹੈ। ਮਸੀਤਾਂ ਅਤੇ ਠਾਕਰਦੁਆਰਿਆਂ ਨੂੰ ਖਤਮ ਕਰ ਦੇਣਾ ਹੈ। ਅਸੀਂ ਪਿਛਲੇ ਸ਼ਨੀਵਾਰ ਦੇ ਸਤਿਸੰਗ ਵਿਚ ਵੀ ਦਰਖਾਸਤ ਕੀਤੀ ਸੀ ਕਿ ਅਸੀਂ ਸਾਰੇ ਲੋਕ ਪ੍ਰਮਾਤਮਾ ਦੇ ਬਣਾਏ ਹੋਏ ਹਾਂ ਔਰ ਪ੍ਰਮਾਤਮਾ ਨੇ ਸਾਨੂੰ ਆਪਣਾ ਰੂਪ, ਆਪਣੀ ਕਾਇਆ ਆਪਣੀ ਸ਼ਕਲ ਦੇ ਕੇ ਇਥੇ ਭੇਜਿਆ ਹੈ। ਮਗਰ ਅਸੀਂ ਦੁਨੀਆਂ ਵਿਚ ਆ ਕੇ ਉਸ ਦੀ ਰਹਿਮਤ ਅਤੇ ਪਿਆਰ ਨੂੰ ਭੁਲਕੇ ਦੁਨੀਆਂ ਦੀਆਂ ਸ਼ਾਨਾਂ ਸ਼ੌਕਤਾਂ, ਇੱਜਤਾਂ ਅਤੇ ਗੁਰਦੁਆਰਿਆਂ, ਮੰਦਰਾਂ ਦੇ ਬਾਹਰੀ ਪੁਰਾਣੇ ਬੰਧਨਾਂ ਵਿਚ ਫਸੇ ਬੈਠੇ ਹਾਂ। ਹੁਣ ਸਾਨੂੰ ਜੀਵਾਂ ਨੂੰ ਨਵੀਂ ਰਸਮ ਚਾਹੀਦੀ ਹੈ। ਨਵਾਂ ਪਿਆਰ ਚਾਹੀਦਾ ਹੈ। ਨਵੀਂ ਚੀਜ ਚਾਹੀਦੀ ਹੈ। ਨਵੀਂ ਚੀਜ ਮਿਲੇਗੀ ਜਰੂਰ ਪਰ ਉਦੋਂ ਮਿਲੇ ਗੀ ਜਦੋਂ ਤੁਸੀਂ ਉਸਦੀ ਤਲਾਸ਼ ਕਰੋਗੇ, ਘਰ ਬੈਠਿਆਂ ਨਹੀਂ।

ਜੇਕਰ ਅਸੀਂ ਕਹਿੰਦੇ ਹਾਂ ਕਿ ਇਹ ਚੀਜਾਂ ਮੰਦਰਾਂ ਗੁਰਦੁਆਰਿਆਂ 'ਚ ਸਨ ਤਾਂ ਸਾਨੂੰ ਹੁਣ ਨਵੇਂ ਰੂਪਾਂ 'ਚ ਰੱਬ ਮੰਨਣ ਦੀ ਕੀ ਲੋੜ ਸੀ। ਜਦੋਂ ਸ਼ਿਵ ਹੀ ਸਭ ਤੋਂ ਵੱਡੀ ਤਾਕਤ ਸਨ ਤਾਂ ਰਾਮ ਕ੍ਰਿਸ਼ਨ ਕਿਉਂ ਬਣਾਏ?

ਮੰਦਰ ਬਣਾਏ ਗਏ ਠਾਕਰ ਦੁਆਰੇ ਬਣਾਏ ਗਏ ਕਾਹਦੇ ਵਾਸਤੇ? ਸਿਰਫ਼ ਦੁਨੀਆ ਦੇ ਸੁਧਾਰ ਵਾਸਤੇ। ਜਦ ਜਦ ਵੀ ਜੀਵ ਆਤਮਾ ਨੂੰ ਪ੍ਰਮਾਤਮਾ ਦੀ ਲੋੜ ਧਰਤੀ ਤੇ ਪਈ ਹੈ ਉਦੋਂ ਹੀ ਜੀਵ ਆਤਮਾ ਦੇ ਆਧਾਰ ਵਾਸਤੇ ਪ੍ਰਮਾਤਮਾ ਕੋਈ ਨਾ ਕੋਈ ਰੂਪ ਧਾਰਨ ਕਰਕੇ ਆਇਆ ਹੈ। ਪੁਰਾਣੀਆਂ ਰਸਮਾਂ ਕੋਈ ਨਹੀਂ ਮੰਨਦੇ। ਪੂਰਨ ਸੰਤ ਮਹਾਤਮਾ ਧਰਤੀ ਤੇ ਵੀ ਰੀਤ ਲੈ ਕੇ ਆਉਂਦੇ ਹਨ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮੌਤ ਨੂੰ ਅਸਾਂ ਸਹੇੜ ਲਿਆ ਹੈ। ਸਿੱਖ ਨੂੰ ਸਿੱਖ ਬਣਾ ਦੇਣਾ ਦਾੜ੍ਹੀ ਕੇਸ ਉਨ੍ਹਾਂ ਪਹਿਲੋਂ ਹੀ ਰਖੇ ਹਨ ਬਾਅਦ 'ਚ ਉਸ ਨੂੰ ਅੰਮ੍ਰਿਤ ਛਕਾ ਕੇ ਪੰਜਾਂ ਬਾਣੀਆਂ ਦਾ ਪਾਠ ਕਰਨ ਵਾਸਤੇ ਪ੍ਰੇਰਨਾ ਜਾਂ ਲਾਉਣਾ ਸੌਖਾ ਹੈ, ਹਿੰਦੂ ਨੂੰ ਕਹਿਣਾ ਕਿ ਤੂੰ ਆਰਤੀ ਕਰੀ ਜਾਹ,

ਓਮ ਨਮੋ ਸ਼ਿਵਾਏ ਕਰੀ ਜਾਹ, ਜਾਂ ਓਮ ਨਮੋ ਬ੍ਰਹਮ ਸ਼ਿਵ ਕਰੀ ਜਾਹ, ਗਾਇਤ੍ਰੀ ਦਾ ਪਾਠ ਕਰੀ ਜਾਹ, ਦੁਰਗਾ ਨੂੰ ਮੱਥੇ ਟੇਕੀ ਜਾਹ। ਮੁਸਲਮਾਨ ਨੂੰ ਕਹਿਣਾ ਕਿ ਤੂੰ ਨਮਾਜਾਂ ਹੀ ਪੜ੍ਹੀ ਜਾਹ ਹੋਰ ਕੁਝ ਨਾ ਕਰ, ਬਸ ਪੰਜ ਵਕਤ ਨਮਾਜ਼ ਪੜ੍ਹ, ਸਾਲ 'ਚ ਇਕ ਮਹੀਨੇ ਦੇ ਰੋਜੇ ਰਖ ਲੈ, ਈਦ ਅਤੇ ਬਕਰੀਦ ਮਨਾ ਸੱਚਾ ਮੁਸਲਮਾਨ ਹੀ ਤੂੰ ਹੈਂ। ਈਸਾਈ ਨੂੰ ਕਹਿਣਾ ਕਿ ਤੂੰ ਚਰਚ ਜਾਇਆ ਕਰ। ਯੀਸਸ ਦੀਆਂ ਪੰਜ ਆਇਤਾਂ ਹਨ ਉਹ ਪੜ੍ਹ ਲਿਆ ਕਰ। ਸੋ ਕਹਿਣ ਤੋਂ ਮੁਰਾਦ ਹੈ ਕਿ ਹਿੰਦੂ ਨੂੰ ਹਿੰਦੂ, ਸਿੱਖ ਨੂੰ ਸਿੱਖ, ਈਸਾਈ ਨੂੰ ਈਸਾਈ, ਮੁਸਲਮਾਨ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ ਪ੍ਰੰਤੂ ਨਵਾਂ ਮਾਰਗ ਦੇਣਾ ਔਖਾ ਹੈ ਜਿਸ ਤਰ੍ਹਾਂ ਪੂਰਨ ਸੰਤ ਮਹਾਂਪੁਰਖ ਕਰਦੇ ਆਏ ਹਨ।

ਮੂਸਾ ਸਾਹਿਬ ਜਦ ਆਏ ਤਾਂ ਉਨ੍ਹਾਂ ਦਸ ਆਇਤਾਂ ਦਿੱਤੀਆਂ ਦਸ ਕਲਮੇ। ਯੀਸਸ ਕਰਾਈਸਟ ਨੇ ਵੇਖਿਆ ਕਮੀ ਕਿਹੜੀ ਹੈ, ਉਸ ਹਿਸਾਬ ਮੁਤਾਬਕ ਉਨ੍ਹਾਂ ਛੇ ਕਰ ਦਿੱਤੀਆਂ, ਮੁਹੰਮਦ ਸਾਹਿਬ ਵੇਖਿਆ ਤਾਂ ਉਨ੍ਹਾਂ ਪੰਜ ਕਰ ਦਿੱਤੀਆਂ ਅਗੋਂ ਗੁਰੂ ਘਰ ਵਿਚ ਗੁਰਬਾਣੀ ਦੀਆਂ ਪੰਜ ਬਾਣੀਆਂ ਦਾ ਪ੍ਰਵਾਹ ਚਲ ਪਿਆ। ਇਸ ਪਰੰਪਰਾ ਨਾਲ ਤਕਰੀਬਨ ਹਿੰਦੂ, ਮੁਸਲਮਾਨ, ਸਿਖ ਔਰ ਈਸਾਈ ਵੀ ਸਹਿਮਤ ਹੋ ਗਏ। ਕਈ ਵਾਰ ਸਤਿਸੰਗ ਵਿਚ ਅਸੀਂ ਦਰਖਾਸਤ ਕਰਦੇ ਹੁੰਦੇ ਹਾਂ ਕਿ ਸਿੱਖਾਂ ਨੂੰ ਰੱਬ ਦਾ ਬਹੁਤ ਖਤਰਾ ਪੈ ਜਾਂਦਾ ਹੈ। ਕੋਈ ਸੰਤ ਕਿਤੇ ਵੀ ਆ ਜਾਵੇ ਤਾਂ ਸਿੱਖ ਸਭ ਤੋਂ ਪਹਿਲੋਂ ਗੁਰਦੁਆਰਿਆਂ ਵਿਚ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹਨ ਕਦੀ ਕਿਸੇ ਹਿੰਦੂ ਨੂੰ ਕੋਈ ਖਤਰਾ ਮਹਿਸੂਸ ਨਹੀਂ ਹੁੰਦਾ, ਹਿੰਦੂਆਂ ਤੋਂ ਸਿੱਖ ਬਣ ਗਏ ਹਨ ਤਾਂ ਵੀ ਹਿੰਦੂ ਧਰਮ ਕਦੀ ਕੋਈ ਖਤਰਾ ਮਹਿਸੂਸ ਨਹੀਂ ਹੋਇਆ। ਜਦੋਂ ਦਸਮੇਸ਼ ਸਾਹਿਬ ਆਏ ਤਾਂ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਪੰਜ ਕਰੋੜ ਸੇਵਕ ਬਣਾ ਦਿੱਤਾ। ਦਸੋ ਕਦੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਮਿਸ਼ਨ ਘਟ ਸਕਦਾ ਹੈ? ਹਰਗਿਜ਼ ਨਹੀਂ। ਇਹ ਘਟਾਉਣ ਵਾਲੇ ਤਾਂ ਅਸੀਂ ਲੋਕ ਥਾਂ ਥਾਂ ਤੇ ਅੱਡੇ ਬਣਾ ਕੇ ਬੈਠੇ ਹਾਂ ਸਿਰਫ਼ ਆਪਣੀਆਂ ਰੋਟੀਆਂ ਖਾਤਰ। ਸਾਨੂੰ ਲੋਕਾਂ ਨੂੰ ਸਦਾ ਇਕੋ ਡਰ ਹੁੰਦਾ ਹੈ ਕਿ ਸਾਡੀ ਕਿਤੇ ਰੋਟੀ ਨਾ ਖੁਸ ਜਾਵੇ।

ਸਾਡੀ ਆਪ ਜੀਵਾਂ ਅੱਗੇ ਦਰਖਾਸਤ ਹੈ ਕਿ ਸਚੇ ਪਾਸੇ ਲੱਗੋ। ਸਚੀ ਗੁਰਬਾਣੀ ਹੈ, ਸੱਚਾ ਹੀ ਧਰਮ ਗ੍ਰੰਥ ਹੈ ਅਤੇ ਸਭ ਦਾ ਸਾਂਝਾ ਹੈ। ਜੇ ਅਸੀ ਉਨ੍ਹਾਂ ਜੀਵਾਂ ਮਗਰ ਲਗਣਾ ਹੈ ਜਿਹੜੇ ਰੋਲਾ ਪਾਵੁੰਦੇ ਹਨ ਕਿ ਸਾਡੀ ਸਿੱਖੀ ਨੂੰ ਖਤਰਾ ਸਾਡੇ ਧਰਮ ਨੂੰ

ਖਤਰਾ ਹੈ ਉਹ ਬਿਲਕੁਲ ਗਲਤ ਹੈ ਅਗਰ ਖਤਰਾ ਹੈ ਤਾਂ ਉਹ ਹੈ ਉਨ੍ਹਾਂ ਦੀ ਰੋਟੀ ਨੂੰ ਉਨ੍ਹਾਂ ਦੀ ਚੌਧਰ ਨੂੰ, ਉਨ੍ਹਾਂ ਦੇ ਮਾੜੇ ਕਰਮਾਂ ਨੂੰ ਖਤਰਾ ਹੈ ਉਨ੍ਹਾਂ ਦੇ ਆਪਣੇ ਆਪ ਨੂੰ ਦੂਸਰੇ ਨੂੰ ਕਾਹਦਾ ਖਤਰਾ ਹੈ। ਜਦ ਕੋਈ ਮਾੜਾ ਕਰਮ ਹੀ ਨਹੀ ਕਰੋਗੇ ਤਾਂ ਬਾਹਰੀ ਡਰ ਕਾਹਦੇ? ਸੋ ਉਨ੍ਹਾਂ ਲੋਕਾਂ ਦੇ ਮਗਰ ਮਤ ਲਗੋ ਜਿਹੜੇ ਸਾਨੂੰ ਗੁੰਮਰਾਹ ਕਰਦੇ ਹਨ, ਕਦੇ ਵੀ ਉਨ੍ਹਾਂ ਪਿਛੇ ਨਹੀਂ ਜਾਣਾ ਚਾਹੀਦਾ। ਉਨ੍ਹਾਂ ਪਿਛੇ ਲਗੋ ਜਿਹੜੇ ਸਾਨੂੰ ਇਨਸਾਨੀ ਸਬਕ ਦਿੰਦੇ ਹਨ, ਆਪਸ ਵਿਚ ਜੋੜਕੇ ਬੈਠਾਉਂਦੇ ਹਨ।

**ਜੇ ਤੁਸੀਂ ਹੋ ਤਾਂ ਅਸੀਂ ਹਾਂ, ਜੇ ਅਸੀਂ ਹਾਂ ਤਾਂ ਤੁਸੀਂ ਹੋ ਦਰਜਾ ਬਰਾਬਰ ਹੈ। ਸਗੋਂ ਤੁਹਾਡਾ ਸਾਧ ਸੰਗਤ ਦਾ ਇਕ ਦਰਜਾ ਉੱਪਰ ਹੈ ਸਿਰਫ ਤਖਤਪੋਸ਼ ਸਾਨੂੰ ਤੁਸਾਂ ਜ਼ਰੂਰ ਦਿੱਤਾ ਹੈ ਜਿਸ ਨਾਲ ਅਸੀਂ ਤੁਹਾਡੇ ਦਰਸ਼ਨ ਕਰ ਸਕਦੇ ਹਾਂ ਵੈਸੇ ਅਸੀਂ ਤੁਹਾਡੇ ਨਾਲੋਂ ਨੀਵੇਂ ਹਾਂ। ਸੰਗਤ ਦੇ ਤੌਰ ਤੇ ਤੀਸਰੀ ਪਾਤਸ਼ਾਹੀ ਨੇ ਸੰਗਤ ਨੂੰ 21 ਹਿੱਸੇ ਦਿੱਤੇ ਹਨ। ਉਸ 'ਚੋਂ ਇਕ ਹਿੱਸਾ ਸੰਤਾਂ ਦਾ ਔਰ 20 ਹਿੱਸੇ ਸੰਗਤ ਨੂੰ ਦਿੱਤੇ ਗਏ ਹਨ।** ਤਾਂ ਹੀ ਕਿਹਾ ਜਾਂਦਾ ਹੈ

*"ਸਾਧ ਸੰਗਤ ਮਿਲ ਹੋਇ ਤਰਾਬਾ"*

ਤਾਂ ਸਾਧ ਸੰਗਤ ਬਣਦੀ ਹੈ। ਵੈਸੇ ਤਾਂ ਸੰਗਤ ਤੁਸੀ ਰੋਜ਼ ਹੀ ਕਰਦੇ ਹੋ। ਇਨ੍ਹਾਂ ਲੋਕਾਂ ਔਰ ਇਨ੍ਹਾਂ ਚੀਜਾਂ ਮਗਰ ਮਤ ਲਗੋ ਕੋਈ ਵੀ ਖਤਰਾ ਕਿਸੇ ਨੂੰ ਨਹੀਂ ਹੈ। ਸਤਾਰਾਂ ਵਾਰ ਮੁਹੰਮਦ ਗਜਨਵੀ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ ਪਰ ਫ਼ਿਰ ਵੀ ਹਿੰਦੁਸਤਾਨ, ਹਿੰਦੁਸਤਾਨ ਹੀ ਰਿਹਾ। ਕਿੰਨੀ ਖਲਕਤ ਮਰੀ ਹੋਵੇਗੀ ਉਸ ਵਕਤ। ਅਜ ਫਿਰ ਉਸ ਤੋਂ ਦੂਣੀ ਅਬਾਦੀ ਹੋ ਗਈ ਹੈ। ਕਦੀ ਪਿਉ ਚਾਹੇਗਾ ਕਿ ਮੇਰੀ ਦੁਨੀਆ ਖਤਮ ਹੋਵੇ? ਹਰਗਿਜ਼ ਨਹੀਂ। ਪਿਉ ਨਹੀ ਚਾਹੁੰਦਾ ਕਿ ਮੈਂ ਆਪਣਾ ਘਰ ਖਤਮ ਕਰ ਦਿਆਂ। ਰਬ ਸਾਡਾ ਸਭ ਦਾ ਪਿਉ ਹੈ, ਮਾਤ ਪਿਤਾ ਹੈ, ਕੀ ਉਹ ਚਾਹੇਗਾ ਕਿ ਮੈਂ ਇਨ੍ਹਾਂ ਨੂੰ ਖਤਮ ਕਰ ਦਿਆਂ। ਸਾਨੂੰ ਇਨ੍ਹਾਂ ਚੀਜਾਂ ਮਗਰ ਨਹੀ ਲਗਣਾ ਚਾਹੀਦਾ। ਜਾਤ, ਪਾਤ ਦਾ ਧਿਆਨ ਨਹੀਂ ਕਰਨਾ ਚਾਹੀਦਾ। ਫਕੀਰ, ਨਾ ਹਿੰਦੂ ਨਾ ਮੁਸਲਮਾਨ, ਨਾ ਈਸਾਈ, ਨਾ ਸਿੱਖ, ਹੁੰਦੇ ਹਨ ਉਹ ਸਿਰਫ ਕੇਵਲ ਫਕੀਰ ਹੁੰਦੇ ਹਨ, ਉਹ ਜਾਤ ਪਾਤ ਲੈ ਕੇ ਨਹੀਂ ਆਉਂਦੇ। ਸ੍ਰੀ ਹਰਿ ਗੋਬਿੰਦ ਜੀ ਮਹਾਰਾਜ ਕਸ਼ਮੀਰ ਵਿਚ ਹਰਿ ਗੋਬਿੰਦ ਪੰਡਤ ਨਾਲ ਗੋਸ਼ਟੀ ਕਰਦੇ ਹਨ। ਬ੍ਰਾਹਮਣ ਨੇ ਗੁਰੂ ਸਾਹਿਬਾਨ ਨੂੰ ਸਵਾਲ ਕਰ ਦਿੱਤਾ। ਮਹਾਰਾਜ ਦਾ ਦੀਵਾਨ ਸਜਿਆ ਹੋਇਆ ਸੀ ਉਸ ਵਿਚ ਉਠ ਕੇ ਬ੍ਰਾਹਮਣ ਨੇ ਆਪਣਾ ਸਵਾਲ ਕੀਤਾ ਕਿਉਂਕਿ ਉਸ ਨੂੰ ਆਪਣਾ ਬਾਹਰੀ ਵਿਦਿਅਕ

ਗਿਆਨ ਸੀ ਆਪਦਾ ਜਿੰਨਾਂ ਕੁ ਉਸ ਪਾਸ ਗਿਆਨ ਸੀ ਉਸ ਨੇ ਝਾੜਿਆ ਔਰ ਉਸ ਤੋਂ ਬਾਅਦ ਮਹਾਰਾਜ ਨੂੰ ਸਵਾਲ ਕੀਤਾ ਕਿ ਤੁਸੀ ਬਾਬੇ ਕਿਧਰੋ ਹੋ ਤਿੰਨ ਤਾਂ ਤੁਸਾਂ ਸ਼ਾਦੀਆਂ ਕਰਾਈਆਂ ਹਨ ਔਰ ਪੰਜ ਤੁਹਾਡੇ ਬੱਚੇ ਹਨ। ਛੇ ਤੁਹਾਡੇ ਨਾਲ ਦਾਸੀਆਂ ਹਨ ਔਰ ਹੀਰਿਆਂ ਦੀ ਗਲ 'ਚ ਮਾਲਾ ਪਾਈ ਹੈ ਲੱਖਾਂ ਰੁਪਇਆਂ ਦੇ ਘੋੜੇ ਤੁਹਾਡੇ ਕੋਲ ਹਨ ਤੁਹਾਨੂੰ ਸੰਤ ਕਿਹੜਾ ਕਹਿੰਦਾ ਹੈ? ਅਗੋਂ ਗੁਰੂ ਸਾਹਿਬਾਨ ਕਹਿਣ ਲੱਗੇ ਕਿ ਸੁਣ ਹਰਿ ਗੋਬਿੰਦ ਇਹ ਜੋ ਮੇਰੀਆਂ ਔਰਤਾਂ ਹਨ ਇਹ ਮੇਰਾ ਈਮਾਨ ਹਨ ਇਹ ਮੇਰੇ ਪੰਜ ਬੱਚੇ ਮੇਰਾ ਨਿਸ਼ਾਨ ਹਨ। ਇਹ ਮੇਰੇ ਕੋਲ ਜਿਹੜੀ ਦੌਲਤ ਹੈ ਇਹ ਮੇਰਾ ਗੁਜ਼ਰਾਨ ਹੈ। ਅਸੀ ਫਕੀਰ ਹਾਂ ਨਾ ਅਸੀ ਹਿੰਦੂ ਹਾਂ ਨਾ ਮੁਸਲਮਾਨ ਹਾਂ। ਬ੍ਰਾਹਮਣ ਹਰਿ ਗੋਬਿੰਦ ਨੇ ਗੁਰੂ ਸਾਹਿਬਾਨ ਨੂੰ ਅਗੋਂ ਮੱਥਾ ਟੇਕਿਆ ਔਰ ਕਿਹਾ ਕਿ ਮਹਾਰਾਜ ਠੀਕ ਹੈ ਤੁਸੀ ਠੀਕ ਹੋ ਮੈਂ ਭੁਲਿਆ ਸੀ। ਉਸ ਨੇ ਇਕ ਹੋਰ ਦੂਸਰਾ ਸਵਾਲ ਕੀਤਾ ਕਿ ਮਹਾਰਾਜ ਸਾਡੇ ਵੇਦਾਂ ਵਿਚ ਸਾਡੇ ਸ਼ਾਸਤਰਾਂ ਵਿਚ ਇਕ ਤੋਂ ਵਧ ਸ਼ਾਦੀਆਂ ਕਰਨ ਦੀ ਇਜਾਜਤ ਕਿਉਂ ਨਹੀਂ ਦਿੱਤੀ। ਅਗੋਂ ਗੁਰੂ ਸਾਹਿਬਾਨ ਨੇ ਕਿਹਾ ਕਿ **ਔਰਤ ਨਾਲ ਸ਼ਾਦੀ ਕਰ ਲੈਣਾ ਗੁਨਾਹ ਨਹੀਂ ਹੈ। ਸਿਰਫ ਗੁਨਾਹ ਹੈ, ਔਰਤ ਨੂੰ ਗੁਨਾਹਗਾਰ ਕਰਨਾ। ਔਰਤ ਨੂੰ ਜੇ ਤੁਸੀਂ ਸਿਰਫ ਸਰੀਰ ਸਮਝਦੇ ਹੋ ਤਾਂ ਉਹ ਗਲਤ ਹੈ। ਔਰਤ ਚੰਡੀ ਹੈ, ਔਰਤ ਲਕਸ਼ਮੀ ਹੈ, ਔਰਤ ਸਰਸਵਤੀ ਹੈ। ਤਿੰਨ ਤਾਕਤਾਂ ਰਖਦੀ ਹੈ। ਜੇ ਸਤਿਆਵਾਦੀ ਸਮਝਦੇ ਹੋ ਤਾਂ ਸਤੀ-ਅਨਸੂਹੀਆ ਹੈ ਜਿਸਨੇ ਆਪਣੀ ਗੋਦ ਵਿਚ ਬ੍ਰਹਮਾ ਵਿਸ਼ਨੂੰ ਮਹੇਸ਼ ਨੂੰ ਪਾ ਲਿਆ ਸੀ।** ਪ੍ਰਮਾਤਮਾ ਨੇ ਤਿੰਨਾਂ ਦਾ ਰੂਪ ਧਾਰਨ (ਬ੍ਰਹਮਾ, ਵਿਸ਼ਨੂੰ, ਮਹੇਸ਼) ਕਰਕੇ ਖੈਰ ਮੰਗਣ ਵਾਸਤੇ ਆ ਗਏ ਔਰ ਉਸ ਨੇ ਜਲ ਦਾ ਛੱਟਾ ਮਾਰ ਕੇ ਬਚੇ ਬਣਾ ਕੇ ਆਪਣੀ ਗੋਦ ਵਿਚ ਪਾ ਲਿਆ ਇੰਨਾਂ ਸਤ ਸੀ। ਪਰ ਅਸੀ ਲੋਕ ਸਤ ਤਾਂ ਕੀ ਕਾਇਮ ਕਰਨਾ ਹੈ ਆਪਣੇ ਇਸ ਪਾਸੇ ਵੱਲ ਚਲ ਰਹੇ ਬੱਚਿਆਂ ਨੂੰ ਵੀ ਨਹੀਂ ਚਲਣ ਦਿੰਦੇ। ਅਸੀ ਆਪਣੀਆਂ ਜਾਤਾਂ ਪਾਤਾਂ ਦੇ ਹੰਕਾਰਾਂ ਵਿਚ ਹੀ ਉਲਝੇ ਬੈਠੇ ਹਾਂ ਕਿ ਸਾਨੂੰ ਲੋਕੀ ਕੀ ਆਖਣਗੇ, ਬਰਾਦਰੀ ਕੀ ਆਖੇਗੀ, ਰਿਸ਼ਤੇ ਦਾਰ ਕੀ ਆਖਣਗੇ, ਸਾਕ ਸੰਬੰਧੀ ਕੀ ਆਖਣਗੇ? ਉਨ੍ਹਾਂ ਆਖਣਾ ਕੀ, ਉਨ੍ਹਾਂ ਤਾਂ ਤੁਹਾਨੂੰ ਬਹੁਤ ਕੁਝ ਕਹਿ ਛਡਿਆ ਹੈ ਔਰ ਕਹਿੰਦੇ ਆ ਰਹੇ ਹਨ। ਹੁਣ ਤੁਹਾਨੂੰ ਚਾਹੀਦਾ ਹੈ ਕੋਈ ਰੱਬ ਦਾ ਪਿਆਰਾ, ਰੱਬ ਦੀ ਬੰਦਗੀ ਕਰਨ ਵਾਲਾ ਕੋਈ ਰੱਬ ਦਾ ਸੰਗੀ ਸਾਥੀ। ਉਹ ਹੈ ਕੋਈ ਪੂਰਨ ਪੁਰਖ, ਪੂਰਨ ਮੁਰਸ਼ਦ, ਸੋ ਜਿਸ ਨੂੰ ਮੁਰਸ਼ਦ ਮਿਲ ਗਿਆ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆ ਸਕਦੀ। ਸੋ

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।।*

# ਅਜ਼ਾਦੀ

ਰਾਗ ਮਾਰੂ ਬਾਣੀ ਨਾਮਦੇਵ ਜੀਉ।।

***ਚਾਰਿ ਮੁਕਤਿ ਚਾਰੈ ਸਿਧਿ ਮਿਲਿਕੈ, ਦੂਲਹ ਪ੍ਰਭ ਕੀ ਸਰਨਿ ਪਰਿਓ।।***
***ਮੁਕਤਿ ਭਇਓ ਚਉਹੂੰ ਜੁਗ ਜਾਨਿਓ, ਜਸੁ ਕੀਰਤਿ ਮਾਥੈ ਛਤ੍ਰ ਧਰਿਓ।।***

*(ਅੰਗ 1104)*

***ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।।***

ਇਹ ਬਾਣੀ ਨਾਮਦੇਵ ਜੀ ਦੀ ਹੈ ਜੋ ਪੰਜਾਬ ਦੇ ਅੰਦਰ ਬਹੁਤ ਮਹਾਨ ਸੰਤ ਹੋਏ ਹਨ। ਉਹ ਆਪਣੇ ਉਪਦੇਸ਼ ਦੇ ਅੰਦਰ ਸਾਡੇ ਇਸ ਮਨੁੱਖੇ ਜਾਮੇ ਨੂੰ ਸਮਝਾਉਂਦੇ ਹਨ ਕਿ ਚਾਰ ਕੂੰਟ, ਜਿਸਨੂੰ ਅਸੀ ਉਤੱਰ, ਪੂਰਬ, ਪਛਮ, ਦਖਣ ਵੀ ਕਹਿ ਸਕਦੇ ਹਾਂ, ਚਾਰ ਕੂੰਟ ਜਿਸਨੂੰ ਅਸੀ ਦਇਆ, ਸਤਿ, ਸੰਤੋਖ ਤੇ ਨਾਮ ਵੀ ਆਖਦੇ ਹਾਂ, ਚਾਰ ਕੂੰਟ ਜਿਸਨੂੰ ਅਸੀ ਸਤਿਲੋਕ, ਅਲੱਖ ਲੋਕ, ਅਗੰਮ ਲੋਕ ਤੇ ਅਹਕ ਲੋਕ ਵੀ ਆਖਦੇ ਹਾਂ; ਚਾਰ ਕੂੰਟ ਜੋ ਸਾਡੇ ਜਨਮ ਤੋਂ ਲੈ ਕੇ ਮੌਤ ਤਕ ਚਾਰ ਪੜਾਅ ਵੀ ਬਣਦੇ ਹਨ ਜਿਵੇ ਜਨਮ ਹੈ, ਬਚਪਨ ਹੈ, ਜਵਾਨੀ ਹੈ, ਬੁਢਾਪਾ। ਜਾਂ ਜਿਸ ਤਰ੍ਹਾਂ ਬੱਚਾ ਜਵਾਨ ਹੁੰਦਾ ਹੈ। ਫਿਰ ਉਹ ਸ਼ਾਦੀ ਲਾਇਕ ਬਣ ਜਾਂਦਾ ਹੈ, ਤਾਂ ਉਸਦੀ ਸ਼ਾਦੀ ਕੀਤੀ ਜਾਂਦੀ ਹੈ ਉਨ੍ਹਾਂ ਦਾ ਪਤੀ ਤੇ ਪਤਨੀ ਦਾ ਜੋ ਰਿਸ਼ਤਾ ਕਾਇਮ ਹੁੰਦਾ ਹੈ। ਉਹਦੇ ਰਾਹੀਂ ਉਨ੍ਹਾਂ ਦਾ ਜੋ ਮਿਲਣ ਵਰਤਣ ਬਣਦਾ ਹੈ ਉਸ ਰਾਹੀਂ ਉਹ ਜੋ ਅਨੰਦ, ਖੁਸ਼ੀ ਮਾਣਦੇ ਹਨ। ਉਸੇ ਤਰ੍ਹਾਂ ਹੀ ਆਤਮਾ ਅਤੇ ਪ੍ਰਮਾਤਮਾ ਦਾ ਸਾਨੂੰ ਉਹ ਉਪਦੇਸ਼ ਸਮਝਾ ਰਹੇ ਹਨ ਕਿ ਆਤਮਾ ਰੂਪੀ ਦੁਲਹਨ ਔਰ ਪ੍ਰਮਾਤਮਾ ਰੂਪੀ ਦੂਲ੍ਹਾ ਜੋ ਹੈ ਇਨ੍ਹਾਂ ਦਾ ਆਪਸੀ ਮਲ ਜਾਂ ਮਿਲਾਪ ਕੋਈ ਏਨਾ ਅਸਾਨ ਨਹੀ ਹੈ, ਉਹ ਕੋਈ ਸੁਖੱਲਾ ਨਹੀ ਹੈ ਭਾਵ ਸੌਖਾ ਨਹੀ ਹੈ। ਉਹਦੀ ਜੋ ਯੁਗਤੀ ਹੈ, ਸਾਧਨਾ ਹੈ, ਮਹਿਮਾ ਹੈ, ਯਸ ਹੈ, ਉਹ ਮਸਤਕ ਤੇ ਹੈ, ਜਿਸਨੂੰ ਸ਼ਿਵ ਨੇਤਰ, ਤੀਸਰੀ ਅੱਖ ਤੀਸਰਾ ਤਿਲ ਕਹਿਕੇ ਅਸਾਂ ਕਾਫੀ ਵਾਰੀ ਸਤਿਸੰਗਾਂ ਵਿਚ ਅਰਜ ਕੀਤੀ ਹੈ। ਉਥੇ ਸਤਿਗੁਰ ਖੜਾ ਹੈ ਔਰ ਉਹ ਤੁਹਾਡੇ

ਅੰਦਰ ਰੂਹਾਨੀ ਮੰਡਲਾਂ'ਚ ਸਾਥ ਦਿੰਦਾ ਹੈ। ਜਿਸਨੂੰ ਗੁਰੂ ਅਰਜਨ ਸਾਹਿਬਾਨ ਵੀ ਬਿਆਨ ਕਰਦੇ ਹਨ:-

**ਗੁਰੂ ਮੇਰੇ ਸੰਗ ਸਦਾ ਹੈ ਨਾਲੇ।।**

ਉਹ ਤੁਹਾਡੇ ਸਰੀਰ ਦੇ ਅੰਦਰ ਹਰ ਪਲ, ਹਰ ਪੈਰ ਤੇ ਤੁਹਾਡੇ ਰੂਹਾਨੀ ਮੰਡਲਾਂ ਤੋਂ ਇਲਾਵਾ ਇਨਸਾਨੀ ਮੰਜਲਾਂ ਤੇ ਵੀ ਸਾਥ ਦਿੰਦਾ ਹੈ। ਤੁਸੀਂ ਚਾਹੇ ਕਿਸੇ ਮੁਲਕ, ਕਿਸੇ ਦੇਸ਼, ਜਾਂ ਕਿਸੇ ਵੀ ਜਗ੍ਹਾ ਤੇ ਹੋਵੋ ਉਹ ਉਥੇ ਵੀ ਤੁਹਾਡੀ ਮਦਦ ਕਰਦਾ ਹੈ। ਊਹ ਕੌਣ ਹੈ? ਉਹ ਹੈ ਪ੍ਰਮਾਤਮਾ ਜਾਂ ਤੁਹਾਡਾ ਮੁਰਸ਼ਦ। ਨਾਮਦੇਵ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਆਤਮਾ ਰੂਪੀ ਇਸਤ੍ਰੀ, ਪਤੀ ਰੂਪੀ ਪ੍ਰਮਾਤਮਾ ਦੇ ਵਿੱਚ ਜੋ ਰੁਕਾਵਟਾਂ ਪੈਦਾ ਕਰਨ ਵਾਲੀ ਤਾਕਤ ਹੈ। ਜਿਸਨੂੰ ਅਸੀ ਮਨ ਕਹਿਕੇ ਯਾਦ ਕਰਦੇ ਹਾਂ, ਹਊਮੈਂ ਕਹਿਕੇ ਯਾਦ ਕਰਦੇ ਹਾਂ, ਵਿਕਾਰ ਕਹਿਕੇ ਵੀ ਯਾਦ ਕਰਦੇ ਹਾਂ। ਪਰ ਵਿਕਾਰਾਂ ਦਾ ਤੱਤ ਵਖਰਾ ਹੈ, ਹਊਮੈਂ ਦਾ ਵਖਰਾ ਹੈ ਔਰ ਮਨ ਦਾ ਵਖਰਾ ਹੈ। ਮਨ ਦੀ ਜੋ ਖੋਜ ਹੈ ਊਹ ਨਾਸ਼ਵਾਨ ਤੇ ਫਨਾਹਵੰਦ ਹੈ। ਜੋ ਸਾਡੇ ਵਿਕਾਰਾਂ ਦੀ ਖੋਜ ਹੈ ਉਹ ਵਖੋ ਵਖ ਹੈ। ਕਾਮ ਦੀ ਵਖਰੀ ਹੈ, ਕ੍ਰੋਧ ਦੀ ਵਖਰੀ ਹੈ, ਲੋਭ ਦੀ ਵਖਰੀ ਹੈ, ਮੋਹ ਦੀ ਵਖਰੀ ਹੈ ਔਰ ਹੰਕਾਰ ਦੀ ਵਖਰੀ ਹੈ। ਸੋ ਇਸ ਵਾਸਤੇ ਸਾਨੂੰ ਸਾਹਿਬ ਨਾਮਦੇਵ ਜੀ ਆਪਣੇ ਉਪਦੇਸ਼ ਦੇ ਰਾਹੀਂ ਜੋ ਸਮਝਾ ਰਹੇ ਹਨ। ਉਹ ਇਹ ਦਸ ਰਹੇ ਹਨ ਕਿ ਜਿੰਨ੍ਹਾਂ ਚਿਰ ਤਕ ਤੁਸੀਂ ਆਪਣੇ ਥਲੇ ਦੇ ਸਫਰਾਂ ਨੂੰ ਤਹਿ ਕਰਕੇ ਦਸਵੇਂ ਦਵਾਰ ਤਕ ਨਹੀਂ ਪਹੁੰਚਦੇ । ਜਿਸਨੂੰ ਕਿ ਯੋਗੀ ਲੋਕ ਅੰਜਨ ਚਕਰ, ਕੰਵਲ ਨੇਤਰ, ਤ੍ਰਿਕੋਟੀ, ਸੁੰਨ, ਮਹਾਂਸੁੰਨ, ਤਵਰ ਗੁਫਾ ਨਾਵਾਂ ਨਾਲ ਯਾਦ ਕਰਦੇ ਹਨ। ਇਹ ਸਾਰੀਆਂ ਸਾਡੀਆਂ ਥਲੇ ਦੀਆਂ ਮੰਜਲਾਂ ਹਨ। ਜੋ ਪੈਰਾਂ ਦੀਆਂ ਤਲੀਆਂ ਤੋਂ ਸ਼ੁਰੂ ਹੋ ਕੇ ਤੇ ਦਸਵੇਂ ਦਵਾਰ ਤਕ ਪਹੁੰਚਦੀਆਂ ਹਨ। ਦਸਵੇਂ ਦਵਾਰ ਨੂੰ ਸਤਿਲੋਕ, ਅਗੱਮਲੋਕ ਔਰ ਅਹਕ ਲੋਕ ਕਿਹਾ ਜਾਂਦਾ ਹੈ। ਉਸਤੋਂ ਉਪਰ ਅਸੀਂ ਉਠਣਾ ਹੈ। ਉਹ ਉਠਾਉ ਤੇ ਚੜਾਉ ਜੋ ਸਾਨੂੰ ਗੁਰਬਾਣੀ ਰਾਹੀਂ, ਸੰਤਾਂ ਮਹਾਤਮਾਂ ਦੇ ਰਾਹੀਂ ਬਿਆਨ ਕੀਤਾ ਜਾਂਦਾ ਹੈ ਉਹ ਸਾਡੇ ਸਾਰਿਆਂ ਦੇ ਕੇਵਲ ਅੰਦਰ ਹੈ ਕਿਤੇ ਵੀ ਬਾਹਰ ਨਹੀਂ। ਕਿਸੇ ਵੇਦ ਕਤੇਬ'ਚ ਨਹੀਂ, ਕਿਸੇ ਧਰਮ ਸਥਾਨ ਤੇ ਨਹੀਂ, ਕਿਸੇ ਧਰਮ ਤੀਰਥ ਤੇ ਨਹੀਂ ਉਹ ਸਿਰਫ ਤੁਹਾਡੇ ਅੰਦਰ ਹੈ। ਉਹ ਜੋ ਤੁਹਾਡੇ ਅੰਦਰ ਤਾਕਤ ਹੈ ਉਹ ਪ੍ਰਮਾਤਮਾ ਦਾ ਆਪਣਾ ਇਕ ਸਰੂਪ ਹੈ। ਜਿਸ ਤਰ੍ਹਾਂ ਅਸੀਂ ਪਰਸੋਂ ਸੋਮਵਾਰ ਈਸਟਹਾਮ ਦੇ ਸਤਿਸੰਗ ਵਿਚ ਆਖ ਰਹੇ ਸਾਂ ਕਿ ਰੂਹ ਦਾ ਕੋਈ ਵੀ ਮਿਥਿਆ ਹੋਇਆ ਰੂਪ ਨਹੀਂ, ਰੂਹ ਦੀ ਕੋਈ ਮਯਅਰਮੈਂਟ (ਨਾਪ)

ਨਹੀਂ, ਇਹ ਕੋਈ ਵਡੀ ਛੋਟੀ ਨਹੀਂ ਹੈ। ਉਹ ਸਿਰਫ ਇਕ ਲੋਅ ਹੈ, ਚਾਨਣ ਹੈ, ਪ੍ਰਕਾਸ਼ ਹੈ ਜਿਸਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਰਾਮਨਾਮ ਨਾਲ ਵੀ ਯਾਦ ਕੀਤਾ ਗਿਆ ਹੈ, ਮਾਧੋ ਨਾਂ ਨਾਲ ਵੀ ਯਾਦ ਕੀਤਾ ਗਿਆ ਹੈ, ਨਿਰਭਉ ਨਾਂ ਨਾਲ ਵੀ ਕੀਤਾ ਗਿਆ ਹੈ, ਨਿਰਵੈਰ ਵੀ ਕਿਹਾ ਗਿਆ ਹੈ ਜਾਂ ਹੋਰ ਵੀ ਅਨੇਕਾਂ ਐਸੇ ਨਾਂ ਰਖੇ ਗਏ ਹਨ ਜਿਨ੍ਹਾਂ ਦੇ ਰਾਹੀਂ ਸਾਨੂੰ ਸਾਹਿਬ ਸਮਝਾਉਂਦੇ ਆਏ ਹਨ, ਔਰ ਸਮਝਾਕੇ ਚਲੇ ਵੀ ਗਏ ਹਨ ਔਰ ਸਮਝਾਉਂਦੇ ਵੀ ਰਹਿਵਣਗੇ। ਇਹ ਸੰਤਾਂ ਦਾ ਹੋਕਾ ਹੈ। ਜਿਹੜੇ ਜਗਿਆਸੂ ਜੀਵ ਉਨ੍ਹਾਂ ਦੇ ਹੋਕਿਆਂ ਤੇ ਅਮਲ ਕਰ ਲੈਂਦੇ ਹਨ ਜਾਂ ਉਨ੍ਹਾਂ ਦੇ ਦਸੇ ਮਾਰਗ ਤੇ ਚਲਦੇ ਹਨ। ਉਹ ਲੋਕ ਆਤਮਕ ਸ਼ਾਂਤੀ ਔਰ ਜਿਸਮਾਨੀ ਸੁਖ ਜੋ ਸਾਡੇ ਬਾਹਰੀ ਮਾਨਸਿਕ ਸੁਖ ਹਨ ਔਰ ਪ੍ਰਮਾਤਮਾ ਦੀ ਜੋ ਰਹਿਮਤ ਤੇ ਦਇਆ ਹੈ ਉਹ ਉਹਦੇ ਅਧਿਕਾਰੀ ਬਣ ਜਾਂਦੇ ਹਨ। ਜੇ ਤੁਸੀਂ ਚਾਹੋ ਕਿ ਅਸੀਂ ਪ੍ਰਮਾਤਮਾ ਨੂੰ ਇਕ ਵਾਰ ਦੇਖਣਾ ਹੀ ਹੈ ਤਾਂ ਉਹ ਸਾਡੇ ਖਿਆਲ ਮੁਤਾਬਕ ਕੋਈ ਮਾੜੀ ਗਲ ਤਾਂ ਨਹੀਂ ਪਰ ਵੈਸੇ ਉਹ ਠੀਕ ਨਹੀਂ ਹੈ। ਉਹਦਾ ਸਿਰਫ ਕਾਰਨ ਇਹੋ ਹੀ ਹੈ ਕਿ ਜੇਕਰ ਕਿਸੇ ਚੀਜ ਨੂੰ ਤੁਸਾਂ ਇਕ ਵਾਰ ਦੇਖ ਲਿਆ ਤਾਂ ਮੁੜਕੇ ਉਸਨੂੰ ਤੁਸੀਂ ਪਾ ਨਾਂ ਸਕੇ ਜਾਂ ਦੇਖ ਨਾਂ ਸਕੇ ਜਾਂ ਉਸ ਪਾਸੋਂ ਕੁਝ ਲੈ ਨਾਂ ਸਕੇ ਤਾਂ ਉਹਦਾ ਕੋਈ ਫਾਇਦਾ ਨਹੀਂ। ਫਰਜੀ ਨਾਂ ਜੇ ਤੁਸੀਂ ਆਪਣੇ **Father** (ਪਿਤਾ) ਦਾ ਕਿਸੇ ਪੇਪਰ ਤੇ ਲਿਖ ਦਿਉ ਜਦੋਂ ਕਿ ਉਹ ਸਾਡੇ ਸਿਰ ਤੇ ਨਾਂ ਹੋਵੇ ਤਾਂ ਫਿਰ ਸਾਡੇ ਅੰਦਰ ਕੀ ਭਾਵਨਾ ਪੈਦਾ ਹੋਵੇਗੀ? ਉਹ ਕਿਹੜੀ ਭਾਵਨਾ ਹੈ ਕਿ ਮੇਰਾ ਪਿਤਾ ਨਹੀਂ ਹੈ? ਜਦੋਂ ਕਿਤੇ ਯਾਦ ਆਉਂਦਾ ਹੈ ਕਿ ਮੇਰਾ ਪਿਤਾ ਨਹੀਂ ਹੈ ਪਰ ਨਾਂ ਲਿਖਿਆ ਹੈ। ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਨਾਂ ਹੈ। ਲਿਖਿਆ ਗਿਆ ਹੈ। ਪਰ ਸਾਡੇ ਵਾਸਤੇ ਉਹ ਹੈ ਨਹੀਂ। ਉਹਦੀ ਵਜ੍ਹਾ ਇਹ ਨਹੀਂ ਕਿ ਉਹ ਹੈਈ ਨਹੀਂ। ਹੈ ਜਰੂਰ। ਪਰ ਸਾਨੂੰ ਮਹਿਸੂਸ ਨਹੀਂ ਹੁੰਦਾ। ਕਿਉਂਕਿ ਅਸੀਂ ਸਾਰੇ ਲੋਕ ਆਪਣੀਆਂ ਲੋੜਾਂ ਗਰਜਾਂ ਦੇ ਰਾਹੀਂ ਉਹਦੇ ਨਾਲ ਜੁੜੇ ਪਏ ਹਾਂ ਔਰ ਅਸੀਂ ਆਪਣੀ ਲੋੜ ਗਰਜ ਉਤੇ ਹੀ ਉਸਨੂੰ ਰਬ ਸਮਝਦੇ ਹਾਂ। ਜਦੋਂ ਅਸੀਂ ਲੋੜ ਗਰਜ ਤੋਂ ਬਾਹਰ ਆ ਜਾਂਦੇ ਹਾਂ ਤਾਂ ਉਦੋਂ ਸਾਨੂੰ ਰਬ ਮਹਿਸੂਸ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਸੰਤਾਂ ਨੇ ਆਪਣੇ ਪਿਤਾ ਪ੍ਰਮਾਤਮਾ ਦਾ ਨਾਂ ਦਸਿਆ ਹੈ ਕਿ ਉਹ ਰਾਮ ਹੈ, ਉਹ ਠਾਕਰ ਹੈ, ਉਹ ਅਬਿਨਾਸੀ ਹੈ, ਉਹ ਪੂਰਨ ਪੁਰਖ ਹੈ, ਉਹ ਨਿਰਵੈਰ ਹੈ, ਭਾਵ ਉਹਦਾ ਕੋਈ ਦੁਸ਼ਮਣ ਨਹੀਂ, ਉਹ ਨਿਰਭਉ ਹੈ ਭਾਵ ਕਿਸੇ ਕੋਲੋਂ ਡਰਦਾ ਨਹੀਂ, ਉਹ ਅਕਾਲ ਮੂਰਤ ਹੈ ਭਾਵ ਉਹ ਸਮੇ ਦੀ ਮੂਰਤ ਹੈ, ਅਕਾਲ ਮੀਨਜ਼ ਸਮਾਂ। ਜਿਸ ਤਰ੍ਹਾਂ ਸਮਾਂ ਆਇਆ ਉਸੇ ਤਰ੍ਹਾਂ ਹੀ ਰੂਪ ਧਾਰਨ ਕਰ ਲਿਆ। ਜਿਸ ਪ੍ਰਕਾਰ ਪ੍ਰਮਾਤਮਾ ਨੇ ਸਮੇਂ ਅਨੁਸਾਰ ਨਰ ਸਿੰਘ ਦਾ ਰੂਪ ਧਾਰਨ

ਕੀਤਾ, ਮੁਖ ਸ਼ੇਰ ਦਾ ਧੜ ਆਦਮੀ ਦਾ। ਜੇ ਤ੍ਰੇਤਾ ਆਇਆ ਤਾਂ ਰਾਮ ਦਾ ਰੂਪ ਧਾਰਨ ਕੀਤਾ; ਧਨੁਸ਼ ਬਾਣ ਪਾਇਆ, ਜੋਗੀਆਂ ਵਾਲੇ ਭਗਵੇ ਕਪੜੇ ਪਾਏ, ਰਾਜ ਭਾਗ ਛਡ ਦਿੱਤਾ। ਕ੍ਰਿਸ਼ਨ ਰੂਪ ਆਇਆ ਉਸਨੇ ਉਸ ਰੂਪ'ਚ ਸਿਰਫ ਬੰਸਰੀ ਫੜ ਲਈ ਔਰ ਬੰਸਰੀ ਦੇ ਨਾਲ ਉਨ੍ਹਾਂ ਸਾਰਾ ਮਹਾਂਭਾਰਤ ਔਰ ਬਾਕੀ ਜਿੰਨੀ ਵੀ ਰਚਨਾ ਸੀ ਉਨ੍ਹਾਂ ਸਾਰੀ ਮੁਕੰਮਲ ਕੀਤੀ। ਉਹ ਕਰਤਾ ਪੁਰਖ ਹੈ, ਉਹ ਮਨੁਖਤਾ ਦੇ ਜਾਮੇ ਵਿੱਚ ਕਰਨਹਾਰ ਹੈ। ਉਹ ਕਰਦਾ ਹੈ, ਕਰਵਾਉਂਦਾ ਹੈ ਔਰ ਉਹ ਕਰ ਰਿਹਾ ਹੈ। ਇਸੇ ਕਰਕੇ ਹੀ ਉਸਨੂੰ ਆਦਿ ਸਚ, ਜੁਗਾਦਿ ਸਚ, ਹੈਭੀ ਸਚ ਔਰ ਨਾਨਕ ਹੋਸੀ ਭੀ ਸਚ ਕਿਹਾ ਗਿਆ ਹੈ ਭਾਵ ਉਹ ਸ਼ੁਰੂ ਤੋਂ ਲੈ ਕੇ ਸਦਾ ਹੀ ਸੱਚ ਹੈ। ਜਿਸ ਤਰ੍ਹਾਂ ਕੁਝ ਵਿਦਵਾਨ ਲੋਕ ਸੁਖਮਨੀ ਸਾਹਿਬ ਅੰਦਰ ਜੋ

*ਆਦਿ ਗੁਰਏ ਨਮਹਿ, ਜੁਗਾਦਿ ਗੁਰਏ ਨਮਹਿ,*

*ਸਤਿਗੁਰਏ ਨਮਹਿ, ਸ੍ਰੀ ਗੁਰਦੇਵਏ ਨਮਹਿ।।*

*(ਸੁਖਮਨੀ ਸਾਹਿਬ)*

ਸ਼ਬਦ ਹੈ ਉਸਦਾ ਅਰਥ ਉਹ ਇਸ ਤਰ੍ਹਾਂ ਕਢਦੇ ਹਨ ਕਿ ਗੁਰੂ ਸਾਹਿਬਾਨ ਨੇ ਪਹਿਲਾਂ ਪਹਿਲੀ ਪਾਤਸ਼ਾਹੀ ਨੂੰ ਮਥਾ ਟੇਕਿਆ, ਫਿਰ ਦੂਸਰੀ ਨੂੰ, ਫਿਰ ਤੀਸਰੀ ਨੂੰ ਔਰ ਫਿਰ ਚੌਥੀ ਨੂੰ, ਬਾਅਦ'ਚ ਉਨ੍ਹਾਂ ਪੰਜਵੀਂ ਪਾਤਸ਼ਾਹੀ ਨੂੰ ਮੱਥਾ ਟੇਕਿਆ।

*"ਆਦਿ ਗੁਰਏ ਨਮਹਿ,"*

ਭਾਵ ਜੁਗਾਂ ਜੁਗਾਂਤਰਾਂ ਤੋਂ ਚਲਦਾ ਆਉਣ ਵਾਲਾ ਪ੍ਰਮਾਤਮਾ

*"ਜੁਗਾਦਿ ਗੁਰਏ ਨਮਹਿ"*

ਜੋ ਚਲ ਰਿਹਾ ਸੀ ਜਾਂ ਜੋ ਚਲਦਾ ਹੈ। "ਸਤਿਗੁਰਏ ਨਮਹਿ" ਜੋ ਸਤਿਗੁਰ ਸਤਿ ਸਰੂਪ ਹੈ, ਸ੍ਰੀ ਗੁਰਦੇਵਏ ਨਮਹਿ, ਜਿਨ੍ਹਾਂ ਕੋਲੋਂ ਉਨ੍ਹਾਂ ਨੂੰ ਬਲ ਮਿਲਿਆ। ਜਿਸਨੂੰ ਅਸੀ ਤ੍ਰਿਲੋਕੀ ਵੀ ਕਹਿ ਸਕਦੇ ਹਾਂ। ਆਦਿ ਕੌਣ ਹੈ? ਆਦਿ ਵਿਸ਼ਨੂੰ ਵੀ ਹੈ, ਆਦਿ ਮਹੇ ਸ਼ ਵੀ ਹੈ, ਆਦਿ ਬ੍ਰਹਮਾ ਵੀ ਹੈ। ਉਨਾਂ ਨੂੰ ਮੇਰੇ ਨਮਸਕਾਰ ਹੈ।

ਆਦਿ ਬ੍ਰਹਮ, ਪੂਰਨ ਬ੍ਰਹਮ ਕਲਜੁਗ ਅੰਦਰ ਇਕ ਦਿਖਾਇਆ ਸੋ ਜੇ ਅਸੀਂ ਗੁਰਬਾਣੀ ਦੇ ਜਾਂ ਹੋਰ ਵੀ ਕਿਸੇ ਚੀਜ ਦੇ ਅਰਥ ਨਹੀ ਜਾਣਦੇ ਤਾਂ ਸਾਨੂੰ ਉਹਦਾ ਅਨੰਦ ਨਹੀ ਆਉਂਦਾ। ਜਿਸ ਤਰ੍ਹਾਂ ਅਸੀ ਰੋਟੀ ਖਾਂਦੇ ਹਾਂ ਜੇ ਉਹਦਾ ਸਵਾਦ ਨਹੀ ਆਇਆ ਤਾਂ

ਅਸੀਂ ਕਹਿ ਦਿੰਦੇ ਹਾਂ ਕਿ ਰੋਟੀ ਦਾ ਸਵਾਦ ਨਹੀਂ ਆਇਆ, ਜੇ ਪਾਣੀ ਠੰਡਾ ਨਹੀਂ ਹੁੰਦਾ ਤਾਂ ਕਹਿ ਦਿੰਦੇ ਹਾਂ ਕਿ ਪਾਣੀ ਠੰਡਾ ਨਹੀਂ ਸੀ, ਜੇ ਕੋਈ ਚੀਜ ਖੱਟੀ ਹੈ, ਮਿੱਠੀ ਹੈ, ਕੌੜੀ ਹੈ, ਤੱਤੀ ਹੈ ਅਸੀਂ ਉਹਦਾ ਰਸ ਦਸ ਦਿੰਦੇ ਹਾਂ। ਇਸੇ ਤਰ੍ਹਾਂ ਗੁਰਬਾਣੀ ਦਾ ਵੀ ਇਕ ਰਸ ਹੈ। ਇਸਨੂੰ ਪੜ੍ਹਨ ਵਾਲਿਆਂ ਨੇ ਬੜਾ ਪੜ੍ਹਿਆ ਹੈ, ਇਸਨੂੰ ਪੂਜਣ ਵਾਲਿਆਂ ਔਰ ਮੱਥੇ ਟੇਕਣ ਵਾਲਿਆਂ ਨੇ ਵੀ ਬੜੇ ਟੇਕੇ ਹਨ, ਬੜੇ ਚੜ੍ਹਾਵੇ ਚੜ੍ਹਾਏ ਹਨ ਮਗਰ ਉਨ੍ਹਾਂ ਦੇ ਅੰਦਰ ਆਤਮਿਕ ਸ਼ਾਂਤੀ ਅਤੇ ਪ੍ਰਮਾਰਥਿਕ ਸੁਖ ਹਾਸਿਲ ਨਹੀਂ ਹੋ ਪਾਏ। ਉਹਦੀ ਵਜ੍ਹਾ ਸਿਰਫ ਇਕੋ ਹੀ ਹੈ ਕਿ ਅਸਾਂ ਲੋਕਾਂ ਨੇ ਸਿਰਫ ਲਕੀਰ ਦੀ ਫਕੀਰੀ ਪਾਈ ਹੈ। ਇਕ ਦੂਜੇ ਦੇ ਮਗਰ ਲਗ ਗਏ। ਜੇ ਅਸੀਂ ਵੇਖਿਆ ਕਿ ਕੋਈ ਸਿੱਖ ਪ੍ਰਵਾਰ ਦਾ ਮੈਂਬਰ ਹੈ ਤਾਂ ਉਸਨੂੰ ਅਸੀ ਆਪਣੀ ਸਿੱਖੀ ਦਾ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਔਰ ਗੁਰਦੁਆਰੇ ਵਾਲੇ ਭਾਈਆਂ ਜਾਂ ਵਿਦਵਾਨਾਂ, ਸੰਤਾਂ ਨੇ ਵੀ ਵੇਖਿਆ ਕਿ ਇਹ ਸਿੱਖ ਹਨ ਇਨ੍ਹਾਂ ਨੂੰ ਸਿਖਾਂ ਦੀਆਂ ਹੀ ਕਹਾਣੀਆਂ ਸੁਣਾਈ ਜਾਉ। ਜੇ ਦੂਜੇ ਬੰਨੇ ਵੇਖਿਆ ਜਾਵੇ ਤਾਂ ਜੇ ਅਸੀ ਹਿੰਦੂ ਫੈਮਲੀਂ'ਚ ਇਨਵਾਲਵ **(INVOLVE)** ਹਾਂ ਭਾਵ ਅਸੀ ਬ੍ਰਾਹਮਣ ਹਾਂ ਜਾਂ ਖਤਰੀ ਹਾਂ ਤਾਂ ਅਸੀ ਰਾਮ ਜਾਂ ਕ੍ਰਿਸ਼ਨ ਸਰੂਪ ਨੂੰ ਫੜਕੇ ਬਹਿ ਗਏ। ਸਾਡੇ ਆਗੂਆਂ, ਲੀਡਰਾਂ, ਸੰਤਾਂ ਨੇ ਵੀ ਸਾਨੂੰ ਰਾਮ, ਕ੍ਰਿਸ਼ਨ ਦੀਆਂ ਕਥਾ ਹੀ ਸੁਣਾਈਆਂ। ਸਾਨੂੰ ਦੂਜੇ ਕਿਸੇ ਵੀ ਪੈਗੰਬਰ ਬਾਰੇ ਚਾਨਣਾ ਨਾ ਪਾਇਆ ਕਿ ਕਿਥੇ ਕਿਥੇ ਕੀਕੀ ਹੋਇਆ? ਅਸੀਂ ਤਵੇ ਦਾ ਇਕੋ ਪਾਸਾ ਵੇਖਿਆ ਜਿਸ ਪਾਸੇ ਰੋਟੀ ਪਕਦੀ ਸੀ ਪਰ ਉਹਦਾ ਕਾਲਾ ਪਾਸਾ ਨਾਂ ਵੇਖਿਆ ਜਿਸ ਪਾਸੇ ਕਾਲਖ ਹੈ। ਭਾਵ ਜੇ ਕਿਤੇ ਉਹ ਪੁੱਠੇ ਪਾਸੇ ਦੀ ਕਾਲਖ ਲਗ ਗਈ ਤਾਂ ਫਿਰ ਅਸੀਂ ਕੀ ਕਰਾਂਗੇ? ਸੋ ਇਸ ਵਾਸਤੇ ਅਸੀਂ ਹਰ ਚੀਜ਼ ਨੂੰ ਪਾਵਣ ਦੀ ਕੋਸ਼ਿਸ਼ ਕੀਤੀ, ਮਿਟਾਵਣ ਦੀ ਕੋਸ਼ਿਸ਼ ਕੀਤੀ ਮਗਰ ਉਸਨੂੰ ਸਦਾ ਵਾਸਤੇ ਸਬਰ ਅਤੇ ਸਿਦਕ'ਚ, ਲੈਵਣ ਦੀ ਕੋਸ਼ਿਸ਼ ਨਾਂ ਕੀਤੀ। ਜਿਸ ਤਰ੍ਹਾਂ ਕਈ ਵਾਰ ਅਸੀਂ ਆਪਣੇ ਜਗਿਆਸੂ ਜੀਵਾਂ ਨੂੰ ਆਖਦੇ ਹੁੰਦੇ ਹਾਂ ਕਿ ਤੁਹਾਡੀ ਭੁੱਖ ਮਿਟਾਵਣ ਨਾਲ ਸਾਨੂੰ ਕੋਈ ਵਾਸਤਾ ਨਹੀਂ, ਭੁਖ ਮਿਟਾਵਣ ਲਈ ਜਰੂਰੀ ਨਹੀਂ ਕਿ ਤੁਸੀਂ ਜਰੂਰੀ ਰੋਟੀ ਹੀ ਖਾਉ, ਨਹੀਂ ਭੁਖ ਮਿਟਾਉਣ ਲਈ ਫਰੂਟ ਵੀ ਹਨ, ਭੁਖ ਮਿਟਾਵਣ ਲਈ ਹੋਰ ਵੀ ਐਸੇ ਕਈ ਪਦਾਰਥ ਹਨ ਜਿਸ ਨਾਲ ਤੁਹਾਡਾ ਪੇਟ ਭਰ ਸਕਦਾ ਹੈ। ਮਗਰ ਭੁਖ ਸਹਿਣ ਵਾਸਤੇ ਤੁਹਾਡੇ ਕੋਲ ਕੋਈ ਨਾ ਕੋਈ ਰਸਤਾ ਹੋਣਾ ਚਾਹੀਦਾ ਹੈ। ਜੇ ਕਿਤੇ ਦੋ ਚਾਰ ਦਿਨ ਤੁਸੀ ਜੰਗਲ ਬੀਆਬਾਨ'ਚ ਖੁੰਝ ਜਾਉ ਭਾਵ ਗਵਾਚ ਜਾਉ ਜਾਂ ਹੋਰ ਕੋਈ ਐਸੀ ਔਕੜ ਆ ਜਾਏ ਜਿਸ ਕਰਕੇ ਤੁਹਾਨੂੰ ਜੇ

ਰੋਟੀ ਪਾਣੀ ਨਾਂ ਮਿਲ ਸਕੇ ਤਾਂ ਕਮ ਸੇ ਕਮ ਤੁਸੀਂ ਸਹਿਣ ਤਾਂ ਕਰ ਸਕੋ। ਕਈ ਵਾਰੀ ਪਾਣੀ ਪੀਣ ਲਈ ਨਹੀਂ ਮਿਲਦਾ, ਕਈ ਵਾਰ ਰੋਟੀ ਖਾਣ ਨੂੰ ਨਹੀਂ ਮਿਲਦੀ। ਜਿਸ ਤਰ੍ਹਾਂ ਕਈ ਵਾਰ ਅਸੀਂ ਕਹਿੰਦੇ ਹੁੰਦੇ ਹਾਂ ਕਿ ਮਿਲਟਰੀ ਅੰਦਰ ਜਦੋਂ ਟਰੇਨਿੰਗ ਮਿਲਦੀ ਹੈ ਜਾਂ ਕਿਤੇ ਜੰਗ ਲਗ ਜਾਂਦੀ ਹੈ ਤਾਂ ਉਸ ਦਰਮਿਆਨ ਕਈ ਵਾਰ ਪਿਛੋਂ ਰਾਸ਼ਨ ਨਹੀਂ ਮਿਲਦਾ, ਮਿਲਟਰੀ ਦੇ ਜਵਾਨਾਂ ਨੂੰ ਉਸ ਵਕਤ ਕਈ 2 ਵਾਰ ਦੋ 2 ਤਿੰਨ 2 ਦਿਨ ਰੋਟੀ ਖਾਣ ਜਾਂ ਪਾਣੀ ਪੀਣ ਲਈ ਟਾਈਮ ਨਹੀਂ ਮਿਲਦਾ ਪਰ ਉਹ ਭੁਖ'ਚ ਵੀ ਲੜ ਰਹੇ ਹੁੰਦੇ ਹਨ। ਲੇਕਿਨ ਸਾਨੂੰ ਲੋਕਾਂ ਨੂੰ ਜਦੋਂ ਭੁਖ ਲਗ ਜਾਂਦੀ ਹੈ ਤਾਂ ਘੰਟੇ ਅਧੇ ਘੰਟੇ ਦੀ ਖਾਤਰ ਹੀ ਅਸੀਂ ਲੋਕ ਪਾਗਲ ਹੋ ਜਾਂਦੇ ਹਾਂ। ਠੰਡ ਲਗਦੀ ਹੈ ਉਦੋਂ ਅਸੀਂ ਪਾਗਲ ਹੋ ਜਾਂਦੇ ਹਾਂ, ਗਰਮੀ ਲਗਦੀ ਹੈ ਤਾਂ ਉਦੋਂ ਅਸੀਂ ਪਾਗਲ ਹੋ ਜਾਂਦੇ ਹਾਂ। ਭਾਵ ਜੇ ਗਰਮੀ ਲਗੀ ਤਾਂ ਫਟਾ ਫਟ ਆਖਦੇ ਹਾਂ ਕਿ ਪੱਖੇ ਚਲਾ ਦਿਉ ਜੇ ਠੰਡ ਲਗੀ ਤਾਂ ਫਟਾ ਫਟ ਗਰਮ ਕਪੜੇ ਪਾ ਲੈਂਦੇ ਹਾਂ ਜਾਂ ਅੱਗ ਅਗੇ ਬੈਠ ਜਾਂਦੇ ਹਾਂ। ਐਹੋ ਜਿਹਾ ਤੁਸੀਂ ਆਪਣੇ ਜਿਸਮਾਂ ਨੂੰ ਢਾਲੋ ਜਿਸ ਨਾਲ ਤੁਹਾਨੂੰ ਠੰਡ, ਗਰਮੀ ਲਗੇ ਜਰੂਰ ਕਿਉਂਕਿ ਜਿਸਮ ਹੈ, ਮਗਰ ਤੁਸੀਂ ਕਿਤੇ ਔਖੇ ਵਕਤ ਨੂੰ ਸਹਾਰ ਸਕੋ। ਜੇ ਤੁਸੀਂ ਸੁਖਾਂ ਦੇ ਨਾਲ ਹੀ ਤੁਰਿਆਂ ਰਹਿਣਾ ਹੈ ਤਾਂ ਫਿਰ ਦੁਖਾਂ ਦਾ ਮੁਕਾਬਲਾ, ਕੌਣ ਕਰੇਗਾ? ਕੀ ਜਾਨਵਰ ਕਰਨਗੇ? ਨਿਆਣੇ ਤੁਸਾਂ ਪੈਦਾ ਕੀਤੇ ਹਨ ਉਨ੍ਹਾਂ ਦਾ ਦੁਖ ਵੀ ਤੁਸਾਂ ਹੀ ਸਹਿਣਾ ਹੈ, ਕਾਰੋਬਾਰ ਤੁਸਾਂ ਨੇ ਕੀਤੇ ਹਨ ਘਾਟੇ ਵਾਧੇ ਵੀ ਤੁਸਾਂ ਹੀ ਸਹਿਣੇ ਹਨ ਨਾ ਕਿ ਤੁਹਾਡੇ ਗੁਆਂਢੀਆਂ ਨੇ। ਰਬ ਨੇ ਤੁਹਾਡੇ ਉਤੇ ਰਹਿਮਤ ਰਖਣੀ ਹੈ ਔਰ ਆਪਣਾ ਬਲ ਦੇ ਕੇ ਤੁਹਾਡੇ ਉਤੇ ਆਪਣੀ ਹੋਂਦ ਦਸਣੀ ਹੈ। ਪਰ ਅਸੀਂ ਲੋਕ ਉਸਤੋਂ ਪਿਛੇ ਹਟ ਜਾਂਦੇ ਹਾਂ। ਸਿਰਫ ਉਹਦੀ ਵਜ੍ਹਾ ਇਹ ਕਿ ਅਸੀਂ ਅੰਦਰ ਨਹੀਂ ਗਏ, ਆਪਣੇ ਅੰਦਰ ਦੇ ਚਾਰ ਕੁੰਟ ਨਹੀ ਦੇਖੇ ਇਥੋਂ ਤਕ ਕਿ ਅਸਾਂ ਤਾਂ ਬਾਹਰੀ ਚਾਰ ਕੁੰਟ ਉਤਰ, ਦਖਣ, ਪੂਰਬ, ਪਛਮ ਵੀ ਨਹੀ ਵੇਖੇ ਔਰ ਨਾਂ ਹੀ ਜਾਣੇ ਹਨ। ਜਿਸ ਤਰ੍ਹਾਂ ਅਸੀਂ ਆਮ ਲੋਕ ਕਹਿੰਦੇ ਹਾਂ ਕਿ ਅਜ ਸਾਡਾ ਗੁਰਪੁਰਬ ਹੈ। ਗੁਰਪੂਰਬ ਦਾ ਮਤਲਬ ਹੈ ਰੌਸ਼ਨੀ, ਪ੍ਰਾਤਾਕਾਲ, ਸੂਰਜ ਫੁਟਣਾ, ਦਿਨ ਚੜ੍ਹਿਆ, ਚਾਨਣ ਹੋਇਆ। ਇਸੇ ਤਰ੍ਹਾਂ ਹੀ ਅਸੀਂ ਉਤਰ'ਚ ਹਾਂ ਜਾਂ ਅਸੀਂ ਦਖਣ'ਚ ਹਾਂ, ਜਾਂ ਅਸੀਂ ਪੂਰਬ'ਚ ਹਾਂ ਜਾਂ ਅਸੀਂ ਪਛਮ'ਚ ਹਾਂ ਇਹ ਸਾਨੂੰ ਦੇਖਣਾ ਪੈਣਾ ਹੇ। ਪਰ ਅਸੀਂ ਵੇਖਿਆ ਨਹੀ ਹੈ। ਅਸੀਂ ਤਾਂ ਆਪਣੇ ਸੱਜੇ ਖਬੇ ਵੇਖਕੇ ਨਹੀਂ ਚਲਦੇ ਹਾਂ ਬਾਕੀ ਅਸਾਂ ਕੀ ਚਲਣਾ ਹੈ? ਜਿਥੋਂ ਰਸਤਾ ਮਿਲ ਗਿਆ ਉਧਰ ਨੂੰ ਅਸੀਂ ਭਜ ਪੈਂਦੇ ਹਾਂ। ਬਾਕੀ ਰਬ ਤਾਂ ਇਕ

ਬਹੁਤ ਵਡੀ ਤਾਕਤ ਹੈ ਜਿਸਨੂੰ ਪਾਵਣ ਦੇ ਲਈ ਜੁਗ ਪਲਟ ਜਾਂਦੇ ਹਨ। ਦਿਨ ਮਹੀਨੇ ਨਹੀਂ ਜੁਗ ਪਲਟ ਜਾਂਦੇ ਹਨ। ਬਾਕੀ ਰਬ ਆਸ ਹੈ ਨਿਰਾਸ਼ਾ ਨਹੀਂ। ਸੋ ਨਾਮਦੇਵ ਜੀ ਤਾਂ ਸਾਨੂੰ ਇਹੀ ਸਮਝਾ ਰਹੇ ਹਨ। ਬਾਕੀ ਤੁਸੀਂ ਸਮਝ ਜਾਓਗੇ ਤਾਂ ਠੀਕ ਹੈ ਨਹੀਂ ਤੁਹਾਡੀ ਮਰਜੀ।

***ਸੰਖ, ਚਕਰ, ਮਾਲਾ, ਤਿਲਕ, ਬਿਰਾਜਤ, ਦੇਖ ਪ੍ਰਤਾਪ ਜਮ ਡਰਿਓ।।***

***ਨਿਰਭਉ ਭਏ ਰਾਮ ਬਲ ਗਰਜਤ, ਜਨਮ ਮਰਨ ਸੰਤਾਪ ਹਰਿਓ।।***

*(ਅੰਗ 1104)*

ਇਹ ਰਾਮ ਨਾਮ ਦੀ ਮਹਿਮਾ ਬਿਆਨ ਕੀਤੀ ਜਾ ਰਹੀ ਹੈ। ਨਾਮਦੇਵ ਜੀ ਨੇ ਆਪਣੇ , ਮਾਲਕ ਦਾ ਰੂਪ ਦਸਿਆ ਹੈ ਕਿ ਉਨ੍ਹਾਂ ਦੇ ਤਿਲਕ ਸੀ, ਧਨੁਸ਼ਬਾਣ ਪਾਇਆ ਸੀ, ਗਲ'ਚ ਮਾਲਾ ਸੀ, ਉਸ ਮਾਲਾ ਦੇ ਨਾਲ ਉਨ੍ਹਾਂ ਦਾ ਸੁੰਦਰ ਸਰੂਪ ਜਦ ਧਰਮਰਾਜ ਨੇ ਤਕਿਆ ਉਹ ਡਰ ਗਿਆ। ਧਰਮਰਾਜ ਕੌਣ ਹੈ? ਜੋ ਸਾਡੀ ਮੌਤ ਦਾ ਮਾਲਕ ਹੈ, ਜੰਮਾਂ ਦਾ ਸਵਾਮੀ ਹੈ ਤੇ ਨਰਕ ਕੁੰਡ ਦਾ ਸਵਾਮੀ ਹੈ, ਔਰ ਸਵਰਗ ਕੁੰਡ ਦਾ ਵੀ ਉਹੀ ਸਵਾਮੀ ਹੈ। ਨਰਕ ਔਰ ਸਵਰਗ ਦੇ ਉਪਰ ਜੋ ਹੈ ਉਹ ਰਾਮ ਨਾਮ ਹੈ ਜੋ ਪ੍ਰਮਾਤਮਾ ਸਰੂਪ ਹੈ। ਉਸਨੂੰ ਤ੍ਰਿਲੋਕੀ ਨਾਥ ਵੀ ਕਿਹਾ ਜਾਂਦਾ ਹੈ ਜਿਸਤੋਂ ਭਾਵ ਹੈ ਤਿੰਨ ਲੋਕ ਦਾ ਵਾਲੀ। ਪਰ ਕਈ ਲੋਕ ਦੋ ਜਹਾਂ ਦਾ ਮਾਲਕ ਵੀ ਆਖਦੇ ਹਨ। ਪਰ ਜੇ ਦੋ ਜਹਾਂ ਵੇਖੀਏ ਤਾਂ ਉਹ ਧਰਤੀ ਤੇ ਅਸਮਾਨ ਬਣਦਾ ਹੈ ਪਰ ਪਤਾਲ ਨਹੀਂ ਆਉਂਦਾ। ਲੇਕਿਨ ਸਾਹਿਬ ਤਾਂ ਫੁਰਮਾਨ ਕਰਦੇ ਹਨ:-

***ਜਲ ਥਲ, ਮਹੀਅਲ ਰਹਿਆ ਸਮਾਏ।।***

ਭਾਵ ਤੂੰ (ਪ੍ਰਮਾਤਮਾ) ਤਿੰਨ ਲੋਕਾਂ'ਚ ਸਮਾਇਆ ਹੋਇਆ ਹੈ। ਸੋ ਭਾਵ ਸਿਰਫ ਇਹ ਹੈ ਕਿ ਨਾਮਦੇਵ ਜੀ ਫੁਰਮਾਨ ਕਰ ਰਹੇ ਹਨ ਕਿ ਜਿਸ ਵਕਤ ਧਰਮ ਰਾਜ ਨੇ ਉਸ, ਰਾਮ ਸਰੂਪ ਨੂੰ ਵੇਖਿਆ ਤਾਂ ਉਹ ਡਰ ਗਿਆ। ਇਹ ਧਰਮ ਰਾਜ ਹੈ ਜਿਹੜਾ ਧਰਮ ਦਾ ਰਾਖਾ ਬਣਿਆ ਬੈਠਾ ਸੀ। ਦੂਜੇ ਪਾਸੇ ਤੁਸੀ ਰਾਵਣ ਕਹਿ ਲਉ, ਹਰਨਾਕਸ਼ ਕਹਿ ਲਉ, ਜਾਂ ਕੰਸ ਕਹਿ ਲਉ। ਜਦ ਰਾਵਣ ਨੇ ਵੀ ਰਾਮ ਦਾ ਅਸਲ ਰੂਪ ਦੇਖਿਆ ਤਾਂ ਉਹ ਡਰ ਗਿਆ, ਉਹਦਾ ਕਾਲ ਕੰਬ ਗਿਆ, ਉਸਨੂੰ ਪ੍ਰਾਣ ਤਿਆਗਣੇ ਪੈ ਗਏ। ਹਰਨਾਕਸ਼ ਨੇ ਵੀ ਜਦ ਨਰਸਿੰਘ ਦਾ ਅਸਲ ਰੂਪ ਵੇਖਿਆ ਤਾਂ ਉਹ ਕੰਬ ਗਿਆ,

ਔਰ ਡਰ ਗਿਆ ਜਿਸ ਨਾਲ ਉਸਨੂੰ ਮੌਤ ਨੇ ਘੇਰਾ ਘੜ ਲਿਆ। ਇਸੇ ਤਰ੍ਹਾਂ ਹੀ ਸਾਡੇ ਅੰਦਰ ਜਿਹੜਾ ਮਨ ਰੂਪੀ ਧਰਮ ਰਾਜ ਬੈਠਾ ਹੋਇਆ ਹੈ, ਜੋ ਸਾਨੂੰ ਮਾੜੀਆਂ ਰਾਹਾਂ ਤੇ ਲਿਜਾਂਦਾ ਹੈ। ਉਹਦਾ ਆਪਣੇ ਅੰਦਰੋਂ ਡਰ ਖਤਮ ਕਰਨ ਦੀ ਸਾਨੂੰ ਕਾਹਦੀ ਜਰੂਰਤ ਹੈ? ਉਹ ਹੈ ਰਾਮ ਨਾਮ ਦੀ। ਜਦੋਂ ਰਾਮ ਨਾਮ ਹਿਰਦੇ ਵਸ ਗਿਆ ਤਾਂ ਮਨ ਦੀਆਂ ਸਾਰੀਆਂ ਖੋਜਾਂ, ਔਰ ਜਿੰਨੀਆਂ ਵੀ ਭੁੱਖਾਂ ਹਨ ਉਹ ਖਤਮ ਹੋ ਜਾਵਣਗੀਆਂ।

*"ਪੰਚ ਮਨਾਏ, ਪੰਚ ਰੁਸਾਏ, ਪੰਚ ਵਸਾਏ, ਪੰਚ ਗਵਾਏ।।*

*ਇਨਬਿਧੁ ਨਗਰੁ ਵੁਠਾ ਮੇਰੇ ਭਾਈ,*

*ਦੁਰਤੁ ਗਇਆ ਗੁਰਿ ਗਿਆਨੁ ਦਿੜਾਈ।।"*

*(ਅੰਗ 430)*

ਪੰਚਮ ਉਨ੍ਹਾਂ ਸਰੀਰ ਨੂੰ ਕਿਹਾ ਹੈ ਕਿ ਅਸੀਂ ਤੀਰਥਾਂ ਤੇ ਜਾਕੇ ਬਾਹਰੋਂ ਸਰੀਰਾਂ ਨੂੰ ਧੋਤਾ, ਸਰੀਰਾਂ ਤੇ ਬਾਹਰੀ ਅਸੀਂ ਕਪੜੇ ਪਾਏ ਭਾਵ ਇਸਨੂੰ ਅਸੀਂ ਸਜਾਇਆ ਮਗਰ ਅੰਦਰ ਜੋ ਸਾਡਾ ਸੀ ਉਹ ਅਸਾਂ ਧੋਤਾ ਨਾਂ। ਉਹ ਅੰਦਰੋਂ ਵੁੱਠਾ ਹੀ ਰਿਹਾ ਵੁੱਠਾ ਅਸਲ 'ਚ ਛੱਲੀ ਦੇ ਤੁੱਕੇ ਨੂੰ ਆਖਦੇ ਹਨ। ਜਿਸ ਤਰ੍ਹਾਂ ਛੱਲੀ ਦੇ ਬਾਹਰ ਖੱਗਾ ਬਹੁਤ ਸੁਹਣਾ ਹੁੰਦਾ ਹੈ। ਜੇ ਉਸਨੂੰ ਲਾਹ ਦਿਉਂ ਤਾਂ ਅੰਦਰੋਂ ਦਾਣੇ ਨਿਕਲਦੇ ਹਨ ਔਰ ਜੇ ਦਾਣੇ ਵੀ ਉਤੋਂ ਕੇਰ ਲਵੋਂ ਤਾਂ ਥਲਿਉਂ ਤੁੱਕਾ ਨਿਕਲ ਆਵੇਗਾ ਜਿਸਨੂੰ ਵੁੱਠਾ ਆਖਿਆ ਗਿਆ ਹੈ। ਕਹਿੰਦੇ ਹਨ ਕਿ ਜਦੋਂ ਉਹ ਸਾਡੇ ਸ਼ਰੀਰ ਵਿਚੋਂ ਨਿਕਲ ਗਿਆ ਤਾਂ ਸਾਡਾ ਸੀ ਇੱਕ ਤੁੱਕੇ ਵਾਂਗੂ ਰਹਿ ਜਾਣਾ ਹੈ। ਪਹਿਲਾਂ ਅਸੀ ਬਾਹਰੀ ਖੱਗੇ ਦੀ ਤਰ੍ਹਾਂ ਜਿੰਨੀਆਂ ਵੀ ਵੰਨ ਸੁਵੰਨੀਆਂ ਪੁਸ਼ਾਕਾਂ ਪਾਈਆਂ, ਬਾਹਰੀ ਤੌਰ ਤੇ ਆਪਣੇ ਆਪਨੂੰ ਧੋ ਕੇ ਸਾਫ ਸੁਥਰੇ ਬਣੇ ਮਗਰੋਂ ਜਦ ਇਸ ਵਿਚੋਂ ਉਹ ਚੀਜ਼ ਨਿਕਲ ਗਈ ਜਿਹੜੇ ਸਾਡੇ 70-80 ਸਾਲ ਦੇ ਦਾਣੇ ਸਨ, ਉਹ ਖਤਮ ਹੋ ਗਏ ਤਾਂ ਫਿਰ ਇਹ ਇਕ ਮਿੱਟੀ ਦਾ ਪੁਤਲਾ ਰਹਿ ਗਿਆ। ਉਹ ਅਸੀ ਚੁੱਕ ਕੇ ਜਾਂ ਤਾਂ ਅੱਗ ਵਿਚ ਸਾੜ ਦਿੱਤਾ, ਜਾਂ ਪਾਣੀ ਵਿਚ ਰੋੜ੍ਹ ਦਿੱਤਾ, ਜਾਂ ਮਿੱਟੀ'ਚ ਦਫਨ ਕਰ ਦਿੱਤਾ। ਨਾਮਦੇਵ ਜੀ ਸਾਨੂੰ ਇਹ ਕਹਿ ਰਹੇ ਹਨ। ਬਾਕੀ ਉਨ੍ਹਾਂ ਪੰਚ, ਹਵਾ, ਮਿੱਟੀ, ਅੱਗ, ਪਾਣੀ, ਅਕਾਸ਼ ਦੇ ਬਣੇ ਸ਼ਰੀਰ ਨੂੰ ਕਿਹਾ ਹੈ। ਇਹ ਸਾਡਾ ਜੋ ਸਰੀਰ ਹੈ ਇਹ ਪੰਚ ਹੈ। ਇਸਨੂੰ ਅਸੀ ਧੋਤਾ ਧ਼ਾਤਾ, ਇਸਨੂੰ ਅਸੀ ਸਾਫ ਕੀਤਾ ਔਰ ਇਹਦੇ ਉਤੇ ਹੀ ਅਸੀ ਲਗੇ ਰਹੇ। ਅਗਰ ਅਸੀ

ਅੰਦਰ ਨਾਂ ਸਵਾਰਿਆ। ਨਾਂ ਈਰਖਾ ਗਈ, ਨਾਂ ਕ੍ਰੋਧ ਗਿਆ, ਨਾਂ ਅਸੀ ਨਫਰਤ ਖਤਮ ਕੀਤੀ, ਨਾਂ ਅਸੀ ਲੋਭ ਖਤਮ ਕੀਤਾ, ਨਾਂ ਮੋਹ ਮਾਰਿਆ, ਨਾਂ ਮਮਤਾ ਮਰੀ ਤੇ ਨਾਂ ਹੀ ਸਾਡੀ ਮੌਤ ਦਾ ਜੋ ਤੈ ਸੀ ਉਹ ਖਤਮ ਹੋਇਆ। ਅਸੀਂ ਰੋਜ਼ ਮਰਦੇ ਰਹੇ ਔਰ ਰੋਜ਼ ਜਨਮ ਲੈਂਦੇ ਰਹੇ। ਭਾਵ ਮਾੜੇ ਕਰਮ ਕਰਕੇ ਰੋਜ 2 ਮਰਨਾ ਸ਼ੁਰੂ ਕਰ ਦਿੱਤਾ। ਇਹੋ ਹੀ ਭੈ ਰਿਹਾਂ ਕਿ ਪਤਾ ਨਹੀਂ ਕਿਹੜੇ ਵੇਲੇ ਪੁਲਸ ਨੇ ਫੜ ਲੈਣਾ ਹੈ? ਕਿਹੜੇ ਵੇਲੇ ਟੈਕਸ ਵਾਲੇ ਨੇ ਆ ਜਾਣਾ ਹੈ? ਕਿਹੜੇ ਵੇਲੇ ਸਾਡੀ ਪੁਛ ਗਿਛ ਹੋ ਜਾਣੀ ਹੇ ? ਇਸ ਤਰ੍ਹਾਂ ਰੋਜ਼ ਮਰਦੇ ਰਹਿੰਦੇ ਹਾਂ। ਜੇ ਛੁਟ ਗਏ ਤਾਂ ਥੋੜ੍ਹਾ ਜਿਹਾ ਜੀਅ ਲਿਆ। ਕਿਉਂ ਨਾ ਹੋਏ ਕਿ ਉਸ ਮੌਤ ਨੂੰ ਸਦਾ ਸਦਾ ਲਈ ਖਤਮ ਕਰ ਦਿੱਤਾ ਜਾਏ। ਜਿਸ ਤਰ੍ਹਾਂ ਮਹਾਰਾਜ ਨੇ ਉਸਨੂੰ ਨਿਰਭਉ, ਨਿਰਵੈਰ ਕਿਹਾ ਹੈ। ਉਸੀ ਪ੍ਰਕਾਰ ਤੁਸੀ ਬੇਡਰ ਹੋ ਜਾਉ ਭਾਵ ਕਿਸੇ ਕੋਲੋਂ ਮਤ ਡਰੋ, ਨਿਰਵੈਰ ਹੋ ਜਾਉ ਭਾਵ ਤੁਹਾਡਾ ਕੋਈ ਵੀ ਦੁਸ਼ਮਣ ਨਾਂ ਹੋਵੇ ਔਰ ਨਾਂ ਹੀ ਤੁਸੀਂ ਕਿਸੇ ਦੇ ਦੁਸ਼ਮਣ ਬਣੋ। ਜੇ ਤੁਸੀ ਕਿਸੇ ਨੂੰ ਦੁਸ਼ਮਣ ਸਮਝਦੇ ਹੋ ਤਾਂ ਫਿਰ ਤੁਸੀਂ ਪਹਿਲੋਂ ਖੁਦ ਆਪ ਦੁਸ਼ਮਣ ਹੋ। ਪੰਜਾਬ'ਚ ਕਹਾਵਤ ਕਹਿੰਦੇ ਹਨ ਕਿ ਸ਼ਸਤਰ ਚੁੱਕਣੇ ਆਪਣੀ ਮੌਤ ਦਾ ਖਤਰਾ ਹੈ ਦੂਜੇ ਦਾ ਨਹੀਂ। ਸ਼ਸਤਰ ਰਖਣਾ ਆਪਣੇ ਆਪਨੂੰ ਮਾਰਨ ਵਾਲੀ ਗਲ ਹੈ ਨਾਂ ਕਿ ਦੂਸਰੇ ਨੂੰ। ਸ਼ਸਤਰ ਉਹ ਰਖੋ ਜਿਹੜਾ ਸਮੇਂ ਮੁਤਾਬਕ ਤੁਹਾਡੇ ਕੰਮ ਆ ਜਾਵੇ। ਜਿਸ ਤਰ੍ਹਾਂ ਕਿ ਅਸੀਂ ਕਈ ਵਾਰ ਕਹਿੰਦੇ ਹੁੰਦੇ ਹਾਂ ਕਿ ਪ੍ਰੇਮ ਤੋਂ ਵਡਾ ਕੋਈ ਸ਼ਸਤਰ ਨਹੀਂ ਹੈ। ਜੋ ਤੂਸੀਂ ਪਿਆਰ ਦੇ ਨਾਲ ਕੋਈ ਚੀਜ ਪਾ ਸਕਦੇ ਹੋ ਉਹ ਤਕਰਾਰ ਨਾਲ ਨਹੀ ਪਾ ਸਕਦੇ। ਚਾਹੇ ਉਹ ਤਕਰਾਰ ਡਾਂਗਾਂ ਨਾਲ ਕਰੋ, ਚਾਹੇ ਜ਼ਬਾਨ ਨਾਲ ਕਰੋ, ਚਾਹੇ ਗੋਲੀਆਂ ਬੰਦੂਕਾਂ ਨਾਲ ਕਰੋ। ਤਕਰਾਰ ਬਾਜ਼ੀ ਜਾਂ ਤੁਹਾਡੀ ਜੋ ਲੜਾਈ ਹੈ ਅਗਰ ਉਹ ਪਿਆਰ ਦੀ ਹੈ ਤਾਂ ਤੁਹਾਨੂੰ ਸਤਿਕਾਰ ਵੀ ਮਿਲੇਗਾ, ਇਤਬਾਰ ਵੀ ਮਿਲੇਗਾ। ਸਾਡਾ ਖਿਆਲ ਹੈ ਕਿ ਜੋ ਸਤਿਕਾਰ ਔਰ ਇਤਬਾਰ ਦਾ ਸਰੂਪ ਪ੍ਰਮਾਤਮਾ ਹੈ ਉਹ ਤੁਹਾਨੂੰ ਕਿਤੇ ਸ਼ਾਇਦ ਪਿਆਰ ਵਿਚ ਕੋਈ ਨਾਂ ਕੋਈ ਰੂਪ ਲੈ ਕੇ ਮਿਲ ਹੀ ਪਵੇ।

***"ਕਿਆ ਜਾਨੇ ਕਿਸ ਭੇਸ ਮੇਂ ਬਾਬਾ ਮਿਲ ਜਾਏ ਭਗਵਾਨ ਰੇ"***

ਕੀ ਉਹਦੀ ਕੋਈ ਸ਼ਕਲ ਹੈ? ਕੀ ਤੁਸਾਂ ਉਸਨੂੰ ਕਿਤੇ ਵੇਖਿਆ ਹੈ? ਤੁਸਾਂ ਤਾਂ ਬਸ ਉਹਦੀਆਂ ਫੋਟੋਆਂ ਹੀ ਵੇਖੀਆਂ ਹਨ। ਜਿਸ ਤਰ੍ਹਾਂ ਰਾਮ ਦੀ ਲੈ ਲਉ, ਕ੍ਰਿਸ਼ਨ ਦੀ ਲੈ ਲਉ, ਗੁਰੂ ਨਾਨਕ ਸਾਹਿਬਾਨ ਦੀ ਲੈ ਲਉ, ਕਰਾਈਸਟ ਦੀ ਲੈ ਲਉ ਜਾਂ ਹੋਰ ਕਿਸੇ ਦੇਵੀ ਦਿਉਤੇ ਦੀ ਲੈ ਲਉ। ਵੈਸੇ ਤੁਸਾਂ ਕੀ ਕੋਈ ਵੇਖਿਆ ਹੈ? ਬੇਤੁਕੇ ਹੀ

ਤੁਰੇ ਫਿਰਦੇ ਹੋ? ਕਾਹਨੂੰ ਇਨ੍ਹਾਂ ਚੀਜਾਂ ਮਗਰ ਲਗਕੇ ਗੁਮਰਾਹ ਹੋ ਰਹੇ ਹੋ? ਆਪਣੇ ਪਿਆਰ ਦਾ ਕੋਈ ਰੂਪ ਪੈਦਾ ਕਰੋ ਜਿਹੜਾ ਤੁਹਾਡੇ ਲਈ ਸੱਚਾ ਹੋਵੇ, ਉਹ ਭਾਵੇਂ ਪੱਥਰ ਕਿਉਂ ਨਾ ਹੋਵੇ? ਬਾਕੀ ਜੇ ਐਵੇਂ ਸਾਡੇ ਵਰਗਿਆਂ ਦੇ ਮਗਰ ਲਗਕੇ, ਕਿ ਜੀ ਆਹ ਪਥਰ ਭਗਵਾਨ ਹੈ ਮੱਥਾ ਟੇਕੋ ਜਾਂ ਮੂਰਤੀ ਨੂੰ ਮਥਾ ਟੇਕੋ ਜਾਂ ਪਾਠ ਕਰੀ ਜਾਉ। ਕੀ ਤੁਹਾਡੇ ਆਉਣ ਤੋਂ ਪਹਿਲਾਂ ਕਿਸੇ ਪਾਠ ਹੀ ਨਹੀਂ ਕੀਤੇ। ਜਿਹੜੇ ਤੁਸੀਂ ਹੁਣ ਕਰਨ ਲਗੇ ਹੋ? ਜੇ ਤੁਹਾਡੇ ਪਾਠ ਕੀਤਿਆਂ, ਮਥੇ ਟੇਕਿਆਂ, ਪੈਸੇ ਚੜ੍ਹਾਇਆਂ ਕੁਝ ਮਿਲ ਸਕਦਾ ਹੁੰਦਾ ਤਾਂ ਤੁਹਾਡੇ ਬਜ਼ੁਰਗ ਨਾ ਤੁਹਾਡੇ ਵਾਸਤੇ ਲੈ ਕੇ ਛਡ ਜਾਂਦੇ? ਨਹੀ! ਤੁਹਾਨੂੰ ਜਦੋਂ ਮਿਲਣਾ ਹੈ ਤੁਹਾਡੀ ਸਚਾਈ ਤੇ ਮਿਲਣਾ ਹੈ, ਤੁਹਾਡੀ ਨੀਯਤ ਤੇ ਮਿਲਣਾ ਹੈ। ਜੇ ਤੁਹਾਡੀ ਨੀਯਤ ਠੀਕ ਹੈ ਤਾਂ ਤੁਹਾਡੇ ਨਾਤੇ ਠੀਕ ਹਨ, ਜੇ ਤੁਹਾਡੀ ਨੀਯਤਬਦ ਹੈ ਤਾਂ ਤੁਸੀਂ ਹਰ ਥਾਂ ਬੁਰਾ ਕਰਮ ਕਰੋਗੇ, ਤੁਹਾਨੂੰ ਬੁਰੇ ਦੋਸਤ ਮਿਲਣਗੇ, ਬੁਰੇ ਬੰਦੇ ਮਿਲਣਗੇ ਕਿਉਂਕਿ ਤੁਹਾਡੀ ਨੀਯਤ ਬਦ ਹੈ। ਜਦ ਤੁਹਾਡੀ ਨੀਯਤ ਸਾਫ ਤਾਂ ਤੁਹਾਡੇ ਸਤ ਨਾਤੇ ਸਾਫ ਹਨ। ਨਾਤੇ **means** ਰਿਸ਼ਤੇ, ਨੀਯਤ **means** ਤੁਹਾਡੇ ਖਿਆਲ। ਅਗਰ ਉਹ ਠੀਕ ਹਨ ਤਾਂ ਤੁਹਾਡਾ ਸਭ ਕੁਝ ਠੀਕ ਹੈ। ਜਿਸ ਤਰ੍ਹਾਂ ਕਈ ਵਾਰ ਕਿਹਾ ਜਾਂਦਾ ਹੈ ਕਿ ਤੁਹਾਡੀ ਨੀਯਤ ਨਹੀ ਭਰੀ ਪਰ ਢਿਡ ਪਰ ਗਿਆ ਹੈ ਇਸੇ ਤਰ੍ਹਾਂ ਤੁਹਾਡੇ ਖਿਆਲ ਨਹੀ ਭਰਦੇ। ਸੋ ਤੁਸੀਂ ਆਪਣੇ ਆਪਨੂੰ ਉੱਚਾ ਕਰਨ ਦੀ ਕੋਸ਼ਿਸ਼ ਕਰੋ, ਮਹਾਨ ਬਣੋ, ਕਿਉਂਕਿ ਰਬ ਨੇ ਤੁਹਾਨੂੰ ਬਹੁਤ ਉੱਚਾ ਜੀਵਨ ਦਿੱਤਾ ਹੈ ਐਵੇਂ ਕੋਈ ਮਥੇ ਟੇਕਣ ਵਾਲਾ, ਪੈਸੇ ਚੜ੍ਹਾਵਣ ਵਾਲਾ ਜਾਂ ਪਾਠ ਕਰਨ ਵਾਲਾ ਜੀਵਨ ਨਹੀਂ ਦਿੱਤਾ। ਸਾਨੂੰ ਇਹ ਦਸੋ ਕਿ ਕ਼ਿਹੜੇ ਪੈਗੰਬਰਾਂ ਨੇ ਆਕੇ ਪਾਠ ਕਰਵਾਏ ਹਨ ਔਰ ਕਿਨ੍ਹਾਂ ਨੇ ਆਕੇ ਗੁਰਦੁਆਰੇ, ਮੰਦਰ ਬਣਵਾਏ ਹਨ? ਕੀ ਐਸਾ ਕੋਈ ਹੈ ਜਿਹੜਾ ਇਹ ਕਹੇ ਕਿ ਰਾਮ ਨੇ ਆਕੇ ਮੰਦਰ ਬਣਾਉਣੇ ਸ਼ੁਰੂ ਕਰ ਦਿੱਤੇ ਸਨ ਔਰ ਗੁਰੂ ਨਾਨਕ ਸਾਹਿਬ ਨੇ ਆਕੇ ਗੁਰਦੁਆਰੇ ਜਾਂ ਮੁਹੰਮਦ ਨੇ ਆ ਕੇ ਮਸੀਤਾਂ ਤੇ ਕਰਾਈਸਟ ਨੇ ਆਕੇ ਚਰਚ? ਨਹੀ! ਇਹ ਤੁਸੀਂ ਉਨ੍ਹਾਂ ਦੇ ਚਲੇ ਜਾਵਣ ਤੋਂ ਬਾਅਦ ਆਪੇ ਹੀ ਬਣਾਏ ਹਨ। ਉਹ ਤੁਹਾਡੇ ਸਾਫ ਸੁਥਰੇ ਘਰ ਹਨ। ਉਥੇ ਤੁਹਾਨੂੰ ਬਹਿਕੇ ਸਕੂਨ ਲੈਵਣ ਵਾਸਤੇ , ਸ਼ਾਂਤੀ ਹਾਸਲ ਕਰਨ ਵਾਸਤੇ ਔਰ ਆਪਸੀ ਸਾਂਝ ਪੈਦਾ ਕਰਨ ਵਾਸਤੇ ਇਕਠਾ ਕੀਤਾ ਜਾਂਦਾ ਸੀ। ਉਹ ਧਰਮਸ਼ਾਲਾਂ ਇਸ ਕਰਕੇ ਬਣੀਆਂ ਸਨ ਕਿ ਤੁਸੀਂ ਆਪਣੇ ਈਮਾਨ ਨੂੰ ਕਾਇਮ ਕਰ ਸਕੋ। ਤੁਸੀਂ ਆਪਣੇ ਕੀਤੇ ਵਾਅਦਿਆਂ ਨੂੰ ਪੂਰਿਆਂ ਕਰ ਸਕੋ, ਤੁਸੀ ਆਪਣੇ ਵਿਛੜੇ ਦੋਸਤਾਂ ਮਿਤਰਾਂ ਨੂੰ ਮਿਲ ਸਕੋ। ਉਨ੍ਹਾਂ ਵਾਸਤੇ ਹੀ ਇਹ ਮੇਲੇ, ਮਸਾਧੇ

, ਤਿਉਹਾਰ ਜਾਂ ਇਹ ਧਰਮ ਸਥਾਨ ਬਣਾਏ ਗਏ ਸਨ। ਅਜ ਸਾਡੇ ਉਹ ਰੋਜ਼ੀ ਦੇ ਸਾਧਨ ਬਣੇ ਹੋਏ ਹਨ, ਸਾਡੇ ਧਰਮਾਂ ਤੇ ਮਜ਼੍ਹਬਾਂ ਦੇ ਉਹ ਟਿਕਾਣੇ ਬਣੇ ਹੋਏ ਹਨ, ਮੁਜ਼ਰਮਾਂ ਦੀਆਂ ਉਹ ਪਨਾਹਾਂ ਬਣ ਗਈਆਂ। ਕਿਉਂ? ਸਿਰਫ ਇਸਦਾ ਇਹੋ ਹੀ ਕਾਰਨ ਹੈ ਕਿ ਅਸੀਂ ਆਪਣੇ ਆਪਣੇ ਉਲੂ ਸਿੱਧੇ ਕਰਨ ਵਿਚ ਲਗੇ ਹੋਏ ਹਾਂ। ਸੰਤਾਂ ਨੇ ਵੀ ਸਾਨੂੰ ਸਚ ਨਹੀਂ ਸਮਝਾਇਆ, ਉਨ੍ਹਾਂ ਵੀ ਸਾਡੇ ਕੋਲੋਂ ਸਿਰਫ ਮਥੇ ਹੀ ਟਿਕਵਾਏ ਹਨ। ਰਬ ਦਾ ਸਾਡੇ ਅੰਦਰ ਉਨ੍ਹਾਂ ਡਰ ਪੈਦਾ ਕੀਤਾ ਹੈ ਨਾਂ ਕਿ ਸਾਨੂੰ ਉਹਦੇ ਪਾਸੋਂ ਅਜ਼ਾਦੀ ਦਿਲਵਾਈ ਹੈ। ਸਾਨੂੰ ਇਹੋ ਹੀ ਕਿਹਾ ਜਾਂਦਾ ਹੈ ਕਿ ਤੂੰ ਮਥੇ ਟੇਕ, ਪਾਠ ਕਰ ਨਹੀਂ ਤਾਂ ਰਬ ਤੇਰੇ ਨਾਲ ਨਰਾਜ਼ ਹੋ ਜਾਵੇਗਾ। ਹਰਗਿਜ਼ ਨਹੀਂ। ਰਬ ਕਿਸੇ ਨਾਲ ਵੀ ਨਰਾਜ ਨਹੀਂ ਹੁੰਦਾ। ਅਗਰ ਰਬ ਨਰਾਜ ਹੁੰਦਾ ਹੈ ਤਾਂ ਉਹ ਆਪਣੇ ਪੁੱਤਰਾਂ ਨਾਲ ਹੁੰਦਾ ਹੈ, ਆਪਣੀਆਂ ਧੀਆਂ ਨਾਲ ਹੁੰਦਾ ਹੈ। ਉਹ ਕੋਣ ਹਨ? ਜਿਹੜੇ ਉਸਨੂੰ ਯਾਦ ਕਰਦੇ ਹਨ ਅਸਲ ਵਿਚ ਉਹ ਉਹਦੇ ਧੀਆਂ ਪੁਤਰ ਹਨ। ਇਤਿਹਾਸ ਫੋਲ ਕੇ ਵੇਖੋਂ ਕਰਾਈਸਟ ਸੀ, ਮੁਹੰਮਦ ਸੀ, ਗੁਰੂ ਨਾਨਕ ਸਾਹਿਬਾਨ ਸਨ ਗੁਰੂ ਗੋਬਿੰਦ ਸਿੰਘ ਜੀ ਸਨ ਸ੍ਰੀ ਰਾਮਚੰਦਰ ਜੀ ਸਨ ਜਿੰਨਾ ਨੂੰ ਬਨਵਾਸ ਮਿਲਿਆ, ਸੂਲੀਆਂ ਚੁੰਮੀਆਂ, ਔਲਾਦਾਂ ਨੂੰ ਨੀਹਾਂ'ਚ ਚਿਣਵਾਇਆ, ਤੱਤੀਆਂ ਲੋਹਾਂ ਤੇ ਬਿਠਾਇਆ, ਉਨ੍ਹਾਂ ਨੇ ਆਪਣੇ ਸਿਰ ਕਟਵਾ ਦਿੱਤੇ, ਆਪਣੇ ਸਿਰਾਂ ਤੇ ਆਰੇ ਚਲਵਾਏ ਅਸਲ ਵਿਚ ਉਹ ਸਨ ਰਬ ਦੇ ਸੱਚੇ ਪਿਆਰੇ, ਉਹ ਸਨ ਉਹਦੇ ਸੱਚੇ ਭਗਤ। ਤੁਸੀਂ ਤਾਂ ਉਹਦੇ ਭਗਤ ਵੀ ਨਹੀ ਹੋ। ਤੁਸੀ ਉਹਦੇ ਨਾਵਾਂ ਨਾਲ ਆਪਣੇ ਆਪਨੂੰ ਠਗ ਰਹੇ ਹੋ। ਤੁਹਾਡਾ ਹਾਲ ਤਾਂ ਇਹ ਹੈ ਕਿ ਮਥੇ ਟੇਕੀ ਜਾਵੋ ਔਰ ਨਾਲ ਸਭ ਕੁਝ ਕਰੀ ਵੀ ਜਾਉ। ਜ਼ਦੋਂ ਕਿਤੇ ਕੁਛ ਥੋੜੀ ਬਹੁਤੀ ਤੱਤੀ ਹਵਾ ਲਗੀ ਤਾਂ ਚਲ ਬਈ ਪੁੱਠੇ ਪਾਸੇ। ਸੋ ਤੁਸੀਂ ਇਨ੍ਹਾਂ ਚਕਰਾਂ'ਚ ਨਾਂ ਪਵੋ ਬਿਹਤਰ ਇਹੀ ਹੈ ਕਿ ਆਪਣੇ 2 ਘਰਾਂ ਨੂੰ ਵਾਪਸ ਚਲੇ ਜਾਉ। ਇਹ ਜੋ ਤੁਹਾਨੂੰ ਸਥਾਨ ਦਿੱਤੇ ਜਾ ਰਹੇ ਹਨ ਜਾਂ ਪੁਰਾਤਨ ਕਾਲ ਵਿਚ ਜਿਹੜੀਆਂ ਤੁਹਾਨੂੰ ਗੁਰਬਾਣੀ ਰਾਹੀਂ ਧਰਮ ਗ੍ਰੰਥਾਂ ਰਾਹੀਂ ਜਾਂ ਧਰਰੁ ਸਥਾਨਾਂ ਰਾਹੀਂ ਚੀਜਾਂ ਦਸੀਆਂ ਜਾ ਰਹੀਆਂ ਉਹ ਤੁਹਾਡੇ ਭਾਈ ਚਾਰੇ, ਪਿਆਰ ਅਤੇ ਆਪਸ ਵਿਚ ਸੱਚ ਬੋਲਣ ਦੀ ਹਿੰਮਤ ਪੈਦਾ ਕਰਦੀਆਂ ਹਨ। ਇਹ ਨਹੀਂ ਕਿ ਤੁਸੀਂ ਆਪਣੇ ਵੈਰਾਗ, ਆਪਣੀ ਇਜੱਤ, ਆਪਣੀ ਝੂਠੀ ਚੀਜ਼ ਦੇ ਲਈ ਦੂਜੇ ਤੇ ਚਿਕੜ ਸੁੱਟ ਜਾਂ ਦੂਜੇ ਨੂੰ ਕਮਜ਼ੋਰ ਕਰ ਦਿਉ ਕਿ ਦੂਸਰੇ ਦਾ ਧਰੰਮ ਮਾੜਾ ਹੈ ਸਾਡਾ ਧਰਮ ਚੰਗਾ ਹੈ। ਅਸਲ ਵਿਚ ਧਰਮ ਉਹ ਚੰਗਾ ਹੈ ਜਿਹੜਾ ਕਿਸੇ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦੇਵੇ, ਕੌਮ ਉਹੀ

ਉਚੀ ਹੈ ਜੋ ਕਿਸੇ ਦੀ ਖਾਤਰ ਕੰਮ ਆਉਂਦੀ ਹੈ ਜਾਂ ਕਿਸੇ ਦੀ ਖਾਤਰ ਕੁਰਬਾਨੀ ਦਿੰਦੀ ਹੈ। ਉਹ ਕੌਮ ਜਾਂ ਉਹ ਧਰਮ ਹੀ ਨਹੀਂ ਜਿਹੜਾ ਸਿਰਫ ਆਪਣੀ ਖਾਤਰ ਲੜੇ। ਉਹ ਧਰਮ ਸਥਾਨ ਹੀ ਨਹੀਂ ਉਹ ਧਰਮ ਗ੍ਰੰਥ ਹੀ ਨਹੀਂ ਜਿਹੜਾ ਸਾਨੂੰ ਆਪਸ ਵਿਚ ਨਖੇੜਨ ਦਾ ਰਸਤਾ ਦਸੇ। ਤਵਾਰੀਖ'ਚ ਕਿਤੇ ਵੀ ਵੇਖ ਲਓ ਜਿਥੇ ਉਨ੍ਹਾਂ ਸਾਨੂੰ ਸਾਰਿਆਂ ਨੂੰ ਵਖਰਾ ਵਖਰਾ ਸਮਝਿਆ ਹੋਵੇ। ਇਹ ਵਖਰੇ ਕਰਨ ਵਾਲੇ ਔਰ ਦਸਣ ਵਾਲੇ ਸਿਰਫ ਉਹ ਲੋਕ ਹਨ ਜਿਹੜੇ ਇਹ ਆਪਣੀ ਰੋਟੀ ਦੇ ਸਾਧਨ ਬਣਾਏ ਬੈਠੇ ਹਨ, ਸਿਰਫ ਇਕ ਝੂਠੀ ਸ਼ੋਹਰਤ ਦੀ ਖਾਤਰ। ਆਪ ਤਾਂ ਉਨ੍ਹਾਂ ਵੇਖਿਆ ਕੁਝ ਨਹੀਂ ਤੁਹਾਨੂੰ ਸਾਰਿਆਂ ਨੂੰ ਉਨ੍ਹਾਂ ਕੀ ਦਿਖਾਉਣਾ ਹੈ? ਆਪ ਤਾਂ ਉਹ ਮਾਲਾ ਫੜਕੇ ਪਾਠ ਕਰਦੇ ਹਨ ਤਾਂ ਤੁਹਾਡੇ ਕੋਲੋਂ ਉਨ੍ਹਾਂ ਆਪਸੀ ਪਿਆਰ ਕੀ ਕਰਵਾਉਣਾ ਹੈ? ਪੈਗੰਬਰਾਂ ਨੇ ਕੁਰਬਾਨੀਆਂ ਦਿੱਤੀਆਂ ਹਨ, ਨਬੀਆਂ ਨੇ ਧਰਤੀ ਤੇ ਆ ਕੇ ਹੋਕਾ ਦਿੱਤਾ ਹੈ ਪਰ ਕਿਸੇ ਨੂੰ ਉਨ੍ਹਾਂ ਤੰਗ ਨਹੀਂ ਕੀਤਾ। ਉਹ ਨਵੀਂ ਚੀਜ਼ ਚਲਾਵਣ ਵਾਸਤੇ ਧਰਤੀ ਤੇ ਆਉਂਦੇ ਹਨ। ਉਹ ਹਮੇਸ਼ਾਂ ਆਪਣੇ ਸੁਖਾਂ ਵਿਚੋਂ ਤੁਹਾਨੂੰ ਆਪਣੇ ਸੁਖ ਦਿੰਦੇ ਹਨ ਔਰ ਤੁਹਾਡੇ ਦੁਖ ਕਟਦੇ ਹਨ। ਤੁਹਾਡੀ ਖਾਤਰ ਉਨ੍ਹਾਂ ਲੋਕਾਂ ਕੁਰਬਾਨੀਆਂ ਦਿੱਤੀਆਂ। ਪਰ ਤੁਸਾਂ ਕਿਹਦੀ ਖਾਤਰ ਕੁਰਬਾਨੀਆਂ ਦੇਣੀਆਂ ਹਨ? ਤੁਹਾਡੇ ਕੋਲੋਂ ਉਹਨੂੰ ਤਾਂ ਕੁਝ ਚਾਹੀਦਾ ਹੀ ਨਹੀਂ। ਨਾਂ ਪ੍ਰਮਾਤਮਾ , ਨਾਂ ਉਨਾਂ ਸੰਤਾਂ ਨੂੰ ਨਾਂ ਉਨ੍ਹਾਂ ਮਹਾਤਮਾਵਾਂ ਨੂੰ। ਜਦੋਂ ਉਨ੍ਹਾਂ ਕਿਸੇ ਕੋਲੋਂ ਕੁਝ ਲੈਣਾ ਹੈ ਤਾਂ ਉਨ੍ਹਾਂ ਆਪੇ ਹੀ ਉਸ ਵਿਚ ਵਸ ਜਾਣਾ ਹੈ। ਤੁਸੀ ਤਾਂ ਚੜ੍ਹਾਵੇ ਚੜ੍ਹਾ 2 ਮਥੇ ਟੇਕ 2 ਥਕ ਗਏ ਹੋ। ਤੁਹਾਨੂੰ ਕੁਝ ਮਿਲਦਾ ਰਿਹਾ ਤਾਂ ਉਹ ਤੁਹਾਡੇ ਲਈ ਰਬ ਹੈ ਨਾਂ ਮਿਲਿਆ ਤੂ ਤੁਹਾਡੇ ਲੀ ਜੱਭ ਹੈ ਫਿਰ ਤੁਸਾਂ ਜਾਣਾ ਹੀ ਛਡ ਦੇਣਾ ਹੈ ਔਰ ਕਹਿਣਾ ਹੈ ਕਿ ਹੁਣ ਨਹੀਂ ਮੈਂ ਜਾਣਾ, ਚਾਲੀ ਦਿਨ ਅਗੇ ਹੀ ਜਾ ਕੇ ਵੇਖ ਲਿਆ ਹੈ, ਹੁਣ ਨਹੀਂ ਮੈਂ ਪਾਠ ਕਰਨਾ ਅਗੇ ਮੈਂ ਬੜਾ ਕੀਤਾ ਹੈ। ਉਹ ਝਲਿਓ ਤੁਸਾਂ ਤਾਂ ਅਜੇ ਕੁਝ ਵੀ ਨਹੀਂ ਕੀਤਾ। ਤੁਸੀ ਤਾਂ ਸਾਰੇ ਜਣੇ ਪਏ ਹੀ ਗਲਤ ਰਸਤੇ ਹੋ। ਤੁਹਾਡਾ ਸਿਧਾ ਰਸਤਾ ਸਿਰਫ ਇਹੋ ਹੈ ਕਿ ਤੁਸੀ ਪਹਿਲੋਂ ਆਪਸ ਵਿਚ ਪਿਆਰ ਪੈਦਾ ਕਰੋ, ਕਿਸੇ ਭੁਖੇ, ਨਿਰਧਨ ਦੀ ਤੁਸੀਂ ਮਦਦ ਕਰੋ ਜਿਸ ਨਾਲ ਤੁਹਾਡਾ ਕੋਈ ਸੰਬੰਧ ਨਹੀਂ। ਇਹ ਨਹੀ ਕਿ ਉਹ ਜਿਹਦੀ ਤੁਸੀ ਸੇਵਾ ਕਰ ਰਹੇ ਹੋ ਉਹ ਤੁਹਾਡਾ ਭਰਾ ਹੈ, ਤੁਹਾਡੀ ਮਾਂ ਹੈ, ਪਿਉ ਹੈ। ਇਹ ਸੇਵਾ ਤਾਂ ਵਡੇ ਵਡੇ ਪੈਗੰਬਰ ਨਾਂ ਕਰ ਸਕੇ ਤੁਸੀ ਕੀ ਕਰ ਸਕੋਗੇ? ਉਨ੍ਹਾਂ ਲੋਕਾਂ ਦੀ ਹੈਲਪ (ਮਦਦ) ਕਰੋ ਜਿਨ੍ਹਾਂ ਦੀ ਕੋਈ ਹੈਲਪ (ਮਦਦ) ਨਹੀ ਕਰਦਾ। ਜੇ ਆਪਣੇ ਵਿਚੋ ਕੁਝ ਕਰਨਾ ਹੈ ਤਾਂ ਉਹ ਦਾਨ ਕਰੋ

ਜਿਹੜਾ ਤੁਹਾਡੇ ਹਿਸੇ ਦਾ ਹੈ। ਇਹ ਨਹੀਂ ਕਿ 10 ਰੁਪਏ ਤੁਹਾਡੇ ਕੋਲ ਜੋ ਤੁਸਾਂ ਠੱਗੀ ਮਾਰਕੇ ਕਮਾਏ ਹਨ। ਤੇ ਉਹਦੇ ਵਿਚੋ 8 ਤੁਸਾਂ ਆਪ ਖਾਣੇ ਹਨ ਔਰ ਦੋ ਤੁਹਾਡੇ ਪਏ ਰਹਿਣੇ ਹਨ। ਤਾਂ ਜੇ ਸੋਚੋ ਕਿ ਉਹਦੇ ਵਿਚੋਂ ਚਵਾਨੀ ਮਥਾ ਟੇਕ ਆਉ ਔਰ ਸੋਚੋ ਕਿ ਸ਼ਾਇਦ ਹਰਾਮ ਦੀ ਕਮਾਈ ਹਲਾਲ ਦੀ ਬਣ ਜਾਏ। ਨਹੀ! ਜੇ ਹਕ ਦੀ ਕਮਾਈ ਹੈ ਤਾਂ 10 ਅਗਰ ਤੁਹਾਡੇ ਕੋਲ ਹਨ ਔਰ ਤੁਹਾਨੂੰ 10 ਹੀ ਖਰਚਣ ਲਈ ਚਾਹੀਦੇ ਹਨ। ਜੇ ਕਿਤੇ ਤੁਸੀ ਉਸ ਵਿਚੋਂ 8 ਖਰਚ ਕੇ ਦੋ ਕਿਸੇ ਨੂੰ ਦਾਨ ਕਰ ਦਿਉ, ਕਿਸੇ ਗਰੀਬ ਦੀ ਮਦਦ ਕਰ ਦਿਉ ਤਾਂ ਫਿਰ ਵੇਖਣਾ ਤੁਹਾਂਨੂੰ ਰਬ ਕੀ ਦਿੰਦਾ ਹੈ? ਤੁਹਾਨੂੰ ਰਬ ਸਬਰ ਦੇਵੇਗਾ, ਸਿਦਕ ਦੇਵੇਗਾ, ਅਨੰਦ ਦੇਵੇਗਾ, ਖੁਸ਼ੀਆਂ ਦੇਵੇਗਾ, ਖੂਬੀਆਂ ਭਾਵ ਗੁਣ ਦੇਵੇਗਾ, ਤੁਹਾਨੂੰ ਖਾਹਿਸ਼ਾਂ ਦੇਵੇਗਾ, ਤੁਹਾਨੂੰ ਖਿਮਾਂ ਕਰ ਦੇਵੇਗਾ ਕਿਉਂਕਿ ਉਹ ਖ਼ੁਦਾ ਹੈ, ਉਹ ਨਿਹਾਇਤੀ ਮਿਹਰਬਾਨ ਹੈ, ਦਿਆਲੂ ਹੈ। ਜਿਸ ਤਰ੍ਹਾਂ ਤੁਸੀ ਚਾਹੋ ਉਹਦੇ ਕੋਲੋਂ ਤੁਸੀ ਉਸੇ ਤਰ੍ਹਾਂ ਹੀ ਪਾ ਸਕਦੇ ਹੋ। ਉਹ ਨਹੀਂ ਤੁਹਾਨੂੰ ਮਨਾਉਂਦਾ ਤੁਸੀ ਉਸਨੂੰ ਮਨਾ ਸਕਦੇ ਹੋ। ਤੁਸੀਂ ਵੇਖ ਲਉ ਕਿਤੇ ਤੁਹਾਨੂੰ ਰਬ ਨੇ ਮਨਾਇਆ ਹੈ। ਹਮੇਸ਼ਾਂ ਤੁਸੀ ਹੀ ਜਾ ਕੇ ਕਹਿੰਦੇ ਹੋ ਕਿ ਰਬ ਮੰਨ ਜਾਹ ਮੇਰੀ ਔਲਾਦ ਭੈੜੀ ਨਿਕਲੀ ਹੈ ਕ੍ਰਿਪਾ ਕਰਕੇ ਇਹਨੂੰ ਠੀਕ ਕਰੀ ਜਾਂ ਮੇਰੇ ਕਾਰੋਬਾਰ'ਚ ਘਾਟਾ ਪੈਣ ਲਗਾ ਹੈ ਕ੍ਰਿਪਾ ਕਰੀ। ਤੁਸੀ ਉਸਨੂੰ ਮਨਾ ਸਕਦੇ ਹੋ ਤੁਹਾਨੂੰ ਉਹਨੇ ਕੀ ਮਨਾਉਣਾ ਹੈ। ਉਹ ਤਾਂ ਮਿਹਰਬਾਨ ਹੈ, ਉਹ ਸਭ ਦਾ ਮਾਲਕ ਹੈ। ਕੀ ਉਹਨੂੰ ਤੁਹਾਡੇ ਕੋਲੋਂ ਕੋਈ ਚੀਜਾਂ ਚਾਹੀਦੀਆਂ ਹਨ? ਨਹੀਂ ! ਬਾਕੀ ਜੇ ਤੁਸੀਂ ਉਸਨੂੰ ਕੁਝ ਦੇਣਾ ਚਾਹੁੰਦੇ ਹੋ ਤਾਂ ਫਿਰ ਆਪਣੇ ਆਪਨੂੰ ਹੀ ਕਿਤੇ ਦੇ ਦਿਉ। ਜੇਕਰ ਤੁਸੀ ਕਿਸੇ ਦਾ ਕੁਝ ਵੀ ਸਵਾਰਨਾ ਨਹੀ ਚਾਹੁੰਦੇ ਤਾਂ ਫਿਰ ਆਪਣਾ ਹੀ ਕੁਝ ਸਵਾਰ ਲਉ, ਆਪਣੇ ਗੁਨਾਹਾਂ ਤੋਂ ਹੀ ਤੋਬਾ ਕਰ ਲਉ, ਆਪਣੀਆਂ ਗਲਤੀਆਂ ਦੀਆਂ ਮੁਆਫੀਆਂ ਹੀ ਮੰਗ ਲਉ, ਆਪਣੇ ਗੁਨਾਹਾਂ ਨੂੰ ਹੀ ਬਖਸ਼ਵਾ ਲਉ ਹੋਰ ਤੁਸਾਂ ਕਿਸ ਨੂੰ ਕੀ ਦੇਣਾ ਹੈ। ਜੇ ਤੁਸੀਂ ਇਹ ਵੀ ਨਹੀਂ ਕਰ ਸਕਦੇ ਤਾਂ ਫਿਰ ਤੁਹਾਡਾ ਇਕੋ ਹੀ ਰਸਤਾ ਹੈ ਕਿ ਜਿਹੜੇ ਕੰਮ ਤੁਹਾਨੂੰ ਮਿਲੇ ਹਨ ਜਾਂ ਜਿਹੜੇ ਪਾਸੇ ਲਗੇ ਹੋ ਚੁਪ ਕਰਕੇ ਤੁਸੀ ਉਸ ਪਾਸੇ ਲਗੇ ਰਹੋ। ਜਦੋਂ ਇਕ ਦੋ ਜਨਮ ਬੀਤ ਜਾਵਣਗੇ ਤਾਂ ਫਿਰ ਵੇਖੀ ਜਾਵੇਗੀ। ਬਾਕੀ ਬਾਹਰੋਂ ਤੁਹਾਨੂੰ ਕੁਛ ਨਹੀ ਜੇ ਮਿਲਣਾ, ਕਿਤੇ ਰਬ ਨਹੀ ਜੇ, ਰਬ ਤੁਹਾਡੇ ਕੋਲ ਹੈ, ਉਹ ਤੁਹਾਡੇ ਨਾਲ ਹੈ। ਕਿਤੇ ਉਹ ਲੁਕ ਕੇ ਬੈਠ ਨਹੀਂ ਗਿਆ ਭਾਵ ਛਿਪ ਨਹੀਂ ਗਿਆ। ਬਾਕੀ ਅਸਾਂ ਤੁਹਾਨੂੰ ਕਿਤੋਂ ਕਢ ਕੇ ਫੜਾ ਨਹੀਂ ਦੇਣ ਕਿ ਅਸਾਂ ਉਸਨੂੰ ਅੰਦਰ ਬੰਦ ਕੀਤਾ ਹੈ ਜਿਹੜਾ

ਤੁਹਾਨੂੰ ਲਾਟਰੀ ਪਾ ਕੇ ਦਿਖਾਵਾਂਗੇ। ਨਹੀਂ! ਜਾਂ ਤੁਸੀ ਸਾਡੀ ਸੇਵਾ ਕਰੋ ਜਾਂ ਤੁਸੀ ਸਾਡੇ ਉਪਦੇਸ਼ ਸੁਣੋ। ਨਹੀਂ! ਤੁਸੀਂ ਸਿਰਫ ਆਪਣੇ ਆਪਨੂੰ ਤਲਾਸ਼ੋ। ਹਾਂ ਸਾਡੀ ਤੁਸੀ ਮਦਦ ਜਰੂਰ ਲੈ ਸਕਦੇ ਹੋ, ਸਾਡੇ ਕੋਲੋਂ ਸਹਾਰਾ ਲੈ ਸਕਦੇ ਹੋ ਕਿ ਕਿਸ ਤਰ੍ਹਾਂ ਕਰਨਾ ਹੈ, ਜਾਂ ਠੀਕ ਰਸਤਾ ਕੀ ਹੈ? ਜਿਸ ਤਰ੍ਹਾਂ ਤੁਸੀ ਪੜਦੇ ਹੋ ਤੁਹਾਡੇ ਕੋਲੋਂ ਜੋ ਕੋਈ ਸਵਾਲ ਗਲਤ ਹੋ ਜਾਂਦਾ ਹੈ ਤਾਂ ਤੁਸੀ ਫਟ ਆਪਣੇ ਮਾਸਟਰ ਨੂੰ ਕਹਿੰਦੇ ਹੋ ਕਿ ਮਾਸਟਰ ਜੀ ਆਹ ਸਵਾਲ ਗਲਤ ਹੋ ਗਿਆ ਹੈ ਜਰਾ ਸਮਝਾ ਦਿਉ। ਕਈ ਵਾਰ ਤੁਹਾਨੂੰ ਪੜ੍ਹਨ ਵਾਸਤੇ ਟੀਊਸ਼ਨ ਕਿਸੇ ਟੀਚਰ ਪਾਸੋਂ ਰਖਣੀ ਪੈ ਜਾਂਦੀ ਹੈ। ਇਸ ਤਰ੍ਹਾਂ ਤੁਸੀ ਸਾਨੂੰ ਟੀਊਸ਼ਨ ਵਾਸਤੇ ਹੀ ਰਖ ਲਉ।

ਭਾਵ ਹੇ ਜੀਵ ਜਿਸ ਤਰ੍ਹਾਂ ਦੀ ਤੂੰ ਖੇਤੀ ਬੀਜੇਂਗਾ ਤੈਸੀ ਕਟੇਂਗਾ। ਜੇ ਤੂੰ ਬੀਜੀਆਂ ਹੀ ਮਿਰਚਾਂ ਨੇ ਤਾਂ ਤੂੰ ਕਿਸ ਤਰ੍ਹਾਂ ਕਹੇਂਗਾ ਕਿ ਮੈਂ ਬਦਾਮ ਖਾਵਾਂ? ਜੇ ਬੀਜੇ ਹੀ ਬਦਾਮ ਨੇ ਤਾਂ ਕਿਸ ਤਰ੍ਹਾਂ ਕਹੇਂਗਾ ਕਿ ਮੈਂ ਅੰਗੂਰ ਖਾਵਾਂ ? ਨਹੀਂ ! ਜਿਸ ਤਰ੍ਹਾਂ ਦੀ ਤੁਸਾਂ ਖੇਤੀ ਬੀਜੀ ਹੈ ਉਹ ਤੁਹਾਨੂੰ ਕਟਣੀ ਹੀ ਪੈਣੀ ਹੈ। ਹਾਂ ਉਹ ਖੇਤੀ ਤੁਸੀ ਕਟੋ ਪਰ ਨਾਲ ਉਹਦਾ ਵਪਾਰੀ ਲਭ ਲਵੋ। ਜੇ ਬੀਜੀ ਫਸਲ ਦੇ ਦੁਆਲੇ ਵਾੜ ਲਾਈ ਹੋਵੇ ਤਾਂ ਬਾਹਰ ਦਾ ਜਾਨਵਰ ਮੂੰਹ ਨਹੀਂ ਮਾਰਦਾ। ਜੇ ਖੇਤੀ ਨੂੰ ਵਾੜ ਹੀ ਖਾਣ ਲਗ ਪਵੇ ਤਾਂ ਫਿਰ ਕੀ ਹਾਲ ਹੋਵੇਗਾ? ਬਾਕੀ ਕੰਮ ਤਾਂ ਰਬ ਦੀ ਰਹਿਮਤ ਤੇ ਹੈ। ਕਿ ਉਹ ਬਦੱਲ ਪਾ ਦੇਵੇ ਜਾਂ ਨਾਂ ਪਾਵੇ। ਪਰ ਤੁਹਾਡਾ ਤੇ ਕਸੂਰ ਕੋਈ ਨਹੀਂ। ਤੁਸੀ ਤਾਂ ਆਪਣੀ ਮਿਹਨਤ ਨਾਂ ਛਡੋ। ਐਸੀ ਖੇਤੀ ਬੀਜੋ ਜਿਸ ਨਾਲ ਤੁਹਾਨੂੰ ਜਿਸ ਤਰ੍ਹਾਂ ਪਹਿਲਾਂ ਵੀ ਅਸੀਂ ਕਹਿ ਚੁੱਕੇ ਹਾਂ ਕਿ ਖਾਹਸ਼ਾਂ , ਖੁਸ਼ੀਆਂ ਔਰ ਖੂਬੀਆਂ ਮਿਲਣ ਔਰ ਜਿਸ ਨਾਲ ਤੁਹਾਨੂੰ ਉਹ ਖਿਮਾ ਕਰ ਦੇਵੇ। ਸਿਰਫ ਉਹ ਖੇਤੀ ਕਰੋ।

### "ਵਣਜੁ ਕਰਹੁ ਵਣਜਾਰਿਹੁ ਵਖਰੁ ਲੇਹੁ ਸਮਾਲਿ"

ਭਾਵ ਐਸੀ ਤੁਸੀਂ ਖੇਤੀ ਕਰੋ ਜਿਹੜੀ ਤੁਸੀ ਸੰਭਾਲ ਸਕੋ। ਅਗਰ ਤੁਸਾਂ ਨਿਆਣਿਆਂ ਨੂੰ ਵੀ ਜਨਮ ਦੇਣਾ ਹੈ ਤਾਂ ਨੇਕ ਔਲਾਦ ਨੂੰ ਜਨਮ ਦਿਉ। ਉਹ ਨੇਕ ਔਲਾਦ ਤੁਹਾਡੀ ਕਦੋਂ ਬਣੇਗੀ ਜਦੋਂ ਤੁਸੀ ਸ਼ਰਾਬ ਮੀਟ ਬੰਦ ਕਰ ਦਿਉਗੇ। ਜਿਹੋ ਜਿਹਾ ਤੁਸੀ ਮੀਟ ਖਾਉਗੇ ਭਾਵ ਜਿਸ ਜਾਨਵਰ ਦਾ ਤੁਸੀ ਮੀਟ ਖਾਉਗੇ ਉਹੋ ਜਿਹੀ ਤੁਹਾਡੇ ਘਰ ਔਲਾਦ ਪੈਦਾ ਹੋਵੇਗੀ। ਉਹਦੀ ਬੁਧੀ ਹੀ ਉਹੋ ਜਿਹੀ ਹੋਵੇਗੀ ਕਿਉਂਕਿ ਤੁਹਾਡੀ ਬੁਧੀ ਉਹੋ ਜਿਹੀ ਹੈ। ਕਿਉਂ ਤੁਹਾਡੇ ਬਚੇ ਕਮਜੋਰ ਹਨ? ਕਿਉਂ ਬੀਮਾਰ ਹਨ? ਕਿਉਂ ਇੰਨੇ ਰੋਗ ਲਗੇ ਹੋਏ ਹਨ? ਅਜ ਤੋ 15-20 ਸਾਲ ਪੁਰਾਣੇ ਬਜੁਰਗ ਨੂੰ ਵੇਖੋ ਕਿ ਉਹਨੂੰ ਕਿਉਂ

ਨਹੀਂ ਅਜ ਤਕ ਕਦੇ ਹਾਰਟ ਅਟੈਕ (ਦਿਲ ਦਾ ਦੌਰਾ) ਹੋਇਆ। ਪਰ ਤੁਹਾਡੇ ਜੰਮਦੇ ਨਿਆਣਿਆਂ ਨੂੰ ਕਿਉਂ ਹੋ ਗਿਆ ਹੈ? ਕੀ ਕਦੇ ਤੁਸੀ ਵੇਖਿਆ ਹੈ? ਤੁਹਾਡੇ ਜੰਮਦੇ ਨਿਆਣਿਆਂ ਦੀਆਂ ਕਿਡਨੀਆਂ ਕਿਉਂ ਖਰਾਬ ਹੋ ਗਈਆਂ? ਤੁਹਾਡੇ ਜੰਮਦੇ ਨਿਆਣੇ ਨੂੰ ਸਾਹ ਕਿਉਂ ਚੜ੍ਹਨ ਲਗ ਪਿਆ ਜਾਂ ਉਹਦੇ ਫੇਫੜੇ ਕਿਉਂ ਗਲ ਗਏ? ਕੀ ਕਦੇ ਤੁਸਾਂ ਇਹ ਸੋਚਿਆ ਹੈ? ਕਿਆ ਇਹ ਤੁਹਾਡੇ'ਚ ਕਮਜ਼ੋਰੀ ਆ ਗਈ ਹੈ ਜਾਂ ਡਾਕਟਰਾਂ'ਚ ਆ ਗਈ ਹੈ। ਜਾਂ ਤਾਂ ਫਿਰ ਇਹ ਹੋ ਗਿਆ ਹੈ ਕਿ ਜਿਸ ਤਰ੍ਹਾਂ ਪੁਲਸ ਵਾਲੇ ਮੁਜਰਮ ਨੂੰ ਫੜਕੇ ਬਾਅਦ'ਚ ਉਸਨੂੰ ਜੇਲ'ਚ ਬੰਦ ਕਰਕੇ ਵੱਡਾ ਮੁਜਰਮ ਬਣਾਕੇ ਬਾਹਰ ਕਢਦੇ ਹਨ। ਇਸੇ ਤਰ੍ਹਾਂ ਹੀ ਡਾਕਟਰ ਆਪਣੇ ਕੋਲ ਮਰੀਜ ਨੂੰ ਬੁਲਾਕੇ ਮੁਰਦਾ ਬਣਾਕੇ ਤੋਰ ਦਿੰਦੇ ਹਨ ਕਿ ਚਲ ਬਈ ਤੁਰਿਆ ਫਿਰ ਗੋਲੀਆਂ ਦੇ ਸਹਾਰੇ। ਤੁਸੀ ਕਦੇ ਇਹ ਸੋਚਿਆ ਹੈ ਕਿ ਕਿਉਂ ਇਹ ਰੋਗ ਲਗ ਰਹੇ ਹਨ? ਇਹਦੀ ਵਜ੍ਹਾ ਕੀ ਹੈ? ਕਿਉਂਕਿ ਤੁਸੀ ਆਪਣੀ ਅਸਲ ਖੁਰਾਕ ਛਡ ਗਏ ਹੋ। ਜੇ ਕਿਤੇ ਸ਼ੇਰ ਨੂੰ ਖੀਰ ਖਵਾਉਣੀ ਸ਼ੁਰੂ ਕਰ ਦਿਉ ਤਾਂ ਉਹ ਸ਼ੇਰ ਤੋਂ ਨਿੱਕਾ ਜਿਹਾ ਗਿਦੜ ਬਣ ਜਾਏਗਾ। ਜਿਸ ਤਰ੍ਹਾਂ ਪੰਜਾਬ ਦੀ ਅਸੀਂ ਇਕ ਸਾਖੀ ਸੁਣਾਉਂਦੇ ਹੁੰਦੇ ਹਾਂ ਕਿ ਜੇ ਕਿਸੇ ਚੀਜ਼ ਦੇ ਬਾਰੇ ਝੂਠ ਹੀ ਬੋਲਣਾ ਹੋਵੇ ਤਾਂ ਸਿਰਫ example ਹੀ ਦੇਣੀ ਹੁੰਦੀ ਹੈ। ਦੋ ਭਰਾ ਸਨ ਔਰ ਉਹ ਦੋਵੇਂ ਹੀ ਮਰਾਸੀ ਸਨ। ਮਰਾਸੀ ਬਹੁਤ ਹੁਜਤੀ ਹੁੰਦੇ ਹਨ। ਪੁਰਾਣੇ ਵਕਤ ਦੇ ਜਮਾਨੇ ਵਿਚ ਕਜੋਂ ਪਿੰਡ'ਚ ਠਾਣੇਦਾਰ ਆ ਜਾਂਦਾ ਸੀ ਤਾਂ ਲੋਕ ਡਰਦੇ ਬਹੁਤ ਹੰਦੇ ਸਨ। ਇਕ ਦਿਨ ਪਿੰਡ'ਚ ਠਾਣੇਦਾਰ ਆ ਗਿਆ। ਉਸਨੇ ਨੰਬਰਦਾਰ ਨੂੰ ਬੁਲਾਇਆ ਔਰ ਕਿਹਾ ਕਿ ਨੰਬਰਦਾਰ ਸਾਹਿਬ ਅਸੀਂ ਇਥੇ ਰਾਤ ਕਟਣੀ ਹੈ ਕਿਉਂਕਿ ਸਵੇਰੇ ਅਸਾਂ ਅਗਲੇ ਪਿੰਡ ਛਾਪਾ ਮਾਰਨਾ ਹੈ। ਬਾਕੀ ਆਹ ਸਾਡਾ ਘੋੜਾ ਹੈ। ਤੁਸੀ ਆਪਣਾ ਬੰਦਾ ਬਲਾਉ ਤੇ ਉਸਨੂੰ ਕਹੋ ਕਿ ਘੋੜੇ ਦਾ ਖਿਆਲ ਰਖੇ। ਨੰਬਰੰਦਾਰ ਨੇ ਦੋਵੇਂ ਦਾਦੇ ਮੰਗਾਏ ਜੋ ਦੋਵੇਂ ਭਰਾ ਸਨ ਔਰ ਉਨ੍ਹਾਂ ਨੇ ਕਿਹਾ ਕਿ ਭਾਈ ਦਾ-ਦਿਓ ਆਹ ਸਾਹਿਬ ਦਾ ਘੋੜਾ ਹੈ ਇਹਦਾ ਧਿਆਨ ਰਖਿਉ। ਉਨ੍ਹਾਂ ਨੂੰ ਸਾਹਿਬ ਕਹਿਣ ਲਗੇ ਕਿ ਬਈ ਘੋੜੇ ਦਾ ਚੰਗੀ ਤਰ੍ਹਾਂ ਨਾਲ ਖਿਆਲ ਰਖਣਾ ਅਗੋਂ ਉਹ ਦਾਦੇ ਕਹਿਣ ਲਗੇ ਸਾਹਿਬ ਅਗਰ ਜੇ ਕੋਈ ਕੁਝ ਹੋ ਜਾਏ ਤਾਂ ਸਾਨੂੰ ਫਿਟੇ ਮੂੰਹ ਆਖਿਉ। ਉਨ੍ਹਾਂ ਕਿਹਾ ਕਿ ਬਈ ਇਹਨੂੰ ਖਰਕਣਾ ਵੀ ਕਰ ਦਿਉ। ਖਰਕਣਾ ਮੀਨਜ਼ ਮਾਲਸ਼ ਕਰਨੀ। ਜਨਾਬ (ਠਾਣੇਦਾਰ) ਸੌਂ ਗਏ ਔਰ ਉਹ ਵੀ ਦੋਵੇਂ ਭਰਾ ਸੌਂ ਗਏ। ਘੋੜੇ ਨੂੰ ਚੋਰ ਖੋਹਲ ਕੇ ਲੈ ਗਿਆ। ਉਹ ਉਠੇ ਤਾਂ ਬੜੇ ਹੈਰਾਨ ਹੋਏ ਕਿ ਘੋੜਾ ਕਿਥੇ ਗਿਆ ਹੈ? ਉਨ੍ਹਾਂ

ਸੋਚਿਆ ਕਿ ਸਾਹਿਬ ਨੇ ਉਠਦਿਆਂ ਸਾਰ ਹੀ ਸਾਡਾ ਤੂੰਬਾ ਉਦੇੜ ਦੇਣਾ ਹੈ। ਭਾਵ ਉਸਨੇ ਮਾਰ 2 ਸਾਡੇ ਕੱਖ ਨਹੀਂ ਛਡਣਾ। ਉਨ੍ਹਾਂ ਕੀ ਕੀਤਾ? ਭਜ ਨਸ ਕੇ ਇਕ ਖਰਗੋਸ਼ ਫੜ ਲਿਆ। ਖਰਗੋਸ਼ ਦੇ ਵੀ ਕੰਨ ਘੋੜੇ ਵਾਂਗੂੰ ਖੜੇ ਹੁੰਦੇ ਹਨ, ਬਿਲਕੁਲ ਉਹਦੀ ਡੀਟੋ ਕਾਪੀ ਹੈ। ਉਨ੍ਹਾਂ ਘੋੜੇ ਦੀ ਜਗ੍ਹਾ ਉਸਨੂੰ ਰੱਸਾ ਪਾ ਕੇ ਬੰਨ ਦਿੱਤਾ। ਸਾਹਿਬ ਉਠੇ ਤਾਂ ਉਨ੍ਹਾਂ ਕਿਹਾ ਕਿ ਸਾਹਿਬ ਸਾਨੂੰ ਫਿਟੇ ਮੂੰਹ ਆਖੇ ਅਸੀ ਘਰ ਜਾਣਾ ਹੈ। ਅਗੋਂ ਉਹ ਉੱਠ ਕੇ ਕਹਿਣ ਲਗੇ ਕਿ ਭਲੇਮਾਨਸੋ ਤੁਹਾਨੂੰ ਕੀ ਹੋਇਆ ਹੈ, ਅੱਗੋਂ ਉਹ ਕਹਿਣ ਲੱਗੇ ਕਿ ਜਨਾਬ ਅਸੀਂ ਘਰ ਜਾਣਾ ਸਾਡਾ ਟਾਈਮ ਹੋ ਗਿਆ ਹੈ ਕੁਕੜ ਨੇ ਬਾਂਗ ਦੇ ਦਿੱਤੀ ਹੈ। ਉਹ ਕਹਿਣ ਲਗਾ ਕਿ ਜੇ ਕੁਕੜ ਨੇ ਬਾਂਗ ਦੇ ਦਿੱਤੀ ਤਾਂ ਫਿਰ ਕੀ ਹੋਇਆ? ਉਨ੍ਹਾਂ ਕਿਹਾ ਕਿ ਸਾਹਿਬ ਆਪਣਾ ਘੋੜਾ ਸਾਂਭ ਲਉ ਅਸੀਂ ਚਲੇ ਹਾਂ। ਉਹ ਕਹਿਣ ਲਗਾ ਘੋੜਾ ਹੈ ਕਿਥੇ ਜੇ? ਉਹਨਾਂ ਕਿਹਾ ਕਿ ਜਨਾਬ ਆਹ ਵੇਖੋ ਬੈਠਾ, ਅਗੇ ਖਰਗੋਸ਼ ਬੈਠਾ ਸੀ। ਸਾਹਿਬ ਕਹਿਣ ਲਗਾ ਕਿ ਉਏ ਤੁਹਾਡਾ ਬੇੜਾ ਗਰਕ। ਆਹ ਕੋਈ ਘੋੜਾ ਹੈ? ਉਹ ਕਹਿਣ ਲਗੇ ਕਿ ਜਨਾਬ ਹੋਰ ਕੀ ਜੇ?

ਤੁਸੀਂ ਆਪੇ ਹੀ ਤਾਂ ਕਿਹਾ ਸੀ ਕਿ ਇਹਨੂੰ ਖਰਕਣਾ ਕਰਿਉ, ਸੋ ਅਸਾਂ ਖਰਕਣਾ ਕਰਨਾ ਸ਼ੁਰੂ ਕੀਤਾ ਤਾਂ ਘਸ ਘਸ ਕੇ ਇਹ ਸਿਰਫ ਇੰਨਾ ਕੁ ਹੀ ਰਹਿ ਗਿਆ ਹੈ। ਭਾਵ ਸਿਰਫ ਕਹਿਵਣ ਦਾ ਇਹ ਹੈ ਕਿ ਇਸੇ ਤਰ੍ਹਾਂ ਦਾ ਹੀ ਸਾਡਾ ਹਾਲ ਹੈ। ਅਸੀਂ ਆਪਣੇ ਆਪਨੂੰ ਬੰਦੇ ਬਣਾਈ ਬੈਠੇ ਹਾਂ। ਪਰ ਬਦੀਆਂ ਛਡਦੇ ਨਹੀਂ, ਬੁਰਾਈਆਂ ਛਡਦੇ ਨਹੀਂ ਫਿਰ ਆਪਣੇ ਆਪਨੂੰ ਬੰਦੇ ਅਖਵਾਉਂਦੇ ਹਾਂ। ਇਸੇ ਤਰ੍ਹਾਂ ਹੀ ਸਾਨੂੰ ਵੀ ਧਰਮਰਾਜ ਨੇ ਇੰਨਾ ਕੁ ਹੀ ਰੱਸ ਪਾ ਕੇ ਕਿਸੇ ਕੋਨੇਂ'ਚ ਬੈਠਾ ਛਡਣਾ ਹੈ ਔਰ ਕਹਿਣਾ ਹੈ ਕਿ ਇਹਨੂੰ ਵੀ ਸਹੁਰੀ ਦੇ ਨੂੰ ਇਸੇ ਤਰ੍ਹਾਂ ਹੀ ਟੰਗੋ। ਇਸ ਲਈ ਤੁਸੀ ਮੁੜ ਜਾਉ ਚੰਗੇ ਰਹੋਗੇ । ਬਾਕੀ ਰਬ ਦਾ ਸਿਲਸਿਲਾ ਸਿਰਫ ਇਕੋ ਹੀ ਹੈ ਕਿ ਤੁਸੀਂ ਆਪਣੇ ਆਪਨੂੰ ਉਚਾ ਤੇ ਮਹਾਨ ਬਨਾਉਣ ਦੀ ਕੋਸ਼ਿਸ਼ ਕਰੋ।

***ਭਗਤ ਹੇਤਿ ਮਾਰਿਉ ਹਰਨਾਖਸ਼, ਨਰਸਿੰਘ ਰੂਪ ਹੋਇ ਦੇਹ ਧਰਿਉ।।***

***ਨਾਮਾ ਕਹੈ ਭਗਤਿ ਬਸਿ ਕੇਸਵ, ਅਜਹੂੰ ਬਲਿਕੇ ਦੁਆਰ ਖਰੋ।।***

*(ਅੰਗ 1104)*

ਦੇਖੋ ਨਾਮ ਦੇਵ ਜੀ ਬਾਬਤ ਤਾਂ ਅਸੀਂ ਆਪਨੂੰ ਪਹਿਲੋਂ ਬਿਆਨ ਕਰ ਹੀ ਚੁੱਕੇ ਹਾਂ। ਇਨ੍ਹਾਂ ਗਰਤ ਮਾਤ ਚੋਂ ਜਨਮ ਨਹੀ ਲਿਆ ਜਿਸ ਤਰ੍ਹਾਂ ਕਿ ਕਰਾਈਸਟ ਨੇ ਨਹੀਂ ਲਿਆ,

ਪਰ ਉਨ੍ਹਾਂ ਤਾ ਫਿਰ ਵੀ ਕਵਾਰੀ ਔਰਤ ਮੈਰੀ ਦੀ ਕੁਖੋਂ ਜਨਮ ਲਿਆ ਹੈ। ਪਰ ਇਨ੍ਹਾਂ ਤਾਂ ਸਿੱਪ ਚੋਂ ਜਨਮ ਲਿਆ ਹੈ। ਭਾਵ ਜਿਹੜੇ ਸਮੁੰਦਰਾਂ'ਚ ਵਡੇ ਵਡੇ ਸਿੱਪ ਹੁੰਦੇ ਹਨ। ਨਾਂ ਕਿ ਕਿਸੇ ਮਾਤ ਗਰਭ ਚੋਂ। ਪਿਤਾ ਕਾਮਦੇਵ ਸਨ। ਉਨ੍ਹਾਂ ਦੀ ਔਲਾਦ ਨਹੀ ਸੀ। ਔਰ ਉਹ ਬ੍ਰਹਮਚਾਰੀ ਸਨ। ਉਨ੍ਹਾਂ ਦੀ ਸਕੀ ਭੈਣ ਦੀ ਝੋਲੀ'ਚ ਉਹਨਾਂ ਨੂੰ (ਨਾਮਦੇਵ ਨੂੰ) ਉਹਦਾ ਪੁਤਰ ਬਣਾ ਕੇ ਪਾਇਆ ਗਿਆ ਸੀ। ਰਬ ਦੇ ਕੌਤਕ ਦੇਖੋ। ਉਹ ਆਪਣੇ ਉਪਦੇਸ਼'ਚ ਕਹਿ ਰਹੇ ਹਨ ਕਿ ਹਰਨਾਕਸ਼ ਨੇ ਆਪਣੇ ਪੁੱਤਰ ਨੂੰ ਜੁਲਮ ਥਲੇ ਰਖਿਆ। ਉਹ ਕਾਹਦੇ ਲਈ? ਸਿਰਫ ਪ੍ਰਮਾਤਮਾ ਨੂੰ ਦੇਖਣ ਲਈ, ਹਰੀ ਦੇ ਦਰਸ਼ਨ ਕਰਨ ਲਈ ਔਰ ਉਹਦੇ ਕੋਲੋਂ ਬਦਲਾ ਲੈਵਣ ਦੇ ਲਈ। ਕਹਿੰਦੇ ਹਨ ਕਿ ਉਸਨੇ ਇਨੇ ਜ਼ੁਲਮ ਕੀਤੇ ਫਿਰਵੀ ਪ੍ਰਮਾਤਮਾ ਨੇ ਉਹਨੂੰ ਆਪਣੇ ਦਰਸ਼ਨ ਨਹੀ ਦਿੱਤੇ। ਸਿਰਫ ਉਹਦੇ ਪੁੱਤਰ ਦੀ ਪੁਕਾਰ ਅਤੇ ਆਪਣੇ ਭਗਤ ਦੇ ਸਹਾਰੇ ਲਈ, ਮਦਦ ਲਈ ਉਨ੍ਹਾਂ ਨਰਸਿੰਘ ਦਾ ਜਨਮ ਧਾਰਨ ਕੀਤਾ। ਜੇ ਤੁਸੀਂ ਕਹੋ ਕਿ ਰਬ ਨੂੰ ਵੰਗਾਰ ਕੇ ਜਾਂ ਜੁਲਮ ਕਰਕੇ ਜਾਂ ਕਿਸੇ ਬਾਹਰੀ ਚੀਜ਼ ਨਾਲ ਦਬਾ ਕੇ ਉਹਦਾ ਰੂਪ ਵੇਖ ਲਉ ਕਿ ਉਹ ਕੌਣ ਹੈ? ਤਾਂ ਉਹ ਹਰਗਿਜ਼ ਨਹੀਂ ਹੋ ਸਕੇਗਾ। ਨਾਂ ਉਸ ਇਸ ਤਰ੍ਹਾਂ ਆਪਣੇ ਦਰਸ਼ਨ ਦੇਣੇ ਔਰ ਨਾਂ ਕੁਝ ਦਿਖਾਣਾ। ਜੇ ਤੁਹਾਡੇ ਪਿਆਰ ਦੇ ਵਿਚ ਔਰ ਤੁਹਾਡੀ ਭਗਤੀ ਦੇ ਵਿਚ ਆ ਕੇ, ਤੁਹਾਡੇ ਇਸ ਸਰੀਰ ਰਜ਼ਪੀ ਭਾਂਡੇ ਵਿਚ ਉਹ ਵਸ ਸਕਦਾ ਹੈ ਤਾਂ ਕੀ ਉਹ ਤੁਹਾਡੇ ਉਹ ਪਖੰਡ ਨੂੰ ਨਹੀਂ ਜਾਣੇਗਾ? ਜਿਸ ਪ੍ਰਮਾਤਮਾ ਨੂੰ ਤੁਸੀ ਰਾਮ ਨਾਮ ਨਾਲ ਜਾਣਿਆ ਹੈ ਅਸੀਂ ਉਸਨੂੰ ਨਾਨਕ ਨਾਮ ਨਾਲ ਜਾਣਦੇ ਹਾਂ। ਉਹਦੇ ਰਾਹੀਂ ਜੋ ਤੁਹਾਨੂੰ ਸਿਖਿਆ ਦੇ ਤੌਰਤੇ ਤਾਲੀਮ ਦਿੱਤੀ ਜਾਂਦੀ ਹੈ ਜਾਂ ਦਸਿਆ ਜਾ ਰਿਹਾ, ਸਮਝਾਇਆ ਜਾ ਰਿਹਾ ਹੈ ਉਹ ਮਨੁਖਤਾ ਦੇ ਅਧਾਰ ਲਈ ਹੈ, ਸੁਧਾਰ ਲਈ ਹੈ, ਮਨੁਖਤਾ ਦੇ ਮਾਣ ਅਤੇ ਮਰਿਯਾਦਾ ਲਈ ਹੈ। ਤੁਸੀਂ ਆਪਣੀਆਂ ਰਾਹਾਂ ਖੁੰਝ ਗਏ ਹੋ, ਆਪਣੇ ਰਸਤੇ ਭੁਲ ਗਏ ਹੋ, ਤੁਸੀ ਆਪਣੇ ਈਮਾਨ ਨੂੰ ਛਡ ਬੈਠੇ ਹੋ, ਆਪਣੇ ਨਿਸ਼ਾਨਾਂ ਨੂੰ ਖਤਮ ਕਰ ਬੈਠੇ ਹੋ, ਆਪਣੇ ਗੁਜਰਾਨ ਖਤਮ ਕਰ ਬੈਠੇ ਹੋ। ਔਰਤ ਤੁਹਾਡੀ ਈਮਾਨ ਸੀ, ਔਲਾਦ ਤੁਹਾਡੀ ਨਿਸ਼ਾਨ ਸੀ, ਦੌਲਤ ਤੁਹਾਡੀ ਗੁਜ਼ਰਾਨ ਸੀ, ਤੁਸੀਂ ਵੀ ਤਾਂ ਫਕੀਰ ਹੀ ਹੋ। ਨਾਂ ਤੁਸੀ ਹਿੰਦੂ ਨਾਂ ਮੁਸਲਮਾਨ। ਤੁਸੀ ਸਿਰਫ ਇਕ ਇਨਸਾਨ ਹੋ, ਇਨਸਾਨ ਹੀ ਇਕ ਫਕੀਰ ਹੈ। ਕੁਝ ਫਕੀਰ ਤੁਹਾਡੇ ਘਰਾਂ ਤੋਂ ਮੰਗਦੇ ਹਨ, ਤੁਸੀ ਰਬ ਦੇ ਘਰ ਤੋਂ ਮੰਗ ਲਉ ਫਰਕ ਤਾਂ ਸਿਰਫ ਇੰਨਾ ਕੁ ਹੀ ਹੈ। ਕੰਨ ਸਿੱਧਾ ਨਹੀ ਫੜਨਾ ਤਾਂ ਪੁਠਾ ਫੜ ਲਿਆ, ਮੰਗਿਆ ਤਾਂ ਹੈ। ਇਕ ਨੇ ਤੁਹਾਡੇ ਘਰਾਂ

ਤੋਂ ਆ ਕੇ ਮੰਗ ਲਿਆਂ ਤਾਂ ਉਹ ਤੁਹਾਡਾ ਫਕੀਰ ਬਣ ਗਿਆ, ਤੁਸੀ ਰਬ ਦੇ ਘਰੋਂ ਜਾ ਕੇ ਮੰਗ ਲਿਆ ਤਾਂ ਤੁਸੀ ਉਹਦੇ ਫਕੀਰ ਬਣ ਗਏ। ਸਾਹਿਬ ਤਾਂ ਆਖਦੇ ਹਨ ਕਿ ਬਈ ਉਹ ਦਾਤਾ ਹੈ ਤਾਂ ਅਸੀ ਸਭ ਉਹਦੇ ਭਿਖਾਰੀ ਹਾਂ। ਉਹ ਦੇਵਣਯੋਗ ਹੈ ਅਸੀ ਮੰਗਣ ਯੋਗ ਹਾਂ। ਸਾਹਿਬ ਦੇ ਤਾਂ ਮਜਬੂਨ'ਚ ਵੀ ਆਉਂਦਾ ਹੈ:-

*ਜੋ ਮਾਂਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।।*

*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾਂ ਊਹਾਂ ਸਚੁ ਹੋਵੈ।।*

*(ਅੰਗ 921)*

ਸਵਾਲ ਸਿਰਫ ਹੁਣ ਆਖਰ ਤੇ ਇਹ ਹੈ ਕਿ ਤੁਸੀ ਵੇਖ ਲਉ ਕਿ ਕੀ ਕਰਨਾ ਹੈ? ਭਗਤੀ ਤਾਂ ਤੁਹਾਡੇ ਕੋਲੋਂ ਵਾਰਾ ਨਹੀਂ ਖਾਣੀ, ਸਾਧੂ ਸੰਤ ਤੁਸਾਂ ਬਣਨਾ ਨਹੀਂ, ਇਹ ਤਾਂ ਤੁਹਾਨੂੰ ਵਾਰਾ ਹੀ ਨਹੀਂ ਖਾਣਾ। ਪਰ ਸਾਂਝਾਂ ਤੇ ਸਾਂਝ ਪਾਵਣ ਦੇ ਲਈ ਅਸੀ ਤੁਹਾਨੂੰ ਰਾਹ ਦਸ ਰਹੇ ਹਾਂ। ਉਹ ਰਾਹ ਹੈ ਤੁਹਾਡਾ ਪਿਆਰ ਦਾ, ਨਾਂ ਕਿ ਹਥਿਆਰ ਦਾ। ਸੋ ਤੁਸੀਂ ਜਾਗੋ, ਸਚ ਨੂੰ ਪਛਾਨਣ ਦੀ ਕੋਸ਼ਿਸ਼ ਕਰੋ, ਝੂਠ ਦਾ ਸਾਥ ਮਤ ਦਿਉ, ਨਫਰਤ ਈਰਖਾ ਦਾ ਸਾਥ ਮਤ ਦਿਉ। ਸਮਾਜ ਤੁਹਾਡਾ ਕੋਈ ਨਹੀ ਹੈ? ਤੁਸੀ ਖੁਦ ਸਮਾਜ ਹੋ। ਬੌਰਾਦਰੀ ਤੁਹਾਡੀ ਕੋਈ ਨਹੀ ਹੈ ਤੁਸੀ ਖੁਦ ਬਰਾਦਰੀ ਹੋ, ਕਿਉਂਕਿ ਤੁਸੀ ਬੰਦੇ ਹੋ! ਸਾਥ ਤੁਹਾਡਾ ਕੋਈ ਨਹੀ ਹੈ ਤੁਸੀ ਸਭ ਦੇ ਸਾਥੀ ਹੋ। ਨਹੀਂ ਤਾਂ ਤੁਸੀ ਵੇਖ ਲਉ ਅਜ ਜੇ ਤੁਸੀਂ ਕਿਸੇ ਸਾਕ ਦੇ ਦੁਖ ਸੁਖ ਤੇ ਨਾ ਪਹੁੰਚੋ ਤਾਂ ਤੁਹਾਡੇ ਕੋਈ ਨਹੀਂ ਵੜੇਗਾ।ਕਿਸੇ ਸਮਾਜ ਕੋਲੋਂ ਮੱਤ ਡਰੋ, ਖੁਦ ਆਪਣਾ ਸਮਾਜ ਆਪ ਬਣਾਉ। ਜਿਸ ਤਰ੍ਹਾਂ ਅਜ ਵੀ ਪਹਿਲਾਂ ਅਸੀ ਇਕ ਗੁਰਮੁਖ ਨਾਲ ਗਲ ਕਰ ਰਹੇ ਸੀ ਕਿ ਉਹੋ ਰਾਮ ਜਿਹੜਾ ਆਪਣੀ ਸੀਤਾ ਦੇ ਜੁਦਾ ਹੋਵਣ ਤੇ ਪੱਤੇ ਪੱਤੇ ਦਰਖਤ ਦਰਖਤ ਨੂੰ ਪੁਛਦਾ ਹੈ ਕਿ ਮੇਰੀ ਸੀਤਾ ਕਿਥੇ ਹੈ? ਕਿਆ ਉਸ ਵਕਤ ਉਹ ਪਤੀ ਸੀ ਭਗਵਾਨ ਸੀ, ਜਾਂ ਕੌਣ ਸਨ? ਉਹੀ ਰਾਮ ਜਿਹੜਾ ਆਪਣੇ ਮੁਖ ਤੋਂ ਬਾਰਾਂ ਸਾਲ ਦਾ ਬਨਵਾਸ ਦੇ ਰਿਹਾ ਹੈ ਔਰ ਇਕ ਵਾਰੀ ਵੀ ਉਸ ਪਾਸਾ ਪਰਤ ਕੇ ਨਹੀ ਵੇਖਿਆ। ਗੁਰੂ ਦੇ ਕਹਿਵਣ ਉਤੇ ਵੀ ਆਪਣੇ ਘਰ ਨਹੀ ਬੁਲਾਇਆ। ਉਸ ਵੇਲੇ ਕੀ ਕਾਰਨ ਸੀ? ਕੀ ਉਦੋਂ ਉਸਨੂੰ ਆਪਣੀ ਪਤਨੀ ਨਾਲ ਪਿਆਰ ਨਾਂ ਰਿਹਾ ਜਾਂ ਉਦੋਂ ਉਹ ਉਸਦੀ ਪਿਆਰੀ ਨਹੀ ਸੀ? ਨਹੀ! ਉਧਰ ਉਹ ਮਰਿਯਾਦਾ ਸੀ ਔਰ ਦੂਜੇ ਪਾਸੇ ਉਹ ਉਹਦੀ ਅਮਾਨਤ ਸੀ। ਬਨਵਾਸ ਰਾਮ ਨੂੰ ਮਿਲਿਆ ਸੀ ਸੀਤਾ ਨੂੰ ਨਹੀਂ। ਉਹ ਅਮਾਨਤ ਤੌਰ ਤੇ ਉਨ੍ਹਾਂ ਨਾਲ

ਗਈ ਸੀ। ਜਿਸ ਕਰਕੇ ਉਨ੍ਹਾਂ ਦਾ ਫਰਜ਼ ਬਣਦਾ ਸੀ ਕਿ ਉਹ ਸੀਤਾ ਦੀ ਰਖਿਆ ਕਰਦੇ ਕਿਉਂਕਿ ਉਨ੍ਹਾਂ ਪਾਸੋਂ ਉਨ੍ਹਾਂ ਦੀ ਚੀਜ਼ ਗਵਾਚ ਗਈ ਸੀ। ਜਿਸ ਤਰ੍ਹਾਂ ਕਿਤੇ ਤੁਹਾਡੇ ਪੰਜ ਪੌਂਡ ਗਵਾਚ ਜਾਣ ਤਾਂ ਤੁਸੀਂ ਰੌਲਾ ਪਾਈ ਜਾਂਦੇ ਹੋ ਪਰ ਸ਼ਰਾਬ ਪੀ ਕੇ ਜੇ ਪੰਜਾਹ ਪੌਂਡ ਗਵਾਚ ਜਾਣ ਤਾਂ ਤੁਸੀਂ ਰੌਲਾ ਹੀ ਨਹੀਂ ਪਾਉਂਦੇ। ਉਹੋ ਪੰਜ ਪੌਂਡ ਜੇ ਕਿਤੇ ਤੁਹਾਡੇ ਘਰ ਡਿਗ ਪੈਣ ਤਾਂ ਸਾਰੇ ਘਰ ਦੇ ਹੀ ਕੁਟਣੇ ਸ਼ੁਰੂ ਕਰ ਦਿੰਦੇ ਹੋ ਪਰ ਸ਼ਰਾਬ ਪੀ ਕੇ ਭਾਵੇਂ 500 ਗਵਾ ਆਉ ਘਰ ਕਿਸੇ ਨੂੰ ਦਸਣਾ ਹੀ ਨਹੀਂ। ਸੋ ਉਸ ਵਕਤ ਇਸ ਤਰ੍ਹਾਂ ਦੇ ਉਨ੍ਹਾਂ ਦੇ ਹਾਲਾਤ ਸਨ। ਬਾਰਾਂ ਸਾਲ ਦਾ ਬਨਵਾਸ ਉਨ੍ਹਾਂ ਦੀ ਮਰਯਾਦਾ ਸੀ। ਦੁਨੀਆਂ ਵਿਚ ਉਨ੍ਹਾਂ ਮਰਯਾਦਾ ਕਾਇਮ ਕਰਨੀ ਸੀ। ਅਜ ਜਿਨ੍ਹਾਂ ਬੰਧਨਾਂ ਵਿੱਚ ਅਸੀਂ ਬੈਠੇ ਹਾਂ ਜਾਂ ਜਕੜੇ ਗਏ ਹਾਂ ਉਹ ਸਾਡੇ ਈਮਾਨ ਤੋਂ ਟੁੱਟ ਚੁੱਕੇ ਹਨ। ਭਾਵੇਂ ਤੁਸੀਂ ਔਰਤਾਂ ਹੋ ਜਾਂ ਮਰਦ ਹੋ, ਪਰ ਔਰਤੋਂ ਤੁਸੀਂ ਵੀ ਮਰਦ ਬਣੋ ਔਰ ਮਰਦਾਂ ਨੂੰ ਵੀ ਮਰਦ ਹੀ ਰਹਿਣ ਦਿਉ। ਆਪਣੀਆਂ ਪੁਰਾਣੀਆਂ ਤਵਾਰੀਖਾਂ ਵੇਖੋ ਕਿ ਔਰਤਾਂ ਨੇ ਕਿਹੜੇ 2 ਕਰਮ ਕਮਾਏ ਹਨ। ਤੁਸੀਂ ਇਨਸਾਨ ਦੀ ਸ਼ਕਤੀ ਹੋ, ਪ੍ਰਮਾਤਮਾ ਦਾ ਇਸ਼ਟ ਹੋ ਤਾਂ ਹੀ ਤੁਹਾਨੂੰ ਇਸਤ੍ਰੀ ਕਿਹਾ ਗਿਆ ਹੈ। ਸੋ ਤੁਸੀਂ ਮਾੜੀਆਂ ਰਾਹਾਂ ਤੇਂ ਛੋਟੀਆਂ ਮੋਟੀਆਂ ਥਾਵਾਂ ਤੇ ਆਪਣੇ ਆਪਨੂੰ ਗੁੰਮਰਾਹ ਨਾਂ ਕਰੋ ਔਰ ਗਲਤ ਰਾਹਾਂ ਤੇ ਨਾ ਪਵੋ। ਔਰਤਾਂ ਦਾ ਧਰਮ ਨਹੀਂ ਹੈ ਕਿ ਉਹ ਮੀਟ, ਮੱਛੀ ਔਰ ਸ਼ਰਾਬ ਪੀਣ। ਤੁਹਾਡੀਆਂ ਸੁਸਾਇਟੀਆਂ, ਪਾਰਟੀਆਂ ਇਹ ਜੋ ਕੁਝ ਵੀ ਹਨ, ਤੁਹਾਡੇ ਈਮਾਨ ਨੂੰ ਗਲਤ ਕਰ ਰਹੀਆਂ ਹਨ। ਇਸ ਤਰ੍ਹਾਂ ਤੁਸੀਂ ਤਾਂ ਆਪਣੀਆਂ ਜ਼ਿੰਦਗੀਆਂ ਕੱਟ ਲਵੋਗੇ ਪਰ ਅਜ ਤੋਂ 15 ਸਾਲ ਬਾਅਦ'ਚ ਆਪਣੇ ਨਿਆਣਿਆਂ ਦਾ ਤੁਸੀਂ ਕੀ ਭਵਿਖ ਬਣਾਉਗੇ ? ਕੀ ਕਦੇ ਤੁਸੀ ਇਸ ਬਾਰੇ ਸੋਚਿਆ ਹੈ? ਇਹ ਨਹੀਂ ਕਿ ਤੁਸੀਂ ਹਿੰਦੁਸਤਾਨ ਚਲੇ ਜਾਉਗੇ ਕਿਉਂਕਿ ਤੁਸੀ ਹਿੰਦੁਸਤਾਨੀ ਹੋ। ਨਹੀਂ! ਤੁਸੀਂ ਕੋਈ ਵੀ ਹਿੰਦੁਸਤਾਨੀ ਨਹੀਂ ਹੋ ਔਰ ਨਾਂ ਤੁਸਾਂ ਕਦੇ ਜਾਣਾ ਹੈ। ਜੇ ਤੁਸੀਂ ਜਾਣ ਜੋਗੇ ਹੁੰਦੇ ਤਾਂ ਅਜ ਤੁਹਾਡੇ ਆਹ ਹਾਲਾਤ ਨਾ ਹੁੰਦੇ। ਤੁਸਾਂ ਤਾਂ ਉਮੀਦਾਂ ਹੀ ਲਾਹ ਛੱਡੀਆਂ ਹਨ। ਸੋ ਮੈਂ ਤੁਹਾਨੂੰ ਏ ਨੇ ਲਫਜ਼ਾਂ'ਚ ਨਾਂ ਕੁਝ ਲਿਆਉਂਦਾ ਜਾ ਕਹਿੰਦਾ ਹੋਇਆ ਸਿਰਫ ਇਹੋ ਹੀ ਕਹਾਂਗਾ ਕਿ ਤੁਸੀਂ ਆਪਣੇ ਆਪਨੂੰ ਉੱਚਾ ਔਰ ਸੁਚੱਜਾ ਬਣਾਉ। ਤੁਸੀਂ ਇਸ ਤਰ੍ਹਾਂ ਕਰਨ ਨਾਲ ਚੰਗੇ ਰਹੋਗੇ ਬਾਕੀ ਸਾਨੂੰ ਤਾਂ ਕੋਈ ਫਰਕ ਨਹੀਂ ਪੈਣਾ। ਨਾਂ ਆਉਗੇ ਤਾਂ ਸਾਨੂੰ ਕੋਈ ਨੁਕਸਾਨ ਨਹੀਂ ਹੋਣਾ ਔਰ ਆਉਗੇ ਤਾਂ ਸਾਨੂੰ ਕੋਈ ਫਾਇਦਾ ਨਹੀਂ ਹੋਣਾ। ਸਿਰਫ ਇੰਨਾ ਕੁ ਜਰੂਰ ਹੈ ਕਿ ਜੇ ਤੁਸੀਂ ਇਥੇ ਆਕੇ ਆਪਣਾ ਸਿਧਾ ਰਸਤਾ ਲਭ ਲਿਆ

ਤਾਂ ਤੁਹਾਨੂੰ ਹੀ ਭਲਾ ਮਿਲਣਾ ਹੈ। ਸਾਨੂੰ ਕੀ ਮਿਲਣਾ ਹੈ? ਸਾਨੂੰ ਤੁਹਾਡੇ ਕੋਲੋਂ ਕੀ ਚਾਹੀਦਾ ਹੈ? ਕੀ ਰਬ ਚਾਹੀਦਾ ਹੈ? ਉਹ ਸਾਡੇ ਕੋਲ ਹੈ ਜਾਂ ਹੋਵੇਗਾ। ਜੇ ਪੈਸਾ ਧੇਲਾ ਚਾਹੀਦਾ ਹੈ ਤਾਂ ਉਹ ਹੋਵੇਗਾ ਤਾਂ ਹੀ ਤੁਹਾਡੇ ਕੋਲ ਆਕੇ ਬੈਠੇ ਹਾਂ। ਜੇ ਰੋਟੀ ਕੀ ਗਲ ਹੈ ਤਾਂ ਉਹ ਵੈਸੇ ਅਸੀ ਖਾ ਕੇ ਵੀ ਆਏ ਹਾਂ ਔਰ ਸ਼ਾਇਦ ਇਥੇ ਪੱਕੀ ਵੀ ਮਿਲ ਜਾਏ। ਸਾਨੂੰ ਤੁਹਾਡੇ ਕੋਲੋਂ ਫਿਰ ਕੀ ਚਾਹੀਦਾ ਹੈ? ਸਾਨੂੰ ਸਿਰਫ ਤੁਹਾਡੇ ਕੋਲੋਂ ਅਗਰ ਕੁਝ ਚਾਹੀਦਾ ਹੈ ਤਾਂ ਉਹ ਹੈ ਤੁਹਾਡੀ ਸਚਾਈ, ਤੁਹਾਡੇ ਉਨ੍ਹਾਂ ਲੋਕਾਂ ਦੇ ਸਾਥ ਜਿਹੜੇਂ ਲੋਕ ਤੁਹਾਡੇ ਸਹਾਰੇ ਨਹੀਂ ਪਰ ਤੁਸੀ ਉਨ੍ਹਾਂ ਦੇ ਸਹਾਰੇ ਬਣੋ, ਨਾਂ ਕਿ ਸਾਡੇ ਸਹਾਰੇ। ਹਾਂ ਅਗਰ ਸਾਡੇ ਵਲੋਂ ਤੁਹਾਨੂੰ ਕੋਈ ਜੱਗ ਜਾਂ ਰਬ ਦਾ ਸਾਂਥ ਚਾਹੀਦਾ ਹੈ ਤਾਂ ਰਬੀ ਤੌਰ ਤੇ ਉਸ (ਰਬ) ਨਾਲ ਸਾਡੀ ਥੋੜੀ ਬਹੁਤ ਵਾਕਫੀਅਤ ਹੈ। ਉਸ ਮੁਤਾਬਕ ਤੁਹਾਨੂੰ ਉਹ ਮਦਦ ਹੋ ਹੀ ਜਾਂਦੀ ਹੈ ਜਿਸ ਬਾਰੇ ਜੋ ਪੁਰਾਣੇ ਲੋਕ ਆਉਂਦੇ ਹਨ ਉਨ੍ਹਾਂ ਨੂੰ ਪਤਾ ਹੀ ਹੈ। ਬਾਕੀ ਜਿਹੜਾ ਜੱਗੀ ਸਹਾਰਾ ਹੈ ਉਹ ਅਸੀ ਤੁਹਾਡੇ ਨਾਲ ਸਹਿਮਤ ਹਾਂ। **ਅਸੀਂ ਤੁਹਾਡੇ ਰਬ ਨਹੀਂ, ਕੋਈ ਸੰਤ ਨਹੀਂ, ਕੋਈ ਸਾਧੂ ਨਹੀਂ ਪਰ ਤੁਸੀਂ ਜੋ ਸਾਨੂੰ ਮਰਜੀ ਕਹੀ ਜਾਵੋ। ਪਰ ਲੋਕ ਇਕ ਖਿਤਾਬ, ਸਾਨੂੰ 'ਮਹਾਰਾਜ' ਦਾ ਜਰੂਰ ਦਿੰਦੇ ਹਨ।** ਉਹ ਅਸੀ ਕਿਸੇ ਸਟੇਟ ਦੇ ਵੀ ਹੋ ਸਕਦੇ ਹਾਂ, ਕਿਸੇ ਟਊਨ ਦੇ ਵੀ ਹੋ ਸਕਦੇ ਹਾਂ। ਕਈ ਲੋਕ ਕਹਿੰਦੇ ਹਨ ਕਿ ਜੀ ਉਨ੍ਹਾਂ ਨੂੰ ਮਹਾਰਾਜ ਕਿਉਂ ਕਿਹਾ ਜਾਂਦਾ ਹੈ? ਬਈ ਮਹਾਰਾਜ ਤਾਂ ਕੋਈ ਕਿਸੇ ਸਟੇਟ ਦਾ ਵੀ ਤਾਂ ਹੋ ਸਕਦਾ ਹੈ। ਪੁਰਾਣੇ ਜਮਾਨੇ ਵਿਚ ਸਾਰੇ ਰਾਜੇ ਮਹਾਰਾਜੇ ਹੀ ਸਨ ਕਿ ਆਹ ਜੀ ਮਹਾਰਾਜਾ ਪਟਿਆਲਾ ਹੈ, ਆਹ ਜੀ ਮਹਾਰਾਜਾ ਰਾਮਪੁਰ ਹੈ, ਆਹ ਜੀ ਮਹਾਰਾਜਾ ਜੈ ਪੁਰ ਦਾ ਹੈ। ਮਹਾਰਾਜ ਤਾਂ ਤੁਸੀ ਕਈ ਵਾਰ ਆਮ ਸਧਾਰਨ ਲੋਕਾਂ ਨੂੰ ਵੀ ਕਹਿ ਦਿੰਦੇ ਹੋ ਕਿ ਮਹਾਰਾਜ ਜੀ ਕੀ ਹਾਲ ਹੈ? ਬਾਕੀ ਕਈ ਵਾਰ ਤੁਸੀਂ ਆਪਣੇ ਉਸਤਾਦ ਨੂੰ ਹੀ ਕਹਿ ਦਿੰਦੇ ਹੋ ਕਿ ਸੁਣਾ ਬਈ ਗੁਰੂ ਕੀ ਹਾਲ ਹੈ? ਸੋ ਇਨ੍ਹਾਂ ਅਲਫਾਜ਼ੀ ਲੜਾਈਆਂ ਵਿਚ ਤੁਸੀ ਨਾਂ ਸਿੱਖੀ ਤੌਰ ਤੇ ਗੁੰਮਰਾਹ ਹੋਵੋ, ਨਾ ਮੁਸਲਮਾਨ ਤੌਰ ਤੇ ਹੋਵੋ ਔਰ ਨਾਂ ਕਰਿਸਚੈਨਿਟੀ ਤੌਰ ਤੇ ਹੋਵੋ ਅਗਰ ਗੁੰਮਰਾਹ ਤੁਸਾਂ ਹੋਣਾ ਹੈ ਤਾਂ ਆਪਣੇ ਗੁਨਾਹਾਂ ਤੋਂ ਹੋਵੋ ਭਾਵ ਗੁਨਾਹ ਤਿਆਗ ਦਿਉ। ਐਹ ਨਹੀਂ ਕਿ ਜੀ ਉਹ ਮਹਾਰਾਜ ਕਿਉਂ ਹਨ, ਉਹ ਸੰਤ ਕਿਉਂ ਹਨ? ਨਹੀ। ਜੋ ਸਰੀਰ ਸਚ ਤੇ ਚਲ ਰਿਹਾ ਹੈ ਉਹ ਆਪੇ ਹੀ ਸੰਤ ਹੈ। ਸੋ ਗੁੰਮਰਾਹ ਹੋਣਾ ਹੈ ਤਾਂ ਤੁਸੀ ਆਪਣੇ ਗੁਨਾਹਾਂ ਤੋਂ ਹੋਵੋ, ਆਪਣੀਆਂ ਗਲਤੀਆਂ ਤੋਂ ਹੋਵੋ ਕਿ ਯਾ ਖ਼ੁਦਾ, ਬਿਸਮਿੱਲਾ ਕਿ ਅਸੀ ਫਿਰ ਗੁਨਾਹ

ਨਹੀਂ ਕਰਨੇ। ਇਹ ਕੀ ਤੁਹਾਡੇ ਸਵਾਲ ਹੋਏ ਕਿ ਤੁਸੀ ਐਵੇਂ ਹੀ ਲਫਾਜ਼ੀ ਗੁਨਾਹਾਂ'ਚ ਪਏ ਹੋ ਕਿ ਤੂੰ ਜੇ ਪਾਠ ਨਾਂ ਕੀਤਾ, ਜਾਂ ਤੂੰ ਨਮਾਜ਼ ਨਾਂ ਪੜੀ ਜਾਂ ਬਾਣੀ ਨਾਂ ਪੜੀ ਤਾਂ ਤੇਰਾ ਪਾਸਾ ਪੁੱਠਾ ਪੈ ਜਾਏਗਾ। ਪਰ ਪਾਠ ਪੜ੍ਹ ਪੜ੍ਹ ਕੇ ਤਾਂ ਤੁਸਾਂ ਸਾਰਿਆਂ ਵੇਖ ਹੀ ਲਿਆ ਹੈ ਕੀ ਤੁਹਾਡਾ ਕੋਈ ਸਿਧਾ ਪਾਸਾ ਪਿਆ ਵੀ ਹੈ?

***ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਦੇ ਸਰਬਤ ਦਾ ਭਲਾ।।***

# ਰੱਬੀ ਭੰਡਾਰ

*ਮੰਘਿਰਿ ਮਾਹਿ ਸੁਹੰਦੀਆਂ, ਹਰਿ ਪਿਰ ਸੰਗਿ ਬੈਠੜੀਆਹ*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ*

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ***

ਅਜ ਦਾ ਇਹ ਸ਼ੁਭ ਦਿਹਾੜਾ ਮਘਰ ਮਹੀਨੇ ਦਾ ਹੈ ਅਜ ਦੇ ਇਸ ਸ਼ੁਭ ਦਿਹਾੜੇ ਤੇ ਗੁਰੂ ਅਰਜਨ ਸਾਹਿਬ ਆਪਣੇ ਉਪਦੇਸ਼ ਦੇ ਰਾਹੀਂ ਸਾਡੇ ਇਸ ਮਨੁੱਖੇ ਜਾਮੇ ਨੂੰ ਬੜੇ ਪਿਆਰ ਦੇ ਨਾਲ ਸਮਝਾਉਂਦੇ ਹਨ ਕਿ ਅਸੀਂ ਤਮਾਮ ਦੁਨੀਆਂ ਦੇ ਲੋਕ ਉਸ ਪਿਤਾ ਪ੍ਰਮਾਤਮਾ ਦੇ ਪਾਸੋਂ ਉਹ ਪਦਾਰਥ ਮੰਗਦੇ ਹਾਂ ਜਿਹੜੇਂ ਆਖਿਰ ਤੇ ਨਾਸ ਅਤੇ ਫਨਾਹਵੰਦ ਹਨ। ਸਾਨੂੰ ਜਿਸ ਚੀਜ ਦੀ ਜਰੂਰਤ, ਲੋੜ ਹੈ ਉਹ ਸਾਨੂੰ ਪ੍ਰਮਾਤਮਾ ਦੇ ਪਾਸੋਂ ਮੰਗਣੀ ਚਾਹੀਦੀ ਹੈ ਜਿਸ ਦੇ ਨਾਲ ਸਾਡੇ ਇਸ ਸਰੀਰ ਜਾਂ ਇਸ ਮਨੁੱਖੇ ਜਾਮੇ ਦੀਆਂ ਜਿੰਨੀਆਂ ਵੀ ਲੋੜਾਂ ਜਾਂ ਜਰੂਰਤਾਂ ਹਨ ਉਹ ਆਪਣੇ ਆਪ ਹੀ ਪੂਰੀਆਂ ਹੋ ਜਾਣ। ਇਹ ਸਰੀਰ ਪ੍ਰਮਾਤਮਾ ਨੇ ਆਪਣੇ ਪਿਆਰ ਅਤੇ ਸ਼ਕਤੀ ਨਾਲ ਬਖਸ਼ਿਸ਼ ਕੀਤਾ ਹੈ ਅਤੇ ਮਨੁੱਖ ਨੂੰ ਆਪਣੇ ਨਾਲ ਮਿਲਣ ਦਾ (Golden Chance) ਭਾਵ ਸੁਨਹਿਰੀ ਮੌਕਾ ਦਿੱਤਾ ਹੈ। ਅਸੀਂ ਸਾਰੇ ਇਸ ਜਾਮੇ ਵਿਚ ਆ ਕੇ ਉਸ ਨੂੰ ਵਿਸਾਰ ਕੇ ਦੁਨੀਆਂ ਦੀਆਂ ਚੀਜਾਂ ਪਾਉਣ ਲਈ ਮਾਰੇ ਮਾਰੇ ਭਟਕਦੇ ਫਿਰਦੇ ਰਹਿੰਦੇ ਹਾਂ। ਕਲ੍ਹ ਦੇ ਸਤਿਸੰਗ ਵਿਚ ਵੀ ਅਸਾਂ ਅਪੀਲ ਕੀਤੀ ਸੀ ਕਿ ਪ੍ਰਮਾਤਮਾ ਨੇ ਸਾਨੂੰ ਜਨਮ ਦੇ ਨਾਲ ਹੀ ਦਾਤ ਦੇ ਦਿੱਤੀ ਹੈ। ਉਹ ਦਾਤ ਹੈ ਮਾਇਆ, ਪੈਸਾ ਧੇਲਾ, ਘਰ ਅਤੇ ਬਾਹਰ ਦੇ ਸੁਖ, ਅਰਾਮ ਜਾਂ ਲਿਆਕਤ, ਡਿਗਰੀ, ਵਿਦਿਆ। ਜਿਹੜੀ ਚੀਜ ਪ੍ਰਮਾਤਮਾ ਨੇ ਸਾਨੂੰ ਜਨਮ ਦੇ ਨਾਲ ਹੀ ਦੇ ਦਿੱਤੀ ਹੈ ਉਸ ਨੂੰ ਬਾਰ ਬਾਰ ਮੰਗਣ ਦੀ ਸਾਨੂੰ ਜਰੂਰਤ ਨਹੀਂ ਪੈਣੀ ਚਾਹੀਦੀ। ਸਾਨੂੰ ਸੰਤਾਂ ਮਹਾਤਮਾਵਾਂ ਨੇ ਆਪਣੀ ਗੁਰਬਾਣੀ ਜਾਂ ਗਿਆਨ ਦੇ ਰਾਹੀਂ ਜੋ ਮੰਗਣ ਲਈ ਬਿਆਨ ਕੀਤਾ ਹੈ, ਉਹ ਹੈ ਪ੍ਰਮਾਤਮਾ। ਜਿਸ ਤਰ੍ਹਾਂ ਅਸੀਂ ਆਖਦੇ ਹਾਂ ਕਿ ਦਾਤਾ ਘਰ ਆ ਜਾਵੇ ਤਾਂ ਦਾਤਾਂ ਆਪਣੇ ਆਪ ਆਉਣ ਲਗ ਪੈਂਦੀਆਂ ਹਨ। ਜਿਸ ਤਰ੍ਹਾਂ ਤੁਸੀ ਕਈ ਵਾਰੀ ਆਖਦੇ ਹੋ ਕਿ ਲੜਕੀ ਦੀ ਸ਼ਾਦੀ

ਕਰਨੀ ਹੈ ਸਾਡੇ ਕੋਲ ਪੈਸੇ ਹਨ। ਬਸ ਹੁਣ ਰਿਸ਼ਤਾ ਮਿਲ ਜਾਵੇ, ਅਸੀ ਤਾਂ ਇਕ ਮਹੀਨੇ ਵਿਚ ਸ਼ਾਦੀ ਕਰ ਸਕਦੇ ਹਾਂ। ਇਸੇ ਤਰ੍ਹਾਂ ਹੀ ਜੇ ਦਾਤਾ ਤੁਹਾਡੇ ਕੋਲ ਆ ਜਾਵੇ ਤਾਂ ਤੁਸੀ ਉਸ ਨਾਲ ਸਾਰੀਆਂ ਹੀ ਦਾਤਾਂ ਇਕੱਠੀਆਂ ਕਰ ਸਕਦੇ ਹੋ।

ਦੁਨੀਆਂ ਦੇ ਅੰਦਰ ਬੜੇ ਬੜੇ ਰਹਿਨੁਮਾ ਬੜੇ ਬੜੇ ਪੈਗੰਬਰ, ਬੜੇ ਬੜੇ ਨੱਬੀ ਆਏ ਪਰ ਇਸ ਮਾਇਆ ਦੇ ਜਾਲ ਤੋਂ ਨਾ ਬਚ ਸਕੇ। ਅਸੀ ਕਈ ਵਾਰੀ ਆਪਣੇ ਪ੍ਰੇਮੀਆਂ ਨਾਲ ਇਹ ਗੱਲ ਕਰਦੇ ਹੋਏ ਆਖਦੇ ਹਾਂ ਕਿ ਜੇ ਤੁਸੀ ਰਬ ਪਾਸੋਂ ਕੁਛ ਮੰਗਣਾ ਹੀ ਚਾਹੁੰਦੇ ਹੋ ਤਾਂ ਰਬ ਮੰਗ ਲਉ। ਜੇ ਰਬ ਤੁਹਾਡੇ ਨਾਲ ਜੁੜ ਜਾਵੇ ਤਾਂ ਜਿਹੜੀਆਂ ਚੀਜਾਂ, ਜਾਂ ਜਿਹੜੀਆਂ ਲੋੜਾਂ ਜਾਂ ਜਿਹੜੇ ਪਦਾਰਥ ਤੁਸੀਂ ਪਾਣ ਦੇ ਲਈ, ਭਰਾ ਨੂੰ ਭਰਾ ਮਾਰਨ ਦੀ ਸੋਚ ਰਿਹਾ ਹੈ, ਕੌਮ ਨੂੰ ਕੌਮ ਮਾਰਨ ਲਈ ਸੋਚਦੀ ਹੈ ਮੁਲਖ ਨੂੰ ਮੁਲਖ ਕਬਜ਼ੇ 'ਚ ਕਰਨ ਦੀ ਸੋਚ ਰਿਹਾ ਹੈ, ਉਹ ਸਾਰੀਆਂ ਸੋਚਾਂ ਖਤਮ ਹੋ ਸਕਦੀਆਂ ਹਨ। ਸੋ ਇਸ ਲਈ ਪ੍ਰਮਾਤਮਾ ਨੇ ਸਾਨੂੰ ਸਾਰਿਆਂ ਨੂੰ ਇਸ ਉਪਦੇਸ਼ ਰਾਹੀਂ ਇਹ ਸਮਝਾਇਆ ਹੈ। ਅਸੀ ਆਪਣੀ ਰਚਨਾ "ਯਸ਼ਵੰਤੀ ਨਿਰਾਧਾਰ" ਵਿਚ ਵੀ ਪ੍ਰਮਾਤਮਾ ਦੇ ਉਸ ਭੰਡਾਰ ਨੂੰ ਬਿਆਨ ਕੀਤਾ ਹੈ ਕਿ ਉਸ ਦਾ ਭੰਡਾਰ ਐਡਾ ਵੱਡਾ ਹੈ ਕਿ ਉਸ ਦੇ ਪਾਸ ਕਿਸੇ ਵੀ ਚੀਜ ਦੀ ਕਮੀ ਨਹੀਂ। ਜਿਹੜੇ ਪ੍ਰਸ਼ਾਦ, ਜਿਹੜੇ ਭੋਗ, ਜਿਹੜੇ ਚੜ੍ਹਾਵੇ ਜਾਂ ਜਿਹੜੇ ਪਦਾਰਥ ਅਸੀਂ ਦਾਤੇ ਨੂੰ ਦਿੰਦੇ ਹਾਂ ਉਹ ਤਾਂ ਦਾਤੇ ਦੇ ਕੋਲ ਪਹਿਲਾਂ ਹੀ ਭਰਪੂਰ ਹਨ ਉਹ ਸਾਨੂੰ ਦਿੰਦਾ ਹੈ ਤਾਂ ਅਸੀ ਉਸ ਨੂੰ ਦਿੰਦੇ ਹਾਂ। ਜੇ ਤੁਸੀ ਆਪਣੇ ਕੋਲੋਂ ਕੋਈ ਨੇਕ ਕਮਾਈ ਦੇਣਾ ਚਾਹੁੰਦੇ ਹੋ ਤਾਂ ਉਹ ਹੈ ਉਹਦਾ ਸਿਮਰਨ ਜਾਂ ਉਸ ਦਾ ਨਾਮ।

ਬਾਕੀ ਮਾਇਆ ਨਾਲ, ਕਾਇਆ ਨਾਲ ਜਾਂ ਕਿਸੇ ਵੀ ਹੋਰ ਐਸੇ ਸਾਧਨ ਨਾਲ ਤੁਸੀ ਉਸ ਨੂੰ ਆਪਣਾ ਨਹੀਂ ਬਣਾ ਸਕਦੇ। ਨਾ ਹੀ ਉਹ ਇਹਨਾਂ ਚੀਜਾਂ ਤੇ ਦਿਆਲ ਹੀ ਹੁੰਦਾ ਹੈ। ਕਲ੍ਹ ਹੀ ਅਸੀ ਇਕ ਸ਼ਬਦ ਦੀ ਰਚਨਾ ਵਿਚ ਲਿਖਿਆ ਹੈ ਕਿ:—

***ਅੰਮ੍ਰਿਤ ਪੀਉ ਜੁਗ ਜੁਗ ਜੀਉ।***

ਭਾਵ ਕਿ ਤੁਸੀ ਉਹ ਅੰਮ੍ਰਿਤ ਪੀਉ ਜਿਸ ਨਾਲ ਤੁਸੀ ਜੁਗਾਂ ਜੁਗਾਂ ਤਕ ਸਦਾ ਦੇ ਵਾਸਤੇ ਅਮਰ ਰਹਿ ਸਕੋ।

***ਯਸ਼ ਯਸ਼ਵੰਤੀ ਹਰਿ ਚਰਨੀ ਥੀਉ।***

ਉਹ ਰੂਹ, ਆਤਮਾ ਜਿਹੜੀ ਮਹਿਮਾ ਨਾਲ ਭਰੀ ਹੋਈ ਹੈ, ਭਰਪੂਰ ਹੈ, ਉਸ ਨੂੰ ਚੈਨ ਸਬਰ ਸਿਦਕ, ਮੁਹੱਬਤ ਪਿਆਰ ਉਸ ਪ੍ਰਮਾਤਮਾ ਦੇ ਚਰਨਾਂ ਵਿਚ ਹੀ ਮਿਲ ਸਕਦਾ

ਹੈ

**ਥਾਨ ਥਨੰਤਰ ਵਸੈ ਬੈਕੁੰਠ ਵਾਸੀ,**

**ਚਵਰ ਛਤਰ ਨਾਥ ਵਿਸ਼ਸ਼ ਕੀਉ।**

ਭਾਵ ਉਹ ਪ੍ਰਮਾਤਮਾ ਬੈਕੁੰਠ ਵਿਚ ਵਸਦਾ ਹੈ ਜਿਸ ਨੂੰ ਅਸੀ ਵਿਸ਼ਨੂੰ ਕਹਿ ਕੇ ਯਾਦ ਕਰਦੇ ਹਾਂ। ਵਿਸ਼ਨੂੰ ਦੇ ਦੋ ਸਰੂਪ ਹਨ ਇਕ ਉਹ ਹੈ ਜਿਹੜਾ ਲਛਮੀ ਨਾਲ ਹੈ ਅਤੇ ਦੂਜਾ ਹੈ ਨਿਰੰਕਾਰ। ਨਿਰੰਕਾਰ ਲਫਜ ਦੇਹਧਾਰ ਵਾਸਤੇ ਵਰਤਿਆ ਗਿਆ ਹੈ ਅਤੇ ਨਿਰਾਕਾਰ ਪ੍ਰਮਾਤਮਾ ਵਾਸਤੇ ਵਰਤਿਆ ਗਿਆ ਹੈ। ਨਿਰਾਧਾਰ ਲਫਜ ਵੀ ਪ੍ਰਮਾਤਮਾ ਲਈ ਹੈ। ਜਿਵੇਂ ਭਾਈ ਗੁਰਦਾਸ ਜੀ ਵੀ ਆਖਦੇ ਹਨ ਕਿ:—

**ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਾਰਿਯਉ।**

**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।**

ਕਿ ਜਦੋਂ ਪ੍ਰਮਾਤਮਾ ਨੂੰ ਆਪਣੇ ਬੰਦਿਆਂ ਨਾਲ ਮਿਲਣ ਦਾ ਜਾਂ ਵਸਲ ਕਰਨ ਦਾ ਸ਼ੌਕ ਆਇਆ ਜਾਂ ਆਪਣੇ ਭਗਤਾਂ ਨੂੰ ਮਿਲਣ ਦਾ ਚਾਅ ਪੈਦਾ ਹੋਇਆ ਤਾਂ ਉਸ ਨੇ ਪੰਜ ਤੱਤ ਦਾ ਸਰੀਰ ਧਾਰਨ ਕੀਤਾ। ਉਹ ਪੰਜ ਤੱਤ ਹਨ ਹਵਾ, ਮਿੱਟੀ, ਅੱਗ, ਪਾਣੀ, ਅਕਾਸ਼। ਫਿਰ ਜਿਸ ਤਰ੍ਹਾਂ ਤੁਸੀਂ ਆਖਦੇ ਹੋ ਕਿ ਸਾਡੇ ਕੋਲ ਪੈਸਾ ਹੈ, ਸਾਡੀ ਔਲਾਦ ਬਹੁਤ ਨੇਕ ਨਿਕਲੀ ਹੈ। ਬਾਹਰੀ ਤੌਰ ਤੇ ਤੁਸੀਂ ਖੁਸ਼ ਹੁੰਦੇ ਹੋ ਪਰ ਕੀ ਤੁਹਾਨੂੰ ਇਸ 'ਚੋਂ ਆਤਮਿਕ ਚੁਸ਼ੀ ਮਿਲੀ? ਤੁਹਾਡੀ ਔਲਾਦ ਨੇਕ ਹੈ ਪਰ ਕੀ ਤੁਸੀਂ ਕਿਸੇ ਦੀ ਔਲਾਦ ਨੂੰ ਨੇਕ ਕੀਤਾ? ਜਿਸ ਤਰ੍ਹਾਂ ਕਲ ਬਾਣੀ ਦਾ ਹੀ ਸ਼ਬਦ ਸੀ ਕਿ:—

**ਜਨਨੀ ਜਨੇ ਤਾ ਭਗਤ ਜਨ**

**ਕੈ ਦਾਤਾ ਕੈ ਸੂਰ।**

ਭਾਵ ਕਿ ਜੇ ਔਰਤ ਨੇ ਜਨਮ ਦੇਣਾ ਹੈ ਤਾਂ ਕਿਸੇ ਭਗਤ ਜਨ ਨੂੰ ਦੇਵੇ, ਸੋ ਇਸੇ ਤਰ੍ਹਾਂ ਹੀ ਅਸੀਂ ਉਸ ਪ੍ਰਮਾਤਮਾ ਦੀ ਉਸਤਤ ਬਿਆਨ ਕੀਤੀ ਹੈ ਕਿ ਉਹ ਬੈਕੁੰਠ ਵਿਚ ਵਸਦਾ ਹੈ, ਚਵਰ ਭਾਵ ਪੱਖਾ, ਛਤਰ ਭਾਵ ਛਾਇਆ, ਨਾਥ ਭਾਵ ਪ੍ਰਮਾਤਮਾ ਜਿਸ ਨੂੰ ਅਸੀਂ ਦੇਹਧਾਰ ਵਿਚ ਲਖਮੀ ਰੂਪ ਵਿਚ ਜਾਣਦੇ ਹਾਂ ਅਤੇ ਤੁਸੀ ਆਮ ਤਸਵੀਰਾਂ ਵਿਚ ਵੀ ਵੇਖਦੇ ਹੋ ਜਿਨ੍ਹਾਂ ਨੇ ਬਾਰ ਬਾਰ ਮਨੁੱਖੇ ਜਾਮੇ ਨੂੰ ਜਨਮ ਦਿੱਤਾ ਉਹ ਤ੍ਰੈ ਰੂਪ ਵਿਚ ਹੈ ਉਸ ਦੇ ਉਤੇ ਉਸਦੀ ਛਾਇਆ ਹੈ। ਅੱਗੇ ਹੈ:—

**ਲਖਾਂ ਹੂਰਾਂ ਲਖਾਂ ਇੰਦਰ।**

**ਸੇਵ ਕਰਿੰਦੇ ਲਖ ਸੂਰਜ ਚੰਦਰ।**

ਭਾਵ ਲੱਖਾਂ ਹੀ ਸੁੰਦਰ ਨਾਰੀਆਂ ਅਤੇ ਲੱਖਾਂ ਹੀ ਇੰਦਰ ਵਰਗੇ ਸੂਰਬੀਰ ਤੇ ਯੋਧੇ ਆਦਮੀ ਉਸ ਦੇ ਪਾਸ ਹਨ। ਜਿਸ ਤਰ੍ਹਾਂ ਤੁਹਾਡੇ ਲਈ ਦਿਨ ਵਾਸਤੇ ਸੂਰਜ ਉਗੱਦਾ ਹੈ ਅਤੇ ਰਾਤ ਵਾਸਤੇ ਚੰਦ੍ਰਮਾ ਚੜ੍ਹਦਾ ਹੈ। ਇਸੇ ਤਰ੍ਹਾਂ ਉਹਦੇ ਦਰਬਾਰ ਦੇ, ਉਹਦੇ ਘਰ ਦੇ ਪਾਸ, ਉਹਦੇ ਕੋਲ ਇਕ ਸੂਰਜ ਨਹੀਂ ਲਖਾਂ ਹੀ ਸੂਰਜ ਹਨ। ਸਾਹਿਬ ਨੇ ਵੀ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ ਕਿ:—

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।**

**ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ।**

ਭਾਵ ਕਿ ਅਸੀਂ ਉਸ ਤੋਂ ਬਲਿਹਾਰ ਜਾਂਦੇ ਹਾਂ ਜਿਸ ਕੋਲ ਐਨਾ ਨੂਰ ਹੈ।

**ਲਖਾਂ ਦੇਵੀਆਂ ਕੋਟੀ ਦੇਵਤੇ**

ਉਹਦੀਆਂ ਲਖਾਂ ਹੀ ਦੇਵੀਆਂ ਹਨ ਜਿਹਨਾਂ ਨੂੰ ਤੁਸੀਂ ਸ਼ਕਤੀਆਂ ਆਖਦੇ ਹੋ ਜਿਸ ਤਰ੍ਹਾਂ ਦੁਰਗਾ ਭਵਾਨੀ ਹੈ ਲਖਮੀ ਹੈ, ਚੰਡੀ ਹੈ, ਸਰਸਵਤੀ ਹੈ ਜਾਂ ਓਮਾ ਹੈ ਇਸ ਤਰ੍ਹਾਂ ਲਖਾਂ ਦੇਵੀਆਂ ਤੇ ਕੋਟੀ ਦੇਵਤੇ ਹਨ ਜਿਹਨਾਂ ਨੂੰ ਤੁਸੀਂ ਬ੍ਰਹਮਾ, ਵਿਸ਼ਨੂੰ, ਮਹੇਸ਼, ਜਗਨਨਾਥ, ਬਦਰੀਨਾਥ ਤੇ ਹੋਰ ਵੀ ਕਈ ਐਸੇ ਦੇਵਤੇ ਹਨ ਜਿਹਨਾਂ ਨੂੰ ਅਸੀਂ ਪੁਕਾਰਦੇ ਹਾਂ।

**ਲੱਖ ਕੋਟੀ ਸੇਵਨ ਪੀਰ ਪੈਗੰਬਰ**

ਭਾਵ ਕਿ ਤੈਨੂੰ ਲੱਖਾਂ ਕਰੋੜਾਂ ਹੀ ਪੀਰ ਪੈਗੰਬਰ ਸੇਂਵਦੇ ਹਨ ਸੋ ਇਸ ਲਈ ਅਸੀਂ ਉਸ ਦੀ ਉਪਮਾ ਵਿਚ ਹੋਰ ਬਿਆਨ ਕੀਤਾ ਹੈ:

**ਲਖ ਅਹਿਲਿਆਂ ਲਖਾਂ ਗੋਤਮ**

**ਹਥ ਜੋੜ ਖੜੇ ਲਖਾਂ ਗੋਰਖ ਮਛੰਦਰ।**

ਅਹਿਲਿਆ ਵਰਗੀਆਂ ਸੁੰਦਰ ਔਰਤਾਂ ਅਤੇ ਗੋਤਮ ਵਰਗੇ ਰਿਖੀ ਜਿਹਨਾਂ ਦੁਆਪਰ ਤੋਂ ਤ੍ਰੇਤਾ ਕਰ ਦਿੱਤਾ ਅਤੇ ਤ੍ਰੇਤੇ ਤੋਂ ਦੁਆਪਰ ਕਰ ਦਿੱਤਾ ਭਾਵ ਜੁਗ ਹੀ ਪਲਟ ਦਿੱਤਾ ਭਾਵ ਜਿਹਨਾਂ ਇਕ ਦੋ ਤਿੰਨ ਦੀ ਬਜਾਇ ਇਕ ਤਿੰਨ ਦੋ ਕਰ ਦਿੱਤਾ ਜਾਂ ਇਉਂ ਕਹਿ ਲਓ ਕਿ A.B.C ਦੀ ਬਜਾਏ A.C.B ਕਰ ਦਿੱਤਾ ਹੋਰ ਗੋਰਖ ਵਰਗੇ ਮਛੰਦਰ

ਵਰਗੇ ਉਥੇ ਹਥ ਜੋੜ ਕੇ ਖੜੇ ਹਨ ਜਿਹਨਾਂ ਬਾਰੇ ਬਾਣੀ ਵਿਚ ਵੀ ਕਿਹਾ ਹੈ ਕਿ:

**ਗੁਰੂ ਈਸਰੁ ਗੁਰੁ ਗੋਰਖੁ ਬਰਮਾ**

**ਗੁਰੁ ਪਾਰਬਤੀ ਮਾਈ।।**

ਫਿਰ ਅਸੀਂ ਅਗੇ ਕਿਹਾ ਹੈ

**ਬ੍ਰਹਮਾ ਮਹੇਸ਼ ਵਿਸ਼ਨੂੰ ਜਪਤੇ**

**ਭੇਖ ਵੇਸ ਤਨ ਧਾਰ ਕਲੰਦਰ।**

ਕਲੰਦਰ ਤੋਂ ਭਾਵ ਹੈ ਬਾਂਦਰ, ਜਿਸ ਤੋਂ ਭਾਵ ਹੈ ਕਿ ਹਨੂਮਾਨ ਦੀ ਸ਼ਕਤੀ ਜਿਸ ਨੇ ਆਪਣੀ ਛੋਟੀ ਜਿਹੀ ਦੇਹ ਤੋਂ ਬੱਜਰ ਦੇਹ ਵੀ ਕੀਤੀ ਰਾਮ ਚੰਦਰ ਤੋਂ ਅਸ਼ੀਰਵਾਦ ਲੈ ਕੇ ਸਤ ਸਮੁੰਦਰ ਪਾਰ ਕੀਤੇ, ਉਹਦੇ ਵਰਗੇ ਵੀ ਉਸ ਦਾਤੇ ਦੇ ਅਧੀਨ ਹਨ ਜਿਹੜਾ ਸਰਬ ਵਿਆਪੀ ਤੇ ਸਰਬ ਸ਼ਕਤੀਮਾਨ ਹੈ। ਅੱਗੇ ਹੈ:

**ਕਹੁ ਦਰਸ਼ਨ ਚਰਨਾਮਿਤ ਲੀਉ।**

**ਤਨ ਮਨ ਧੰਨ ਸਭ ਪ੍ਰਭ ਕੋ ਦੀਉ।**

ਜਦੋਂ ਤੁਸੀ ਉਹ ਚਰਨਾਮਿਤ ਪੀਉਗੇ ਤਾਂ ਤੁਸੀਂ ਤਨ ਮਨ ਧੰਨ ਸਾਰਾ ਹੀ ਪ੍ਰਭੂ ਦੇ ਹਵਾਲੇ ਕਰ ਦੇਵੋਗੇ। ਜਿਸ ਤਰ੍ਹਾਂ ਸਾਹਿਬ ਕਹਿੰਦੇ ਹਨ ਕਿ ਤਨ ਮਨ ਧੰਨ ਸਭ ਦਾਤੇ ਦਾ ਹੈ:

**ਤਨ ਧੰਨ ਤੇਰਾ ਤੂੰ ਪ੍ਰਭ ਮੇਰਾ**

**ਹਮਰੇ ਵਸ ਕਿਛ ਨਾਹੀ।**

**ਜਿਉ ਜਿਉ ਰਾਖਹਿ ਤਿਉ ਤਿਉ ਰਹਣਾ**

**ਤੇਰਾ ਦੀਆ ਖਾਹੀ।**

ਫਿਰ ਅਸੀ ਆਪਣੀ ਇਕ ਰਚਨਾ ਵਿਚ ਕਿਹਾ ਹੈ ਕਿ:—

**ਅਕਾਲ ਪੁਰਖ ਜਬ ਭਇਉ ਦਇਆਲ।**

**ਤਬ ਤਬ ਸੰਤ ਜਨੋਂ ਕੀ ਕੀਉ ਸੰਭਾਲ।**

**ਗੁਰਦੇਵ ਮਾਹੇ ਭੇਦ ਬਤਾਇਆ**

**ਧਰਮ ਸੇ ਵਰਨ ਕਰਮ ਸੇ ਜਾਤ।**

ਭਾਵ ਕਿ ਸਾਨੂੰ ਸਾਡੇ ਪ੍ਰਮਾਤਮਾ ਨੇ ਦਸਿਆ ਕਿ ਜਿਹੜਾ ਤੁਹਾਡਾ ਵਰਨ ਹੈ ਜਿਸ ਨੂੰ ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ ਆਖਦੇ ਹੋ ਉਸਦੇ ਰਾਹੀਂ ਹੀ ਤੁਹਾਡਾ ਧਰਮ ਪੈਦਾ ਹੁੰਦਾ ਹੈ ਉਹ ਕਦੋਂ, ਜਦੋਂ ਤੁਸੀਂ ਆਪਣਾ ਵਚਨ ਪੂਰਾ ਕਰਦੇ ਹੋ। ਧਰਮ ਦਾ ਅਰਥ ਹੈ ਵਾਅਦਾ।

**ਰਘੂਕੁਲ ਰੀਤ ਸਦਾ ਚਲੀ ਆਈ।**

**ਪ੍ਰਾਣ ਜਾਏ ਪਰ ਵਚਨ ਨਾ ਜਾਈ।**

ਜਾਂ

**ਬਾਂਹਿ ਜਿਨਾ ਦੀ ਪਕੜੀਏ, ਸਿਰ ਦੀਜੈ ਸੰਗ ਨਾ ਛੋੜੀਏ।**

**ਗੁਰ ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ।**

ਜਦੋਂ ਪ੍ਰਮਾਤਮਾ ਦਿਆਲ ਹੁੰਦਾ ਹੈ ਤਾਂ ਉਹ ਸੰਤਾਂ ਦੀ ਆਪੇ ਹੀ ਸੰਭਾਲ ਕਰਦਾ ਹੈ ਜਿਵੇਂ, "ਆਪਨੇ ਸੇਵਕ ਕੀ ਆਪੇ ਰਾਖੈ।" ਉਹ ਆਪਣੇ ਭਗਤਾਂ ਦੀ ਆਪ ਹੀ ਪੈਜ ਰਖਦਾ ਹੈ।

**ਜਬ ਜਬ ਅਰਿਸ਼ਟ ਹੋਏ ਅਪਾਰਾ।**

**ਤਬ ਤਬ ਦੇਹ ਧਾਰੇ ਕਰਤਾਰਾ।**

ਫਿਰ ਅਸੀਂ ਆਪਣੀ ਰਚਨਾ ਵਿਚ ਲਿਖਿਆ ਹੈ ਕਿ ਜਦੋਂ ਧਰਤੀ ਤੇ ਪਾਪ ਵੱਧ ਜਾਂਦੇ ਹਨ ਉਦੋਂ ਪ੍ਰਮਾਤਮਾ ਕੋਈ ਨਾ ਕੋਈ ਰੂਪ ਧਾਰਨ ਕਰਦਾ ਹੈ, ਸਰੀਰ ਵਿਚ ਆਉਂਦਾ ਹੈ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਮੁਹੰਮਦ, ਰਾਮ, ਕ੍ਰਿਸ਼ਨ, ਸੁਕਰਾਤ, ਮਹਾਤਮਾ ਬੁਧ, ਮਹਾਂਬੀਰ ਤੇ ਹੋਰ ਐਸੇ ਅਨੇਕਾਂ ਨਬੀ ਤੇ ਪੈਗੰਬਰ ਜੋ ਆਏ ਸਾਰੇ ਉਹਦੇ ਹੀ ਰੂਪ ਹਨ। ਨੱਬੀ ਭਾਵ ਨਾਮਾਗਰ, ਪੈਗੰਬਰ = ਪੈਗਾਮ ਪਹੁੰਚਾਉਣ ਵਾਲਾ ਪੀਰ ਹੈ ਸਾਡੀਆਂ ਪੀੜਾਂ ਨੂੰ ਦੂਰ ਕਰਨ ਵਾਲਾ ਅਤੇ ਪ੍ਰਮਾਤਮਾ ਨਾਲ ਪ੍ਰੀਤ ਪੈਦਾ ਕਰਨ ਵਾਲਾ, ਗੁਰੂ = ਸਾਨੂੰ ਗਿਆਨ ਦੇ ਕੇ ਹਨੇਰੇ 'ਚੋਂ ਦੂਰ ਕਢਣ ਵਾਲਾ ਜਾਂ ਰੂਹ ਨੂੰ ਪ੍ਰਮਾਤਮਾ ਨਾਲ ਜੋੜਨ ਵਾਲਾ, ਮਹਾਤਮਾ ਭਾਵ ਮਹਾਂ ਆਤਮਾ ਜਿਹੜਾ ਸਾਡੀ ਕਮਜ਼ੋਰ ਆਤਮਾ ਨੂੰ ਮਹਾਨ ਬਣਾ ਦਿੰਦਾ ਹੈ। ਸੰਤ, ਜਿਹੜਾ ਸਾਨੂੰ ਸੱਤਿਆ ਤੇ ਚਲਣ ਦਾ ਸਬਕ ਸਿਖਾਉਂਦਾ ਹੈ, ਸਰਬਤ ਨੂੰ ਆਪਣਾ ਜਾਨਣ ਤੇ ਸਮਝਾਵਣ ਦਾ ਰਸਤਾ ਦਸਦਾ ਹੈ।

ਤੁਸੀਂ ਬਾਹਰਲੇ ਰੌਲੇ ਨੂੰ ਨਾ ਦੇਖੋ ਆਪਣੇ ਅੰਦਰਲੇ ਰੌਲੇ ਦਾ ਧਿਆਨ ਕਰੋ। ਜਿਸ ਚੀਜ਼ ਵਾਸਤੇ ਤੁਸੀਂ ਇਥੇ ਆਏ ਹੋ ਉਸ ਲਈ ਗੌਰ ਕਰੋ। ਜਿਸ ਤਰ੍ਹਾਂ ਚਿੱਕੜ ਵਿਚ ਕਮਲ ਦਾ ਫੁੱਲ ਹੁੰਦਾ ਹੈ ਇਸੇ ਤਰ੍ਹਾਂ ਹੀ ਤੁਸੀਂ ਵੀ ਰਹੋ। ਭਾਵ ਜਿਸ ਤਰ੍ਹਾਂ ਕਮਲ ਨੂੰ ਚਿੱਕੜ ਨਹੀਂ ਲਬੇੜ ਸਕਦਾ ਇਸੇ ਤਰ੍ਹਾਂ ਤੁਸੀਂ ਵੀ ਰੌਲੇ ਵਲ ਧਿਆਨ ਨਾ ਦਿਉ ਤੁਸੀਂ ਆਪਣੇ ਅੰਦਰ ਵਾਲੇ ਉਸ ਸ਼ੋਰ ਵੱਲ ਧਿਆਨ ਦਿਉ ਜਿਹੜਾ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਹੈ ਜਾਂ ਹੋਰ ਵਿਕਾਰਾਂ ਦਾ ਹੈ, ਨਫਰਤਾਂ ਤੇ ਈਰਖਾ ਦਾ ਹੈ। ਤੁਸੀਂ ਉਸ ਸ਼ੋਰ ਨੂੰ ਚੁਪ ਕਰਾਉ ਬਾਹਰਲੇ ਦੀ ਕੋਈ ਗੱਲ ਨਹੀਂ। ਸਾਹਿਬ ਦਾ ਮਜਮੂਨ ਇਹ ਕਹਿੰਦਾ ਹੈ ਕਿ ਜੇ ਤੁਸੀਂ ਅੱਜ ਦੇ ਸੰਗਰਾਂਦ ਦੇ ਦਿਹਾੜੇ ਤੇ ਮੰਗਣਾ ਹੀ ਹੈ ਤਾਂ ਮੈਨੂੰ ਮੰਗਿਉ। ਜੇ ਤੁਸੀਂ ਲੈ ਸਕਦੇ ਹੋ ਤਾਂ ! ਵੈਸੇ ਜ਼ਹਿਰ ਪੀਣਾ ਤੇ ਜ਼ਹਿਰ ਪਚਾਉਣਾ ਬਹੁਤ ਔਖਾ ਹੈ। ਅਜ ਦੇ ਇਸ ਮਜਮੂਨ ਵਿਚ ਸਭ ਤੋਂ ਔਖਾ ਮਾਰਗ ਹੈ ਸੰਤ ਸ਼ਰਣ, ਕਾਮਿਲ ਫਕੀਰ ਦੀ ਸ਼ਰਣ, ਪ੍ਰਮਾਤਮਾ ਦੀ ਤਲਾਸ਼। ਪਰਸੋਂ ਅਸੀਂ ਗਰੇਵਜ਼ੈਂਡ ਦੇ ਸਤਿਸੰਗ ਵਿਚ ਕਿਹਾ ਸੀ ਕਿ ਹੇ ਸਜਣੋਂ ਤੁਹਾਨੂੰ ਰੱਬ ਨਹੀਂ ਮਿਲਣਾ, ਅਸੀਂ ਕਦੇ ਵੀ ਤੁਹਾਡੇ ਨਾਲ ਇਹ ਵਾਅਦਾ ਨਹੀਂ ਕੀਤਾ ਕਿ ਤੁਹਾਨੂੰ ਰਬ ਮਿਲੇਗਾ ਅਤੇ ਨਾ ਹੀ ਕਰਾਂਗੇ। ਨਾ ਅਜ ਤਕ ਰੱਬ ਕਿਸੇ ਨੂੰ ਮਿਲਿਆ ਹੈ ਪਰ:

"ਜੇ ਤੁਸੀਂ ਖੁਦ ਰਬ ਬਣਨਾ ਜਹੁੰਦੇ ਹੋ ਤਾਂ ਨੇਕ ਰਾਹ ਅਪਨਾਉ। ਆਪਣੀ ਖੁਸ਼ੀ, ਆਪਣੇ ਪਿਆਰ ਅਤੇ ਆਪਣੀ ਭੁੱਖ ਲਈ ਕਿਸੇ ਨਾਲ ਪਿਆਰ ਨਾ ਕਰੋ ਬਲਕਿ ਆਪਣੇ ਪਿਆਰ 'ਚੋਂ ਕਿਸੇ ਨੂੰ ਪਿਆਰ ਦਿਉ ਫਿਰ ਤੁਹਾਡਾ ਜਾਮਾ ਮਹਾਨ ਬਣੇਗਾ, ਜੇ ਤੁਸੀਂ ਕਹਿੰਦੇ ਹੋ ਕਿ ਨਾਨਕ ਧਾਮ ਵਿਚ ਆਏ ਹੋਏ ਲੋਕਾਂ ਨੂੰ ਰੱਬ ਮਿਲੇਗਾ ਤਾਂ ਇਹ ਤੁਹਾਡੀ ਭੁੱਲ ਹੈ ਤੁਸੀਂ ਬੇਸ਼ਕ ਨਾ ਆਉ ਇਥੇ ਤੁਹਾਨੂੰ ਰੱਬ ਦੇ ਰਸਤੇ ਮਿਲਣੇ ਹਨ। ਜੇ ਉਹਨਾਂ ਰਸਤਿਆਂ ਤੇ ਚਲ ਸਕਦੇ ਹੋ ਤਾਂ ਆਉ, ਨਹੀ ਤਾਂ ਟਾਈਮ ਖਰਾਬ ਕਰਨ ਦੀ ਲੋੜ ਨਹੀ। ਇਸ ਧਾਮ ਦੇ ਜੋ ਮਾਲਕ ਜਾਂ ਬਾਨੀ ਹਨ ਉਹਨਾਂ ਆਪਣੀ ਚੀਜ ਨੂੰ ਪੂਰਾ ਕਰ ਜਾਣਾ ਹੈ।"

ਤੁਸੀਂ ਅਜ ਇਥੇ ਹਜ਼ਾਰ ਪੰਜ ਸੌ ਆਦਮੀ ਇਕੱਠੇ ਹੋਏ ਹੋਵੋਗੇ ਪਰ ਪੁਰਾਣੇ ਨਬੀਆਂ ਨੇ ਦੋ ਦੋ ਬੰਦੇ ਲੈ ਕੇ ਹੀ ਕੰਮ ਕੀਤੇ ਹਨ।

**"ਤੁਸੀਂ ਸਾਰੇ ਇਸ਼ਕ ਵਾਲੇ ਹੋ ਸਕਦੇ ਹੋ ਰੱਬ ਦੇ ਆਸ਼ਕ ਨਹੀਂ ਹੋ ਸਕਦੇ। ਤੁਸੀਂ ਪਿਆਰ ਵਾਲੇ ਹੋ ਸਕਦੇ ਹੋ ਪਰ ਤੁਸੀਂ ਰੱਬ ਦੇ ਪ੍ਰੇਮੀ ਨਹੀਂ ਹੋ ਸਕਦੇ।"**

ਤੁਸੀਂ ਜੇ ਪ੍ਰੇਮੀ ਬਣਨਾ ਹੈ ਤਾਂ ਫਿਰ ਕਿਸੇ ਸਹੀ ਰਸਤੇ ਤੇ ਚਲੋ ਪਰ ਜੇ ਤੁਸੀਂ ਮੰਦਰਾਂ,

ਮਸੀਤਾਂ, ਗੁਰਦੁਆਰਿਆਂ ਵਿਚ ਪਾਠ ਕਰਨੇ ਹਨ, ਪੁੰਨਦਾਨ ਕਰਨੇ ਹਨ, ਨਕ ਮੂੰਹ ਮੱਥੇ ਰਗੜਨੇ ਹਨ, ਤਾਂ ਬੇਸ਼ੱਕ ਰਗੜੋ ਤੁਹਾਨੂੰ ਕੋਈ ਮਨਾਹੀ ਨਹੀਂ ਹੈ ਨਾ ਹੀ ਮਨਾਹੀ ਕੀਤੀ ਹੀ ਜਾ ਸਕਦੀ ਹੈ। ਪਰ ਜਿਸ ਨੂੰ ਤੁਸੀਂ ਤਲਾਸ਼ ਕਰਨਾ ਚਾਹੁੰਦੇ ਹੋ ਜਾਂ ਜਿਹੜੇ ਖਜਾਨੇ ਖੁਸ਼ੀਆਂ ਤੁਸੀਂ ਹਾਸਿਲ ਕਰਨਾ ਚਾਹੁੰਦੇ ਹੋ ਉਹ ਤੁਹਾਡੇ ਕੋਲ ਹੀ ਹਨ ਕਿਸੇ ਕੋਲ ਨਹੀਂ। ਜੇ ਤੁਸੀਂ ਸੋਚੋ ਕਿ ਇਹ ਚੀਜਾਂ ਕਿਸੇ ਨੇ ਜਮ੍ਹਾਂ ਕਰਕੇ ਰਖੀਆਂ ਹੋਈਆਂ ਹਨ ਜਾਂ ਕਿਸੇ ਨੇ ਬੈਂਕ ਵਿਚ ਫਿਕਸ ਡੀਪੌਜ਼ਿਟ ਕਰਵਾ ਰਖਿਆ ਹੈ ਤਾਂ ਉਹ ਨਹੀਂ ਹੈ। ਉਸ ਦੀ ਤਾਂ ਦਾਤ ਖੁਲ੍ਹੀ ਹੀ ਹੈ। ਦਾਤਾ ਦਿੰਦਾ ਆਇਆ ਹੈ ਅਤੇ ਜਗਤ ਲੈਂਦਾ ਆਇਆ ਹੈ, ਜਗਤ ਵੀ ਰਿਹਾ ਹੈ ਤੇ ਦਾਤਾ ਵੀ ਰਿਹਾ ਹੈ ਪਰ ਥਕਿਆ ਕੌਣ ਹੈ? ਅਕਿਆ ਕੌਣ ਹੈ?

ਇਸ ਰਾਹ ਤੇ ਉਹ ਮਨੁੱਖ ਥਕਿਆ ਤੇ ਅਕਿਆ ਹੈ ਜਿਹੜਾ ਇਸ ਤੇ ਚਲ ਨਹੀਂ ਸਕਿਆ।

ਅਸੀਂ ਆਪਣੇ ਪ੍ਰੇਮੀਆਂ ਨੂੰ ਕਈ ਵਾਰੀ ਆਖਦੇ ਹੁੰਦੇ ਹਾਂ ਕਿ ਜਿਹੜੇ ਪਿੰਡ ਨਹੀਂ ਜਾਣਾ ਉਸਦਾ ਕਦੇ ਰਾਹ ਨਾ ਪੁਛੋ। ਜਿਸ ਰੱਬ ਦੇ ਰਾਹ ਤੇ ਤੁਸੀਂ ਤੁਰ ਨਹੀਂ ਸਕਦੇ, ਜਿਸ ਸੱਚ ਨਾਲ ਤੁਸੀਂ ਮੁਕਾਬਲਾ ਨਹੀਂ ਕਰ ਸਕਦੇ ਉਸ ਨਾਲ ਗੁੱਸਾ ਕਰੋਗੇ ਤਾਂ ਤੁਹਾਨੂੰ ਕੀ ਮਿਲ ਜਾਵੇਗਾ? ਕੀ ਤੁਹਾਡੇ ਕੋਈ ਮਗਰ ਫਿਰੇਗਾ? ਤੁਹਾਡੇ ਮਗਰ ਨਹੀਂ ਕਿਸੇ ਨੇ ਫਿਰਨਾ। ਤੁਹਾਡਾ ਕੋਈ ਸਾਕ ਜਾਂ ਰਿਸ਼ਤੇਦਾਰ ਤੁਹਾਡੇ ਮਗਰ ਫਿਰੇਗਾ, ਜਿਸ ਨੂੰ ਤੁਸੀਂ ਇਹ ਤਾਨ੍ਹਾ ਮਾਰੋਗੇ ਕਿ ਤੇਰਾ ਸਾਡਾ ਰਿਸ਼ਤਾ ਹੈ। ਪਰ ਉਸ ਦਾ ਕਿਸੇ ਨਾਲ ਕੋਈ ਖ਼ੂਨੀ ਰਿਸ਼ਤਾ ਨਹੀਂ। ਅਸੀਂ ਪਿਛਲੇ ਸਤਿਸੰਗ ਵਿਚ ਕਿਹਾ ਸੀ ਕਿ:

***ਉਡੱਣ ਪੰਖੇਰੂ ਬਿਨ ਰਾਹੀਂ, ਰਾਹ ਦਰਸਾਵੇ ਕਿਹੜਾ।***

ਬਿਨਾਂ ਰਾਹਾਂ ਤੋਂ ਪੰਛੀ ਉਡੱਦੇ ਹਨ ਉਹਨਾਂ ਨੂੰ ਕੌਣ ਰਸਤਾ ਦਸਦਾ ਹੈ? ਤੁਹਾਨੂੰ ਤਾਂ ਕੋਈ ਤੁਹਾਡਾ ਵਡਾ ਪਿਉ ਮਾਂ ਵੱਡਾ ਭਰਾ ਛੋਟੀ ਭੈਣ ਕੋਈ ਚਾਚਾ ਤਾਇਆ ਕਹੇ ਗਾ ਕਿ ਆਹ ਰਸਤਾ ਠੀਕ ਨਹੀ ਐਹ ਨਾ ਕਰ, ਪਰ ਉਹਨਾਂ ਨੂੰ ਕੌਣ ਦਸਦਾ ਹੈ ਕਿ ਠੀਕ ਨਹੀਂ? ਕੌਣ ਰਾਹ ਦਰਸਾਉਂਦਾ ਹੈ? ਉਹ ਹੈ ਕੇਵਲ ਇਕ ਉਹ ਦਾਤਾ।

***ਤਰਨ ਸਮੁੰਦ ਡੱਡੂ ਮੱਛੀਆਂ ਨਾ ਪੰਥ ਨਾ ਡੇਰਾ।***

ਸਮੁੰਦਰ ਦੇ ਅੰਦਰ ਡੱਡੂ ਤੇ ਮੱਛੀਆਂ ਤਰਦੇ ਹਨ ਉਹਨਾਂ ਦਾ ਕੋਈ ਪੰਥ ਭਾਵ ਰਸਤਾ ਤੇ ਡੇਰਾ ਨਹੀਂ।

***ਰੱਖਣ ਲੋਕੀ ਕੁੱਤੇ ਬਿੱਲੀਆਂ ਜਾਤ-ਪਾਤ ਨਾ ਕੋਈ ਝੇੜਾ।***

ਤੁਸੀਂ ਕੁੱਤੇ ਬਿੱਲੀਆਂ ਘਰਾਂ ਵਿਚ ਪਾਲਦੇ ਹੋ, ਕੀ ਉਸ ਦੀ ਜਾਤ ਪਾਤ ਤੇ ਖਾਨਦਾਨ ਪੁੱਛਦੇ ਹੋ? ਸਾਡੇ ਪੰਜਾਬ ਵਿਚ ਕਿਸੇ ਕੰਮ ਤੇ ਜਾਂਦਿਆਂ ਨੂੰ ਜੇ ਬਿੱਲੀ ਰਸਤੇ ਵਿਚ ਮਿਲ ਜਾਣੀ ਤਾਂ ਕਹਿੰਦੇ ਸਾਂ ਕਿ ਅਜ ਕੰਮ ਨਹੀਂ ਹੋਣਾ, ਜੇ ਕੁੱਤੇ ਨੇ ਚੌਕੇ ਵਿਚ ਆ ਜਾਣਾ ਤਾਂ ਕਹਿਣਾ ਕਿ ਚੌਕਾ ਸਾਫ਼ ਕਰ ਲਉ ਰੋਟੀ ਖਾਣੀ ਹੈ।

***ਰਿਸ਼ਤੇ ਨਾਤੇ ਲਹੂ ਦੇ ਜਾਨਣ ਪਾਲਣ ਨਾ ਕੋਈ ਬੰਦਾ ਤੇਰਾ।***

ਰੱਬਾ ਕੋਈ ਤੇਰੇ ਬੰਦੇ ਨਾਲ ਪਿਆਰ ਨਹੀਂ ਕਰਦਾ ਲੋਕ ਆਪਣੀਆਂ ਆਪਣੀਆਂ ਗਰਜ਼ਾਂ ਤੇ ਲੋੜਾਂ ਨਾਲ ਪਿਆਰ ਕਰਦੇ ਹਨ।

***ਤਕ ਕੇ ਤੇਰੀ ਮਹਿਮਾ ਦਾਤਾ, ਲੋਚਦਾ ਏ ਮਨ ਮੇਰਾ।***

***ਦਰਸ਼ਨ ਦਾਸ ਜਾਣੇ ਇਕੋ, ਸਭ ਥਾਂ ਜਿਸਦਾ ਬਸੇਰਾ।***

ਅਸੀਂ ਇਕੋ ਨੂੰ ਜਾਣਦੇ ਹਾਂ ਜਿਸਦਾ ਸਭ ਥਾਂ ਤੇ ਬਸੇਰਾ ਹੈ। ਤੁਸੀਂ ਵੀ ਇਕ ਦੀ ਪ੍ਰੀਤ ਲਈ ਅਜ ਸਾਰੇ ਇਥੇ ਇਕੱਠੇ ਹੋਏ ਹੋ। ਤੁਹਾਨੂੰ ਸੱਦਾ ਦਿੱਤਾ ਸੀ ਤੇ ਤੁਸੀਂ ਆਏ ਹੋ, ਜਿੰਨੀਆਂ ਵੀ ਤੁਹਾਡੀਆਂ ਔਕੜਾਂ, ਮੁਸ਼ਕਲਾਵਾਂ ਤੇ ਦੁੱਖ ਹਨ ਉਹ ਤੁਸੀਂ ਰੱਬ ਦੇ ਅਰਪਣ ਕਰ ਦਿਉ, ਭੇਟਾ ਕਰ ਦਿਉ। ਆਪਣੀ ਨੇਕ ਕਮਾਈ 'ਚੋਂ ਕੁਛ ਸੇਵਾ ਵਿਚ ਦਿਉ ਪਰ ਪਹਿਲਾਂ ਤੁਸੀਂ ਇਹ ਦੇਖੋ ਕਿ ਤੁਸੀਂ ਨੇਕ ਕਮਾ ਰਹੇ ਹੋ।ਜ਼ਰਾ ਡੂੰਘੇ ਧਿਆਨ ਨਾਲ ਦੇਖੋ ਝੂਠ, ਹੇਰਾ ਫੇਰੀ, ਦੋ ਨੰਬਰ ਦਾ ਧੰਦਾ ਕਰਕੇ ਇਕੱਠੀ ਕੀਤੀ ਹੋਈ ਮਾਇਆ ਕੀ ਇਹ ਹਕ ਹਲਾਲ ਦੀ ਹੈ? ਅਸੀਂ ਕਈ ਵਾਰੀ ਆਖਦੇ ਹਾਂ ਕਿ ਪੂਰਨ ਸੰਤ ਉਹਨਾਂ ਬੰਦਿਆਂ ਦਾ ਧੰਨ ਆਪਣੇ ਲਈ ਜਾਂ ਆਪਣੇ ਧਾਮਾਂ ਤੇ ਲਗਣ ਨਹੀਂ ਦਿੰਦੇ ਜਿਹਨਾਂ ਕੋਲ਼ ਇਸ ਤਰ੍ਹਾਂ ਨਾਲ ਮਾਇਆ ਇਕੱਠੀ ਕੀਤੀ ਗਈ ਹੁੰਦੀ ਹੈ। ਉਹ ਉਹਨਾਂ ਦੀ ਬੁੱਧੀ ਨੂੰ ਹੀ ਇਸ ਤਰ੍ਹਾਂ ਦੀ ਕਰ ਦਿੰਦੇ ਹਨ ਕਿ ਉਹ ਇਸ ਪਾਸੇ ਚਲ ਹੀ ਨਾ ਸਕਣ। ਹੱਕ ਹਲਾਲ ਕੀ ਹੈ? ਤੁਹਾਡਾ ਧੰਨ ਹੱਕ ਹਲਾਲ ਦਾ ਕਿਵੇਂ ਬਣ ਸਕਦਾ ਹੈ? ਜਿਸ ਤਰ੍ਹਾਂ ਪੰਜਾਬ ਹਿੰਦੁਸਤਾਨ ਵਿਚ ਸਵੇਰੇ ਭੋਜਨ ਕਰਨ ਤੋਂ ਪਹਿਲਾਂ ਕਿਸੇ ਧਰਮ ਸਥਾਨ ਤੇ ਜਾਂ ਕਿਸੇ ਪਰੋਹਿਤ ਨੂੰ ਬੁਲਾ ਕੇ ਪਹਿਲਾਂ ਰੋਟੀ ਦੇ ਕੇ ਫਿਰ ਖਾਧੀ ਜਾਂਦੀ ਸੀ। ਪਰ ਅਜ ਕੀ ਹੈ? ਸਾਡੇ ਨਾਲੋਂ ਜਾਨਵਰ ਚੰਗੇ ਹਨ ਜਿਹੜੇ ਆਪਣੀਆਂ ਖੁਰਾਕਾਂ ਅਤੇ ਆਪਣੇ ਰਾਹ ਤੇ ਪਾਬੰਦ ਹਨ। ਤੁਸੀਂ ਤਾਂ ਕਾਇਰਤਾ ਤੋਂ ਵੀ ਥਲੇ ਡਿੱਗ ਜਾਂਦੇ ਹੋ। ਨਾਂ ਤੁਸੀਂ ਆਪਣੇ ਰਸਤੇ ਤੇ ਹੋ ਨਾ ਹੀ ਕਿਸੇ ਚੀਜ

ਦੇ ਪਾਬੰਦ ਹੋ, ਨਾ ਹੀ ਤੁਹਾਡੇ ਅੰਦਰ ਹੀ ਉਹ ਚੀਜ ਕਦੇ ਪੈਦਾ ਹੋਈ ਹੈ। ਐਥੇ ਤਾਂ ਤੁਸੀਂ ਉਸ ਮਾਇਆ ਦੇ ਨਾਲ ਖੁਸ਼ੀਆਂ ਤੇ ਅਨੰਦ ਮਾਣ ਲਵੋਗੇ। ਉਹਨਾਂ ਔਲਾਦਾਂ ਲਈ ਧੰਨ ਜਮ੍ਹਾਂ ਕਰ ਲਵੋਗੇ, ਜਿਹਨਾ ਨੇ ਭਲਕੇ ਪਤਾ ਨਹੀਂ ਨਾਲਾਇਕ ਨਿਕਲ ਜਾਣਾ ਹੈ। ਪਰ ਪਤਾ ਉਦੋਂ ਲਗਣਾ ਹੈ ਜਦੋਂ ਤੁਸਾਂ ਧਰਮਰਾਜ ਦੀ ਅਦਾਲਤ ਵਿਚ ਪੇਸ਼ ਹੋਣਾ ਹੈ। ਅਸੀਂ ਰੱਬ ਤਾਂ ਨਹੀਂ ਹਾਂ, ਸੰਤ ਵੀ ਨਹੀਂ ਹਾਂ, ਨੇਕ ਆਦਮੀ ਵੀ ਨਹੀਂ ਹਾਂ ਪਰ ਰੱਬ ਨਾਲ ਥੋੜੀ ਜਿਹੀ ਵਾਕਫੀਅਤ ਜ਼ਰੂਰ ਹੈ। ਉਹ ਪਤਾ ਨਹੀਂ ਰੱਬ ਨੇ ਸਾਡੇ ਸ਼ਾਇਦ ਮਾੜੇ ਕਰਮਾਂ ਤੇ ਤਰਸ ਖਾਧਾ ਹੈ ਕਿ ਮੈਂ ਮਾੜਾ ਆਦਮੀ ਹਾਂ ਰੱਬ ਨੇ ਕਿਹਾ ਕਿ ਚਲ ਮੈਂ ਤੇਰੇ ਨਾਲ ਦੋਸਤੀ ਕਰ ਲੈਂਦਾ ਹਾਂ। ਇਸ ਲਈ ਸਾਡੀ ਦੋਸਤੀ ਜ਼ਰੂਰ ਹੈ। ਅਸੀਂ ਕਈ ਵਾਰੀ ਆਖਦੇ ਹਾਂ ਕਿ:

"ਸਾਡੀ ਉਸ ਘਰ ਵਾਕਫੀ ਹੈ ਜਦੋਂ ਤੁਸੀਂ ਉਥੇ ਜਾਣਾ ਹੈ ਤਾਂ ਅਸੀਂ ਅਗੇ ਉਥੇ ਖਲੋਤੇ ਹੋਵਾਂਗੇ ਉਥੇ ਅਸੀਂ ਰੱਬ ਨੂੰ ਕਹਾਂਗੇ ਕਿ ਰੱਬਾ ਇਹ ਬੰਦੇ ਤੈਨੂੰ ਭੁਲ ਗਏ ਸਨ ਇਹਨਾਂ ਨੂੰ ਇਕ ਵਾਰ ਫਿਰ ਧਰਤੀ ਤੇ ਮੌਕਾ ਦੇਹ ਜੋ ਇਹ ਤੈਨੂੰ ਯਾਦ ਕਰ ਸਕਣ।"

ਅਸੀਂ ਕਹਾਂਗੇ ਕਿ ਤੈਨੂੰ ਇਹ ਭੁਲ ਗਏ ਸਨ ਫਿਰ ਇਨ੍ਹਾਂ ਨੂੰ ਇਕ ਮੌਕਾ ਦੇ ਦੇ ਹ। ਜਿਵੇਂ:

***ਧੰਨੁ ਧੰਨੁ ਰਾਜਾ ਜਨਕ ਹੈ ਜਿਨਿ ਸਿਮਰਨੁ ਕੀਓ ਬਿਬੇਕ।***

***ਏਕ ਘੜੀ ਕੇ ਸਿਮਰਨੇ ਪਾਪੀ ਤਰੈ ਅਨੇਕੁ।***

ਜਦ ਰਾਜੇ ਦਾ ਅੰਤ ਵੇਲਾ ਆਇਆ ਤਾਂ ਦੇਵਤੇ ਫਰਿਸ਼ਤੇ ਉਨ੍ਹਾਂ ਨੂੰ ਲੈਣ ਵਾਸਤੇ ਆਏ । ਆਡਰ ਕੀਤਾ ਗਿਆ ਕਿ ਸਾਰੀ ਉਮਰ ਵਿਚ ਇਸ ਨੇ ਕੋਈ ਦੁਖ ਨਹੀਂ ਦੇਖਿਆ, ਇਸ ਨੂੰ ਨਰਕ ਵਲ ਦੇ ਪਾਸੇ ਤੋਂ ਲਿਆਂਦਾ ਜਾਵੇ। ਜਦੋਂ ਰਾਜੇ ਜਨਕ ਨੂੰ ਉਧਰੋਂ ਦੀ ਲੈ ਕੇ ਗਏ ਤਾਂ ਉਹ ਨਰਕਾਂ ਵਿਚ ਸੜ ਰਹੇ ਜੀਵਾਂ ਦੀ ਹਾਹਾਕਾਰ ਸੁਣ ਕੇ ਖਲੋ ਗਏ। ਉਹ ਕਹਿਣ ਲੱਗੇ, ਠਹਿਰੋ! ਇਹ ਕਿਸ ਚੀਜ ਦਾ ਸ਼ੋਰ ਹੈ? ਤਾਂ ਉਹਨਾਂ ਦੇ ਵਤਿਆਂ ਨੇ ਕਿਹਾ ਕਿ ਇਹ ਨਰਕ ਕੁੰਡ ਹੈ। ਉਹ ਜਦੋਂ ਦੇਖਣ ਲਈ ਅੰਦਰ ਗਏ , ਦਿਆਲੂ ਹੋਣ ਦੇ ਨਾਤੇ ਉਹਨਾਂ ਨੂੰ ਦਇਆ ਆਈ ਅਤੇ ਧਰਮਰਾਜ ਨੂੰ ਕਿਹਾ ਕਿ ਇਹ ਸਾਰੇ ਬੰਦੇ ਆਜ਼ਾਦ ਕਰ ਦਿਉ।

ਧਰਮ ਰਾਜ ਨੇ ਕਿਹਾ ਕਿ ਇਸ ਦੇ ਬਦਲੇ ਕੋਈ ਕੀਮਤ ਦੇਣੀ ਪਵੇਗੀ।

ਰਾਜਾ ਜਨਕ ਨੇ ਜਵਾਬ ਦਿੱਤਾ ਕਿ ਮੈਂ ਇਕ ਘੜੀ ਦਾ ਸਿਮਰਨ ਇਸ ਦੇ ਬਦਲੇ

ਵਿਚ ਦਿੰਦਾ ਹਾਂ।

ਕਹਿੰਦੇ ਹਨ ਕਿ ਜੇਕਰ ਜੀਵ ਆਪਣੇ ਗੁਰੂ ਦਾ ਇਕ ਵਾਰੀ ਵੀ ਸੱਚੇ ਹਿਰਦੇ ਨਾਲ ਨਾਮ ਮੂੰਹੋਂ ਲਵੇ ਤਾਂ ਉਸ ਦਾ ਵੀ ਉਹ ਫੱਲ ਦਿੰਦਾ ਹੈ।

ਰਾਜਾ ਜਨਕ ਦੇ ਇਕ ਘੜੀ ਦੇ ਸਿਮਰਨ ਦਾ ਫੱਲ ਉਹਨਾਂ ਨਰਕਾਂ ਵਿਚ ਸੜ ਰਹੇ ਜੀਵਾਂ ਦੇ ਪਾਪਾਂ ਦੇ ਭਾਰ ਨਾਲੋਂ ਜ਼ਿਆਦਾ ਹੋ ਗਿਆ ਅਤੇ ਉਸ ਨੇ ਸਭ ਨੂੰ ਅਜ਼ਾਦ ਕਰਵਾ ਦਿੱਤਾ।

ਰਾਜਾ ਜਨਕ ਨਰਕ ਤੋਂ ਹੋ ਕੇ ਬੈਕੁੰਠ ਅਤੇ ਬੈਕੁੰਠ ਤੋਂ ਹੋ ਕੇ ਸਚਖੰਡ ਪਹੁੰਚੇ। ਸਚਖੰਡ ਵਿਚ ਜਦੋਂ ਨਿਰੰਕਾਰ ਦੇ ਪੇਸ਼ੀ ਹੋਈ ਤਾਂ ਬਿਧਮਾਤਾ ਨਿਰੰਕਾਰ ਦੇ ਰੂਪ ਵਿਚ ਉਥੇ ਖੜੀ ਹੈ। ਉਸ ਨੇ ਅਵਾਜ਼ ਦਿੱਤੀ, ਹੇ ਰਾਜਾ ਜਨਕ ਤੂੰ ਜਿੰਨੇ ਆਦਮੀ ਆਪਣੇ ਨਾਲ ਬੈਕੁੰਠ ਵਿਚ ਨਰਕਾਂ ਤੋਂ ਲੈ ਕੇ ਆਇਆ ਹੈਂ ਉਹ ਆਦਮੀ ਤੇਰੀ ਇਕ ਘੜੀ ਦੀ ਭਗਤੀ ਕਰਕੇ ਆਏ ਹਨ ਪਰ ਜੇ ਤੂੰ ਮੁੜ ਕੇ ਇਹਨਾਂ ਨੂੰ ਇਥੇ ਲਿਆਉਣਾ ਚਾਹੁੰਦਾ ਹੈਂ ਤਾਂ ਮੁੜ ਕੇ ਫਿਰ ਧਰਤੀ ਤੇ ਜਨਮ ਲੈ ਕੇ ਵਾਪਸ ਆ, ਇਹਨਾਂ ਬੰਦਿਆਂ ਦੀ ਮਦਦ ਕਰ ਨਾਮ ਜਪਾ ਫਿਰ ਤੈਨੂੰ ਇਥੇ ਸੱਚਖੰਡ ਵਿਚ ਸ਼ਰਣ ਮਿਲੇਗੀ। ਰਾਜੇ ਜਨਕ ਨੂੰ ਫਿਰ ਰਾਜਾ ਭੋਜ ਬਣਨਾ ਪੈ ਗਿਆ। ਰਾਜੇ ਭੋਜ ਨੇ ਆ ਕੇ ਫਿਰ ਦੁਨੀਆਂ ਤੇ ਪਰਉਪਕਾਰ ਕੀਤਾ।

## ਰੂਹ ਪ੍ਰਮਾਤਮਾ ਦੀ ਹੈ, ਸਰੀਰ ਮਨੁੱਖ ਦਾ ਹੈ।

ਸੋ ਇਸ ਲਈ ਰਾਜਾ ਭੋਜ ਦੇ ਕਰਮ ਕਮਾਉਣ ਤੋਂ ਬਾਦ ਫਿਰ ਉਹਨਾਂ ਗੁਰੂ ਨਾਨਕ ਸਾਹਿਬ ਦਾ ਚੋਲਾ ਬਦਲਿਆ ਭਾਵ ਚੋਲਾ ਪਾਇਆ। ਦੁਨੀਆਂ ਤੇ ਆ ਕੇ ਥਾਂ ਥਾਂ ਤੇ ਜਾ ਕੇ ਉਪਦੇਸ਼ ਦਿੱਤੇ। ਸਾਹਿਬ ਦਾ ਮਜਮੂਨ ਬੜੇ ਛੋਟੇ ਸਾਦੇ ਤੇ ਸਰਲ ਲਫਜਾਂ ਵਿਚ ਹੈ ਕਿ ਸੂਰਜ ਸਾਹਮਣੇ ਦੀਵੇ ਨਹੀਂ ਜਗਦੇ ਅਤੇ ਸੂਰਜ ਦੀ ਲੋਅ ਦੀਵੇ ਨੂੰ ਚੰਗੀ ਨਹੀਂ ਲਗਦੀ। ਅਸੀਂ ਪਿਛਲੇ ਸਤਿਸੰਗ ਵਿਚ ਕਿਹਾ ਸੀ ਕਿ:—

ਜੇ ਇਕ ਆਦਮੀ ਅਖਾਂ ਤੋਂ ਅੰਨਾਂ ਹੋਵੇ ਦੂਜਾ ਉਸ ਨੂੰ ਹਨ੍ਹੇਰੇ ਕਮਰੇ ਵਿਚ ਬਿਠਾ ਦਿਉ ਤਾਂ ਕਿੰਨੀ ਮਾੜੀ ਗੱਲ ਹੈ, ਇਸੇ ਤਰ੍ਹਾਂ ਇਕ ਤੁਸੀ ਅੱਖਾਂ ਤੋਂ ਅੰਨ੍ਹੇ ਦੂਜਾ ਤੁਸੀ ਦੁਨੀਆਂ ਦੇ ਹਨ੍ਹੇਰੇ ਵਿਚ ਭਜੇ ਫਿਰਦੇ ਹੋ, ਸੂਰਜ ਦੀਆਂ ਕਿਰਨਾਂ ਵਿਚ ਜਾਂ ਦਿਨ ਚੜ੍ਹਨ ਦੇ ਬਾਵਜੂਦ ਵੀ ਤੁਸੀ ਬੰਦੇ ਨਹੀਂ ਪਛਾਣ ਸਕਦੇ ਕਿ ਸਾਡਾ ਸੱਚਾ ਦੋਸਤ ਕੌਣ ਹੈ? ਸੱਚਾ ਮਿੱਤਰ ਕੌਣ ਹੈ? ਸੱਚਾ ਸਾਥੀ ਕੌਣ ਹੈ?

ਰਾਤ ਤਾਂ ਰਾਤ ਹੀ ਹੈ, ਰਾਤ ਨੂੰ ਤਾਂ ਹਰ ਬੰਦੇ ਨੂੰ ਨੀਂਦਰ ਹੀ ਆਉਂਦੀ ਹੈ ਜਾਂ ਫਿਰ ਉਹ ਆਦਮੀ ਕੰਮ ਕਰਨ ਜਾਂਦਾ ਹੈ ਜਿਸ ਨੂੰ ਰੋਟੀ ਦੀ ਭੁੱਖ ਹੁੰਦੀ ਹੈ ਵੈਸੇ ਰਾਤ ਨੂੰ ਕੋਈ ਨਹੀਂ ਜਾਗਦਾ।

ਮਾਇਆ ਪ੍ਰਮਾਤਮਾ ਦੀ ਦੇਣ ਹੈ। ਅਜ ਦੇ ਮਜਮੂਨ ਵਿਚ ਅਸੀਂ ਉਹ ਚੀਜਾਂ ਕਹਾਂਗੇ ਜਿਹੜੀਆਂ ਤੁਹਾਡੇ ਜਾਮੇ ਤੋਂ ਉਚੀਆਂ ਹੋਣ ਅਤੇ ਸਰੇਸ਼ਟ ਹੋਣ। ਜਿਸ ਤਰ੍ਹਾਂ ਅਸੀਂ ਇਕ ਮਜਮੂਨ ਵਿਚ ਲਿਖਿਆ ਹੈ ਕਿ:

***ਮੱਕੇ ਹਜ ਗੁਜਾਰਨ ਮੋਮਨ, ਮਨੋ ਅਭਿਮਾਨ ਨਾ ਜਾਈ***

ਭਾਵ ਮੁਸਲਮਾਨ ਲੋਕ ਮੱਕੇ ਦਾ ਹੱਜ ਕਰਕੇ ਮਨ ਵਿਚ ਇਹ ਹੰਕਾਰ ਲੈ ਆਉਂਦੇ ਹਨ ਕਿ ਅਸੀਂ ਬੜਾ ਵਡਾ ਕੰਮ ਕੀਤਾ ਹੈ।

***ਕਾਂਸ਼ੀ ਮਥਰਾ ਭਟਕਣ ਹਿੰਦੂ, ਕਰਨ ਜਬਾਨੀ ਚਤੁਰਾਈ।***

ਜਬਾਨੀ ਚਤੁਰਾਈ ਹਿੰਦੂ ਲੋਕ ਕਰਦੇ ਫਿਰਦੇ ਹਨ ਕਿ ਸਾਨੂੰ ਬੜਾ ਗਿਆਨ ਹੈ ਅਸੀਂ ਬੜੇ ਬੇਦ-ਕਤੇਬ ਪੜੇ ਹਨ। ਸੋ ਇਸ ਦੇ ਨਾਲ ਅਸੀਂ ਅਜ ਦੇ ਮਜਮੂਨ ਨੂੰ ਉੱਤਮ ਅਤੇ ਸਰੇਸ਼ਟ ਕਰਨਾ ਹੈ ਜਿਸ ਨਾਲ ਜਾਮਾ ਮਹਾਨ ਬਣੇ।

***ੴਤਨੁ ਮਨੁ ਮਉਲਿਆ ਰਾਮ ਸਿਉ***

***ਸੰਗਿ ਸਾਧ ਸਹੇਲੜੀਆਹ।***

***ਸਾਧ ਜਨਾ ਤੇ ਬਾਹਰੀ***

***ਸੇ ਰਹਨਿ ਇਕੇਲੜੀਆਹ।***

ਜਿਵੇਂ ਔਹ ਬੀਬੀ ਦਾ ਬੱਚਾ ਰੋ ਪਿਆ ਹੈ ਤੁਸੀਂ ਸਾਰੇ ਹੀ ਉਧਰ ਦੇਖਣ ਲਗ ਪਏ ਹੋ, ਉਸ ਨੇ ਬੱਚੇ ਨੂੰ ਮਾਰ ਵੀ ਲਿਆ ਹੈ ਕਿਉਂਕਿ ਉਸ ਦਾ ਦਿਲ ਸਤਿਸੰਗ ਵਿਚ ਬੈਠਣ ਨੂੰ ਕਰਦਾ ਹੈ, ਉਠੱ ਕੇ ਬੱਚੇ ਨੂੰ ਬਾਹਰ ਲੈ ਕੇ ਜਾਣ ਨੂੰ ਨਹੀਂ ਕਰਦਾ, ਇਸੇ ਤਰ੍ਹਾਂ ਹੀ ਜੇ ਤੁਹਾਡਾ ਮਨ ਰੂਪੀ ਬੱਚਾ ਰੋਂਦਾ ਹੋਵੇ ਅਤੇ ਤੁਸੀਂ ਉਸ ਨੂੰ ਚਪੇੜਾਂ ਮਾਰ ਕੇ ਬਾਹਰ ਕਢ ਕੇ ਲੈ ਜਾਉ ਤਾਂ ਮੇਰਾ ਖਿਆਲ ਹੈ ਕਿ ਤੁਹਾਡੀ ਆਤਮਾ ਜਵਾਨ ਹੋ ਸਕਦੀ ਹੈ। ਜਿਵੇਂ ਉਸ ਬੀਬੀ ਦਾ ਦਿਲ ਨਹੀਂ ਕਰਦਾ ਕਿ ਮੈਂ ਇਥੋਂ ਉਠਾਂ, ਇਸੇ ਤਰ੍ਹਾਂ ਹੀ ਤੁਹਾਡੀ ਆਤਮਾ ਦਾ ਵੀ ਦਿਲ ਨਹੀਂ ਕਰਦਾ ਕਿ ਮੈਂ ਮਾੜ੍ਹਾ ਰਾਹ ਅਪਨਾਵਾਂ। ਪਰ ਜੋ ਮਨ ਰੂਪੀ ਬ੍ਰਹਮਾ ਦੀ ਔਲਾਦ ਇਸ ਸਰੀਰ ਵਿਚ ਫਸੀ ਹੋਈ

ਹੈ ਉਸ ਨੂੰ ਤੁਸੀਂ ਚਪੇੜਾਂ ਮਾਰੋ। ਜਿਸ ਤਰ੍ਹਾਂ ਅਸੀਂ ਬਹੁਤ ਵਾਰੀ ਆਖਿਆ ਕਰਦੇ ਹਾਂ ਕਿ ਦੁਸ਼ਮਣ ਦਾ ਡਟ ਕੇ ਮੁਕਾਬਲਾ ਕਰੋ ਉਹ ਦੁਸ਼ਮਣ ਤੁਹਾਡਾ ਕੌਣ ਹੈ? ਉਹ ਹੈ ਤੁਹਾਡਾ ਮਨ। ਜਿਹੜਾ ਆਤਮਾ ਤੇ ਪ੍ਰਮਾਤਮਾ ਦੇ ਦਰਮਿਆਨ ਖੜ੍ਹਾ ਹੈ। ਜਦੋਂ ਤੁਸੀਂ ਇਸ ਨੂੰ ਵਿਚੋਂ ਹਟਾ ਦਿਉਗੇ ਤਾਂ ਆਤਮਾ ਦਾ ਮਿਲਾਪ ਪ੍ਰਮਾਤਮਾ ਨਾਲ ਹੋ ਸਕਦਾ ਹੈ ਅਤੇ ਆਤਮਾ ਜੁਆਨ ਹੋ ਜਾਵੇਗੀ। ਇਸੇ ਤਰ੍ਹਾਂ ਹੀ ਸੰਤ ਮਹਾਤਮਾ ਜੁਗਾਂ ਜੁਗੰਤਰਾਂ ਤੋਂ ਸਾਨੂੰ ਇਹ ਸਮਝਾਂਦੇ ਆਏ ਹਨ ਕਿ ਤੁਸੀਂ ਉਚੇ ਹੋਵੋ, ਮਹਾਨ ਹੋਵੋ, ਵਡੇ ਬਣੋ। ਸੋ ਅਸੀਂ ਇਸ ਮਜਮੂਨ ਵਿਚ ਤੁਹਾਨੂੰ ਇਹ ਸਮਝਾ ਰਹੇ ਸਾਂ ਕਿ ਕਿਸ ਕਿਸ ਤਰ੍ਹਾਂ ਉਹ ਚੀਜਾਂ ਪੈਦਾ ਹੁੰਦੀਆਂ ਹਨ ਜਿਸ ਨਾਲ ਤੁਸੀਂ ਆਪਣੇ ਇਸ ਇਨਸਾਨੀ ਜਾਮੇ ਨੂੰ ਉੱਚਾ ਕਰ ਸਕਦੇ ਹੋ। ਆਪਣੀ ਰਚਨਾ ਵਿਚ ਫਿਰ ਅਸੀਂ ਇਹ ਬਿਆਨ ਕੀਤਾ ਹੈ ਕਿ:

***ਹਿਰਦੇ ਵਸੇ ਨਾ ਗੁਰ ਗੋਬਿੰਦ, ਫਿਰਨ ਧੌਣ ਅਕੜਾਈ।***

ਭਾਵ ਗੁਰੂ ਗੋਬਿੰਦ ਨੂੰ ਆਪਣੇ ਹਿਰਦੇ ਵਿਚ ਵਸਾ ਨਹੀਂ ਸਕੇ, ਉਸ ਨੂੰ ਜਾਣ ਨਹੀਂ ਸਕੇ ਕਿ ਉਹ ਸਾਨੂੰ ਕਿਹੜੀ ਚੀਜ਼ ਦੇ ਗਏ ਸਨ ਬਸ ਐਵੇਂ ਆਪਣੀਆਂ ਧੌਣਾਂ ਚੁਕੀ ਫਿਰ ਰਹੇ ਹਾਂ ਕਿ ਅਸੀਂ ਕਿਸੇ ਨੂੰ ਮੱਥਾ ਹੀ ਨਹੀਂ ਟੇਕਦੇ।

***ਮਤ ਪਰਾਈ ਮਰਨ ਅਨਿਆਈ ਮੌਤੀਂ, ਸ਼ਹੀਦੀ ਆਖਣ ਪਾਈ।***

ਅਜ ਦੇ ਹਾਲਾਤਾਂ ਨੂੰ ਮੁੱਖ ਰਖਦਿਆਂ ਹੋਇਆਂ ਦੂਜੇ ਲੋਕਾਂ ਦੀਆਂ ਮੱਤਾਂ ਲੈ ਕੇ ਅਨਿਆਈ ਮੌਤੇ ਮਰਦੇ ਫਿਰਦੇ ਹਾਂ ਫਿਰ ਆਖਦੇ ਹਨ ਕਿ ਅਸੀਂ ਸ਼ਹੀਦੀ ਪਾਈ ਹੈ ਜਾਂ ਪਾ ਰਹੇ ਹਾਂ, ਇਹ ਉਹ ਵੇਰਵਾ ਹੈ ਜੋ ਅਸੀਂ ਅਜ ਦੇ ਹਾਲਾਤਾਂ ਵਿਚ ਕਰ ਰਹੇ ਹਾਂ।

***ਗੁਰੂ ਨਾ ਜਾਨੇ ਮੱਤ ਭੇਦ ਸਿਖਾਵੇ ਨਾ ਮਨੁਖ ਲੜਾਈ।***

ਜਿਹੜਾ ਅਸਲ ਗੁਰੂ ਹੈ ਉਸ ਵਿਚ ਨਾ ਤਾਂ ਆਪਸੀ ਮੱਤ ਭੇਦ ਹੁੰਦਾ ਹੈ ਅਤੇ ਨਾ ਹੀ ਮਨੁੱਖਾਂ ਨੂੰ ਉਹ ਆਪਸ ਵਿਚ ਲੜਾਈ ਕਰਨਾ ਹੀ ਸਿਖਾਉਂਦਾ ਹੈ।

***ਪ੍ਰੇਮ ਸ਼ਸਤਰ ਦੇਵਣ ਸਭੇ ਮਨਮੁਖ ਸੂਝ ਨਾ ਪਾਈ।***

ਉਹ ਸਭ ਨੂੰ ਆਪਣੇ ਪ੍ਰੇਮ ਦੇ ਸ਼ਸਤਰ ਦਿੰਦੇ ਹਨ, ਰਬ ਕੋਲ ਸਭ ਤੋਂ ਵੱਡਾ ਸ਼ਸਤਰ ਹੀ ਮਨੁੱਖ ਹੈ। ਜਿਵੇਂ ਗੁਰੂ ਨਾਨਕ, ਜਿਹਨਾਂ ਧਰਤੀ ਤੇ ਆ ਕੇ ਇਕ ਉਂਗਲ ਨਾਲ

ਹੀ ਮੱਕਾ ਹਿਲਾ ਕੇ ਰਖ ਦਿੱਤਾ ਉਹ ਕਿਡੱਾ ਵਡਾ ਪ੍ਰੇਮ ਹਥਿਆਰ ਸੀ? ਪਰ ਜਿਹੜੇ ਅਸੀਂ ਅਜ ਕਲ ਬਾਹਰੀ ਹਥਿਆਰ ਚੁਕੀ ਫਿਰਦੇ ਹਾਂ ਉਹ ਠੀਕ ਨਹੀਂ ਹਨ।

***ਦਰਸ਼ਨ ਦਾਸ ਰਹਿਮਤ ਮੰਗੇ ਕਰੋ ਨਾਥ ਰਘੁਰਾਈ।***

ਅਸੀਂ ਪ੍ਰਮਾਤਮਾ ਤੇਰੇ ਪਾਸੋਂ ਰਹਿਮਤ ਤੇ ਦਇਆ ਦੀ ਭੀਖ ਮੰਗਦੇ ਹਾਂ ਕਿ ਹੇ ਰਘੁਨਾਥ ਹੇ ਰਘੁਰਾਈ ਤੂੰ ਮਿਹਰ ਕਰ ਜਿਸ ਮਿਹਰ ਦੇ ਸਦਕੇ ਅਸੀਂ ਸਾਰੇ ਲੋਕ ਆਪਣੇ ਜਾਮੇ ਨੂੰ ਉਚਾ ਕਰ ਸਕੀਏ। ਫਿਰ ਅਸੀਂ ਲਿਖਿਆ ਹੈ:-

***ਰਖਣ ਰੋਜੇ ਮਨਾਵਣ ਈਦਾਂ, ਲੁਟਣ ਨਿਤੱ ਖੁਦਾਈ।***

ਝੂਠ ਬੋਲਕੇ ਦੁਨੀਆਂ ਨੂੰ ਲੁਟਦੇ ਹਨ ਪਰ ਵੈਸੇ ਰੋਜ਼ੇ ਤੇ ਈਦਾਂ ਮਨਾਂਦੇ ਫਿਰਦੇ ਹਨ।

***ਕਰਨ ਇਸ਼ਨਾਨ ਨਿਤੱ ਤੀਰਥੀਂ ਮਨੋ ਮੈਲ ਨਾ ਗਵਾਈ।***

ਤੀਰਥਾਂ ਤੇ ਇਸ਼ਨਾਨ ਕਰਦੇ ਹਨ, ਨਹਾਉਂਦੇ ਹਨ ਚੁਭੀਆਂ ਮਾਰਦੇ ਹਨ ਪਰ ਮਨ ਦੀ ਮੈਲ ਨੂੰ ਸਾਫ਼ ਨਹੀਂ ਕਰਦੇ।

***ਮੂੰਹ ਦੇ ਮਿੱਠੇ ਦਿਲ ਦੇ ਖੋਟੇ ਬਣ ਬੈਠੇ ਰੱਬ ਦੇ ਈਸਾਈ।***

ਕਰਿਸਚਨ ਹੋ ਕੇ ਵੀ ਮੂੰਹ ਦੀ ਮਿੱਠੀ ਜਬਾਨ ਕਰਕੇ ਦਿਲ ਵਿਚ ਖੋਟ ਰਖਦੇ ਹਨ। ਮੂੰਹ ਤੋਂ Sir-Sir (ਜਨਾਬ ਜਨਾਬ) ਕਰਦੇ ਹਾਂ ਪਰ ਦਿਲ ਵਿਚ ਪਾਪ ਹੈ।

***ਕੁਕੜਾਂ ਵਾਂਗੂੰ ਚੁੰਜਾਂ ਮਾਰਨ, ਪੰਜ ਕੱਕਿਆਂ ਲਾਜ ਲਾਈ।***

ਅਜ ਕੁਕੜਾਂ ਵਾਂਗੂੰ ਅਸੀ ਇਕ ਦੂਜੇ ਨਾਲ ਲੜ ਰਹੇ ਹਾਂ ਕਿ ਅਸੀਂ ਹੀ ਸਿੰਘ ਹਾਂ ਅਸੀਂ ਹੀ ਖਾਲਸੇ ਹਾਂ ਸਾਡਾ ਅੰਮ੍ਰਿਤ ਹੀ ਉਚਾ ਹੈ ਪਰ ਜੋ ਪੰਜ ਕੱਕੇ ਸਾਹਿਬ ਨੇ ਬਿਆਨ ਕੀਤੇ ਸਨ ਉਹਲਾਂ ਨੂੰ ਲਾਜ ਲਾ ਰਹੇ ਹਾਂ।

ਤੁਸੀਂ ਆਪਣੇ ਆਪ ਨੂੰ ਪਛਾਣੋ ਅਤੇ ਇਹ ਸਾਰੀਆਂ ਲੜਾਈਆਂ ਛੱਡ ਦਿਉ।

***ਦਰਸ਼ਨ ਦਾਸ ਕਰੇ ਅਰਜੋਈ, ਕਰੋ ਦਇਆ ਗੁਸਾਈਂ।***

ਭਾਵ ਹੇ ਪ੍ਰਮਾਤਮਾ ਅਸੀਂ ਤੇਰੇ ਅਗੇ ਇਹ ਅਰਜ਼ੋਈ ਕਰਦੇ ਹਾਂ ਕਿ ਤੂੰ ਦਇਆ ਕਰ, ਮਿਹਰ ਕਰ, ਕਿਰਪਾ ਕਰ। ਇਹ ਸਭ ਬਾਹਰੀ ਰੂਪ ਵਿਚ ਹੈ ਸਾਡਾ ਇਹ Revelation (ਰਬੀ ਪੈਗਾਮ) ਹੈ। ਇਹ ਤੁਹਾਡੇ ਲਈ ਨਹੀ ਹੈ ਅਸੀਂ ਉਸ ਚੀਜ਼ ਨੂੰ ਸੋਧ ਦੇ ਰਹੇ ਹਾਂ। ਤੁਸੀਂ ਜਿਸ ਤਰ੍ਹਾਂ ਨਾਂਗੇ ਸਾਧੂਆਂ ਨੂੰ ਦੇਖਦੇ ਹੋ ਉਹਨਾਂ ਵੱਡੀਆਂ

ਵੱਡੀਆਂ ਜਟਾਵਾਂ ਰਖੀਆਂ ਹੋਈਆਂ ਹੁੰਦੀਆਂ ਹਨ, ਕਈਆਂ ਨੇ ਦਾੜ੍ਹੀਆਂ ਰਖੀਆਂ ਹੋਈਆਂ ਹੁੰਦੀਆਂ ਹਨ, ਕੇਸ ਸਜਾਏ ਹੋਏ ਹੁੰਦੇ ਹਨ, ਜਿਵੇਂ:

***ਦਾੜ੍ਹੀਆਂ ਰਖਣ ਕੇਸ ਸਜਾਵਣ।***

***ਮੰਗਣ ਜੋਰੀ ਦਾਨ ਚੜਾਵੇ ਖਾਵਣ।***

ਦਾੜੀਆਂ ਅਤੇ ਕੇਸ ਸਜਾ ਕੇ, ਲੋਕਾਂ ਕੋਲੋਂ ਜਬਰਦਸਤੀ ਜਾ ਕੇ ਦਾਨ ਮੰਗਦੇ ਹਨ ਅਤੇ ਚੜ੍ਹਾਵੇ ਖਾਂਦੇ ਹਨ।

***ਆਪ ਹਨ੍ਹੇਰੇ ਉਮਤ ਚਾਨਣ ਦਿਖਾਵਣ।***

***ਪੋਥੀਆਂ ਪੜ੍ਹ ਪੜ੍ਹ ਕਾਂ ਰੌਲਾ ਪਾਵਣ।***

ਪੋਥੀਆਂ ਪੜ੍ਹਦੇ ਹਨ ਤੇ ਕਾਵਾਂ ਵਾਂਗ ਰੌਲਾ ਪਾਉਂਦੇ ਹਨ ਉਹ ਖੁਦ ਤਾਂ ਹਨੇਰੇ ਵਿਚ ਹਨ ਪਰ ਦੁਨੀਆਂ ਨੂੰ ਚਾਨਣ ਦਿਖਾਉਂਦੇ ਹਨ।

***ਅਲ੍ਹਾ ਦੁਹਾਈ ਮੁਰਦੇ ਖਾਵਣ।***

***ਪੜ੍ਹਨ ਨਮਾਜ਼ਾਂ ਮਸੀਤੇ ਜਾਵਣ।***

ਨਮਾਜਾਂ ਪੜ੍ਹਦੇ, ਮਸੀਤੇ ਜਾਂਦੇ ਤੇ ਮੁਰਦੇ ਭਾਵ ਮਰੇ ਹੋਏ ਜਾਨਵਰ ਖਾਂਦੇ ਹਨ ਅਤੇ ਕਹਿੰਦੇ ਹਨ ਕਿ ਇਹ ਸਭ ਰਬ ਨੂੰ ਪਰਵਾਨ ਹੋ ਰਹੇ ਹਨ। ਜਾਨਵਰ ਮਾਰ ਕੇ ਪੇ ਟ ਭਰਦੇ ਹਨ ਅਤੇ ਬਕਰੀਦਾਂ ਮਨਾਉਂਦੇ ਹਨ।

***ਤਿਲਕ ਜੰਞੂ ਪਾ ਕੇ ਹੰਧੇ ਖਾਵਣ।***

***ਤੀਰਥ ਨਾਵਣ ਉਠ ਮੰਦਰੀਂ ਜਾਵਣ।***

ਮੰਦਰਾਂ ਵਿਚ ਜਾਂਦੇ ਅਤੇ ਤੀਰਥਾਂ ਤੇ ਇਸ਼ਨਾਨ ਕਰਦੇ ਹਨ। ਤਿਲੱਕ ਲਾ ਕੇ ਤੇ ਜੰਞੂ ਪਾ ਕੇ ਹੰਧੇ ਖਾਂਦੇ ਹਨ, ਫਿਰ ਕਹਿੰਦੇ ਹਨ ਕਿ ਅਸੀ ਰੱਬ ਦੇ ਬੰਦੇ ਹਾਂ। ਫਿਰ ਕਿਹਾ ਹੈ:

***ਕਹੁ ਦਰਸ਼ਨ ਸਭ ਭੇਖ ਪਖੰਡਾ।***

***ਜਿਸ ਹਿਰਦੇ ਸੋ ਪਰਮਾਨੰਦਾ।***

ਜਿਸ ਦੇ ਹਿਰਦੇ ਵਿਚ ਉਹ ਪ੍ਰਮਾਤਮਾ ਵਸ ਗਿਆ ਉਸ ਵਾਸਤੇ ਇਹ ਸਭ ਭੇਖ ਹਨ।

***ਭੇਖ ਦਿਖਾਏ ਜਗਤ ਕੋ ਲੋਗਨ ਕੋ ਵਸ ਕੀਨ।***

***ਅੰਤਿਕਾਲ ਕਾਟੀ ਕਟੇ ਵਾਸ ਨਰਕ ਮਹਿ ਲੀਨ।***

ਅਜ ਕਲ ਦੇ ਹਾਲਾਤਾਂ ਨੂੰ ਮੁਖ ਰਖਦਿਆਂ ਹੋਇਆਂ ਦੇਖੋ ਸਭ ਪਾਸੇ ਕਹਿੰਦੇ ਹਨ ਕਿ ਖਤਰਾ ਪੈ ਗਿਆ, ਧਰਮ ਨੂੰ ਖਤਰਾ ਹੈ, ਅਸੀਂ ਲਿਖਿਆ ਹੈ ਕਿ:

***ਖਤਰਾ ਈਮਾਨ ਕੋ ਨਹੀਂ, ਇਨਸਾਨ ਕੋ।***

ਤੁਹਾਡਾ ਧਰਮ, ਈਮਾਨ ਰੱਬ ਲਈ ਹੈ ਪਰ ਕੁਝ ਇਨਸਾਨਾਂ ਨੂੰ ਖਤਰਾ ਪੈ ਗਿਆ ਹੈ ਮਾਇਆ ਦਾ, ਭਾਵ ਚੜ੍ਹਾਵਿਆਂ ਦਾ।

***ਸਾਧੂ ਕੋ ਨਹੀਂ ਸ਼ੈਤਾਨ ਕੋ।***

ਸਾਧੂ ਨੂੰ ਕੋਈ ਖਤਰਾ ਨਹੀਂ ਹੁੰਦਾ। ਖਤਰਾ ਹਮੇਸ਼ਾਂ ਹੀ ਸ਼ੈਤਾਨ ਨੂੰ ਹੁੰਦਾ ਹੈ ਕਿਉਂਕਿ ਉਸ ਨੇ ਫੜਿਆ ਜਾਣਾ ਹੁੰਦਾ ਹੈ।

***ਬੁਲ ਕੋ ਨਹੀਂ ਗੁਲ ਕੋ।***

ਖਤਰਾ ਕੋਇਲ ਨੂੰ ਨਹੀਂ ਫੁਲਾਂ ਨੂੰ ਹੁੰਦਾ ਹੈ। ਫੁੱਲ ਨੂੰ ਖਤਰਾ ਪੈ ਜਾਂਦਾ ਹੈ ਕਿ ਭੰਵਰਾ ਮੇਰੇ ਤੇ ਘੁੰਮਣ ਲਗ ਪਿਆ ਹੈ ਮੇਰਾ ਰਸ ਚੂਸ ਲਵੇਗਾ।

***ਖੁਦਾ ਕੋ ਨਹੀਂ, ਖੁਦ ਕੋ।***

ਰਬ ਨੂੰ ਕੋਈ ਖਤਰਾ ਨਹੀਂ ਬਲਕਿ ਤੁਹਾਨੂੰ ਖੁਦ ਨੂੰ ਖਤਰਾ ਪੈ ਗਿਆ ਹੈ ਕਿਉਂਕਿ ਤੁਹਾਡੀਆਂ ਚੀਜਾਂ ਖੁੱਸਣ ਲਗੀਆ ਹਨ।

***ਧਰਮ ਕੋ ਨਹੀਂ, ਸ਼ਰਮ ਕੋ।***

ਧਰਮ ਨੂੰ ਕੋਈ ਖਤਰਾ ਨਹੀਂ, ਤੁਹਾਡੀਆਂ ਸ਼ਰਮਾਂ ਨੂੰ ਖਤਰਾ ਪੈ ਗਿਆ ਹੈ, ਤੁਹਾਨੂੰ ਸ਼ਰਮਾਂ ਆਉਂਦੀਆਂ ਹਨ।

***ਸਾਂਝ ਕੋ ਨਹੀਂ ਭਰਮ ਕੋ।***

ਜਿਥੇ ਦੋਸਤੀ ਮਿੱਤਰਤਾ ਹੈ ਉਥੇ ਕਾਹਦਾ ਖਤਰਾ ਹੈ? ਭਰਮ ਨੂੰ ਹੀ ਖਤਰਾ ਹੁੰਦਾ ਹੈ ਕਿ ਖਬਰੇ ਇਸ ਨੇ ਮੇਰੇ ਕੰਮ ਆਉਣਾ ਹੈ ਕਿ ਨਹੀਂ? ਇਹ ਜੋ ਸ਼ਕ, ਭਰਮ ਹੈ ਇਸ ਦਾ ਤੁਹਾਨੂੰ ਖਤਰਾ ਪਿਆ ਹੋਇਆ ਹੈ।

ਅਸੀਂ ਇਕ ਦਿਨ ਘਰ ਲੰਮੇ ਪਏ ਸਾਂ, ਅਸੀਂ ਮਹਾਰਾਜ ਭਾਵ ਆਪਣੇ ਰਬ ਨੂੰ ਕਿਹਾ

ਕਿ ਦੇਖ ਅਸੀਂ ਹੁਣ ਥੱਕ ਗਏ ਹਾਂ। ਸਾਡਾ ਦਿਲ ਕਹਿੰਦਾ ਹੈ ਕਿ ਹੁਣ ਤੂੰ ਸਾਨੂੰ ਵਾਪਸ ਬੁਲਾ ਲੈ ਅਤੇ ਕਿਸੇ ਹੋਰ ਨੂੰ ਇਹ ਡਿਊਟੀ ਦੇ ਦੇਹ। ਸਾਡੀ ਸਰਵਿਸ ਸੋਲਾਂ ਸਾਲਾਂ ਦੀ ਹੋ ਚਲੀ ਹੈ, ਪੰਦਰਾਂ ਸਾਲ ਬਾਦ ਤਾਂ Army (ਫੌਜ) ਵਿਚੋਂ ਵੀ ਰੀਟਾਇਰਮੈਂਟ (Retirment) ਮਿਲ ਜਾਂਦੀ ਹੈ ਜੇ ਤੂੰ ਵਧ ਕਰਵਾਉਣੀ ਹੈ ਤਾਂ ਇੱਕੀ ਸਾਲ ਦੀ ਕਰ ਲੈ ਅਸੀਂ ਤੇਰਾ ਚਾਰ ਸਾਲ ਹੋਰ ਕੰਮ ਕਰ ਦਿੰਦੇ ਹਾਂ ਭਾਵ 1990 ਤਕ ਕਰ ਦੇਵਾਂਗੇ। ਉਸ ਸੋਚ ਵਿਚ ਅਸੀਂ ਲਿਖਿਆ ਹੈ:

*ਤੇਰੇ ਤੋਲ ਤਰਾਜੀ ਤੋਂ ਲੈ ਕੇ*

*ਸ਼ਪਥ ਤਲਵਾਰ ਦੀ ਨੋਕ ਤਕ।*

ਤੋਲ ਤਰਾਜੀ ਭਾਵ ਜਿਸ ਨਾਲ ਗੁਰੂ ਨਾਨਕ ਨੇ ਮੋਦੀ ਖਾਨੇ ਵਿਚ ਤੇਰਾ ਤੇਰਾ ਕਰਕੇ ਤੋਲਿਆ। ਦੂਸਰਾ ਉਹ ਤਰਾਜੀ ਜਿਸ ਵਿਚ ਰੁਮਕਣ ਨੇ ਕ੍ਰਿਸ਼ਨ ਮਹਾਰਾਜ ਨੂੰ ਤੋਲਣ ਦੀ ਕੋਸ਼ਿਸ਼ ਕੀਤੀ। ਸ਼ਪਥ ਭਾਵ ਕਸਮ ਹੈ ਤਲਵਾਰ ਦੀ ਨੋਕ ਤਕ। ਉਸ ਤਲਵਾਰ ਦੀ ਕਸਮ ਹੈ ਜਿਹੜੀ ਤੂੰ ਰਣਭੂਮੀ ਵਿਚ ਸ਼ੁੰਭ ਤੇ ਅਸ਼ੁੰਭ ਦੈਤਾਂ ਨੂੰ ਖਤਮ ਕਰਨ ਲਈ ਚੁਕੀ ਸੀ, ਜਾਂ ਉਹ ਤਲਵਾਰ ਜਿਹੜੀ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦਾ ਨਾਸ ਕਰਨ ਲਈ ਚੁਕੀ ਸੀ, ਉਸਦੀ ਕਸਮ ਹੈ।

*ਤੇਜ਼ ਧਾਰਾਂ ਆਰਿਆਂ ਦੀਆਂ*

*ਰੇਤਾਂ ਤੱਤੀਆਂ ਪਵਾਈਆਂ ਤੇਰੀ ਖਾਤਿਰ*

ਤੇਜ਼ ਧਾਰਾਂ, ਮਤੀ ਦਾਸ ਦੇ ਸਿਰ ਤੇ ਚਲੀਆਂ, ਮੋਰ ਧਜ ਰਾਜੇ ਦੇ ਪੁੱਤ੍ਰ ਦੇ ਸਿਰ ਤੇ ਚਲੀਆਂ ਅਤੇ ਰੇਤਾਂ ਤੱਤੀਆਂ ਪਵਾਈਆਂ ਤੇਰੀ ਖਾਤਿਰ, ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਸਿਰ ਤੇ ਤੱਤੀ ਰੇਤ ਵੀ ਪਾਈ ਗਈ ਸੀ ਦੂਸਰਾ ਆਖਦੇ ਹਨ ਕਿ ਮੁਹੰਮਦ ਸਾਹਿਬ ਦੇ ਵਕਤ ਉਹਨਾ ਨਾਲ ਜੋ ਸਤ ਆਦਮੀ ਤੇ ਚਾਰ ਔਰਤਾਂ ਸਨ ਜਦੋਂ ਕਿ ਉਹਨਾਂ ਦਾ ਮਿਸ਼ਨ ਸ਼ੁਰੂ ਹੋਇਆ ਉਹਨਾਂ ਨੂੰ ਤੱਤੀਆਂ ਰੇਤਾਂ ਵਿਚ ਦਫਨ ਕੀਤਾ ਗਿਆ ਅਤੇ ਉਹਨਾਂ ਦੇ ਸਿਰ ਤੇ ਪਥਰ ਰਖੇ ਗਏ ਸਨ ਕਿ ਉਹ ਇਸ ਧਰਮ ਨੂੰ ਛੱਡ ਦੇਣ। ਇਹ ਤੁਕ ਅਸੀਂ ਉਸ ਨੂੰ ਸੰਬੋਧਨ ਕਰਦੇ ਹਾਂ।

*ਤੇਰੀ ਸੋਚ ਦੇ ਸਦਕੇ*

*ਉਹਨਾਂ ਚੁੰਮੀਆਂ ਸੂਲੀਆਂ*

ਭਾਵ ਕਿ ਮਨਸੂਰ ਵਰਗਿਆਂ ਨੇ ਤੇਰੀ ਖਾਤਿਰ ਸੂਲੀਆਂ ਚੁੰਮ ਲਈਆਂ।

***ਜਿਨ੍ਹਾਂ ਕਿੱਲ ਕੰਨਾਂ 'ਚ ਠੁਕਵਾਏ ਤੇਰੀ ਖਾਤਿਰ।***

ਮਹਾਂਵੀਰ ਵਰਗਿਆਂ ਨੇ ਕੰਨਾਂ 'ਚ ਕਿੱਲ ਠੁਕਵਾ ਲਏ ਅਤੇ ਕਹਿੰਦੇ ਹਨ ਕਿ ਫੌਜ ਦੇ ਕਾਨੂੰਨਾਂ ਤੋਂ ਉਲੰਘਣਾ ਕਰਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸੇਵਕ ਦੀਆਂ ਅਖਾਂ ਵਿਚ ਕਿੱਲ ਠੋਕੇ ਗਏ ਸਨ ਅਤੇ ਉਸ ਨੇ ਗੁਰੂ ਸਾਹਿਬ ਦੇ ਚਰਨਾਂ ਦਾ ਧਿਆਨ ਕੀਤਾ ਤਾਂ ਗੁਰੂ ਸਾਹਿਬ ਦੇ ਚਰਨਾਂ ਤੇ ਉਹਨਾਂ ਕਿੱਲਾਂ ਦੇ ਨਿਸ਼ਾਨ ਆ ਗਏ ਸਨ।

***ਤੇਰੇ ਆਸ਼ਿਕਾਂ ਦੇ ਇਸ਼ਕ ਅਵੱਲੇ ਨੇ***

***ਜ਼ਹਿਰ ਪਿਆਲੇ ਪੀਤੇ ਤੇਰੇ ਇਸ਼ਕ ਦੀ ਖਾਤਿਰ।***

ਹੇ ਪ੍ਰਮਾਤਮਾ ਤੇਰੇ ਪਿਆਰਿਆਂ ਨੇ ਤੇਰੇ ਪਿਆਰ ਦੀ ਖਾਤਿਰ ਜ਼ਹਿਰ ਪਿਆਲੇ ਪੀ ਲਏ ਜਿਵੇਂ ਮੀਰਾਂ ਹੈ ਜਾਂ ਸੁਕਰਾਤ ਕਹਿ ਲਉ।

***ਜਿਸ ਸਾਂਝ ਨੂੰ ਤੂੰ ਕਦੇ ਜਗਾਇਆ ਸੀ***

***ਦਰਸ਼ਨ ਉਹ ਉਦੋਂ ਦੀ ਬੁਝੀ ਏ ਹੁਣ ਤੀਕਰ***

ਅਸੀਂ ਆਖਿਆ, ਹੇ ਦਾਤਾ, ਜਿਸ ਭਾਈਚਾਰੇ ਨੂੰ ਤੂੰ ਕਦੀ ਪੈਦਾ ਕੀਤਾ ਸੀ, ਆਪਸ ਵਿਚ ਰਲ ਮਿਲ ਕੇ ਬੈਠਣ ਲਈ ਜੋਤ ਜਗਾਈ ਸੀ, ਉਹ ਉਦੋਂ ਦੀ ਹੀ ਹੁਣ ਤੀਕਰ ਬੁਝੀ ਚਲੀ ਆ ਰਹੀ ਹੈ।

ਇਹ ਰਚਨਾਵਾਂ ਤੁਹਾਨੂੰ ਇਸ ਕਰਕੇ ਪੜ੍ਹ ਕੇ ਸੁਣਾਈਆਂ ਜਾ ਰਹੀਆਂ ਹਨ ਕਿ ਅਗਲੇ ਜਿੰਨੇ ਵੀ ਸਤਿਸੰਗ ਹੋਣਗੇ ਉਹ ਸਾਡੀ ਆਪਣੀ ਰਚਨਾ 'ਚੋਂ ਹੋਇਆ ਕਰਨਗੇ ਅਤੇ ਉਹ ਸਮਾਂ ਹੁਣ ਸ਼ੁਰੂ ਹੋਣ ਲੱਗਾ ਹੈ। ਗੁਰੂ ਗ੍ਰੰਥ ਸਾਹਿਬ ਦਾ ਅਸੀ ਸਤਿਕਾਰ ਕਰਦੇ ਹਾਂ ਅਤੇ ਅਸੀਂ ਇਸ ਨੂੰ ਸਤਿਕਾਰ ਹੀ ਰਖਣਾ ਹੈ ਉਹ ਅਸੀ ਤੁਹਾਨੂੰ 31 ਅਗਸਤ ਨੂੰ ਕਹਿ ਚੁਕੇ ਹਾਂ। ਫਿਰ ਰਚਨਾ ਹੈ ਕਿ ਤੁਹਾਡੀਆਂ ਅਖਾਂ, ਕੰਨਾਂ ਨਾਲ ਤੁਹਾਡੇ ਵਿਚ ਕੀ ਕੀ ਭਾਵਨਾਵਾਂ ਪੈਦਾ ਹੁੰਦੀਆਂ ਹਨ। ਅਸੀ ਲਿਖਿਆ ਹੈ ਕਿ:—

***ਅਖਾਂ ਦਾ ਤਕਣ੍ਹਾ ਕਾਮ ਦੀ ਹੈ ਭਾਵਨਾ***

ਤੁਹਾਡੀਆਂ ਅਖਾਂ ਜਦੋਂ ਕਿਸੇ ਸੋਹਣੀ ਚੀਜ ਨੂੰ ਤਕਦੀਆਂ ਹਨ ਤਾਂ ਤੁਹਾਡੇ ਵਿਚ ਕਾਮ ਭਾਵਨਾ ਪੈਦਾ ਹੁੰਦੀ ਹੈ।

### ਕੰਨਾਂ ਦਾ ਸੁਣਨਾ ਰੂਪ ਹੈ ਸ਼ੈਤਾਨ ਦਾ।

ਜਦੋਂ ਤੁਸੀਂ ਆਪਣੇ ਕੰਨਾਂ ਨਾਲ ਕਿਸੇ ਦੀ ਚੁਗਲੀ ਸੁਣ ਲੈਂਦੇ ਹੋ ਜਾਂ ਤੁਹਾਡੇ ਕੰਨ ਵਿਚ ਆ ਕੇ ਕੋਈ ਚੁਗਲੀ ਕਰ ਜਾਂਦਾ ਹੈ ਤਾਂ ਤੁਸੀਂ ਜੋਸ਼ ਵਿਚ ਆ ਜਾਂਦੇ ਹੋ ਅਤੇ ਤੁਹਾਡੇ ਅੰਦਰ ਸ਼ੈਤਾਨ ਵੜ ਜਾਂਦਾ ਹੈ ਤੇ ਤੁਹਾਡਾ ਸਰੀਰ ਕੰਬਣ ਲਗ ਜਾਂਦਾ ਹੈ। ਤੁਸੀਂ ਸੱਚ ਨੂੰ ਨਹੀਂ, ਅਜੇ ਝੂਠ ਨੂੰ ਹੀ ਸੁਣਿਆਂ ਹੁੰਦਾ ਹੈ

### ਜੁੱਗਾ ਜੁਗੀਤਰ ਹਰਿ ਆਪਿ ਵਡੰਦਾ ਆਇਆ

### ਭਗਤ ਵਸਲ ਤੇਰੇ ਨਾਮ ਦੁਆਰੇ।

ਭਾਵ ਕਿ ਤੂੰ ਜੁਗਾਂ ਜੁਗੀਤਰਾਂ ਤੋਂ ਆਪਦੇ ਭਗਤਾਂ ਨੂੰ ਕੀ ਵੰਡਦਾ ਆਇਆ ਹੈਂ? ਉਹ ਹੈ ਤੇਰਾ ਆਪਣਾ ਮਿਲਾਪ, ਭਾਵ ਕਿ ਨਾਮ ਜਪਣ ਨਾਲ ਮਿਲਾਪ ਹੋਵੇਗਾ। ਤੁਹਾਡੀ ਜ਼ਬਾਨ ਦੇ ਸੁਆਦ ਦਾ ਨਾਂ ਰਸ ਹੈ ਤੁਹਾਡੇ ਪੇਟ ਦੇ ਵਿਚ ਤਾਂ ਕੋਈ ਸੁਆਦ ਨਹੀਂ ਜਦੋਂ ਗਲੇ ਤੋਂ ਹੇਠਾਂ ਚੀਜ ਉਤਰ ਜਾਂਦੀ ਹੈ ਤਾਂ ਉਸ ਦਾ ਕੀ ਕੋਈ ਸੁਆਦ ਰਹਿੰਦਾ ਹੈ? ਨਹੀਂ ਰਹਿੰਦਾ।

### ਸਰੀਰ ਦੀ ਗਰਮੀ ਸਬੂਤ ਹੈ ਹੰਕਾਰ ਦਾ।

ਜਦੋਂ ਤੁਸੀਂ ਸੋਹਣੇ ਕਪੜੇ ਪਾਏ ਹੋਏ ਹੋਣ, ਜਾਂ ਤੁਹਾਡੇ ਕੋਲ ਚਾਰ ਪੈਸੇ ਆ ਜਾਣ ਜਾਂ ਸੋਹਣੇ ਕਪੜੇ ਪਾਣ ਲਗ ਜਾਵੋ, ਜਾਂ ਜ਼ਰਾ ਤਾਕਤ ਆ ਜਾਵੇ ਤਾਂ ਤੁਹਾਡੇ ਵਿਚ ਹੰਕਾਰ ਆਣ ਲਗ ਜਾਂਦਾ ਹੈ ਕਿ ਸਾਡੇ ਤੋਂ ਚੰਗਾ ਹੋਰ ਕੋਈ ਹੈ ਹੀ ਨਹੀਂ।

### ਮਨੁਖ ਦੀ ਸੋਚ ਵਾਂਗ ਸਪ - ਬਾਂਦਰੀ ਦੀ ਚਾਲ ਦਾ।

ਮਨੁੱਖ ਦੀ ਸੋਚ ਸਪ ਵਾਂਗ ਹੈ ਉਹ ਮਾਇਆ ਦੇ ਉਤੇ ਚੌਂਕੜੀ ਮਾਰ ਕੇ ਬਹਿ ਜਾਂਦਾ ਹੈ ਕਿ ਇਸ ਵਿਚੋਂ ਕੋਈ ਚੁਕ ਨਾ ਲਵੇ ਅਤੇ ਉਹਦੇ ਵਿਚ ਹੀ ਉਹ ਐਨਾ ਕੁ ਪਾਗਲ ਹੋ ਜਾਵੇਗਾ ਕਿ ਉਸ ਨੂੰ ਕਦੇ ਵੀ ਦੂਜੀ ਚੀਜ ਚੰਗੀ ਨਹੀਂ ਲਗੇਗੀ। 'ਬਾਂਦਰੀ ਦੀ ਚਾਲ ਦਾ' ਤੋਂ ਭਾਵ ਹੈ ਕਿ ਜਿਸ ਤਰ੍ਹਾਂ ਬਾਂਦਰੀ ਨੂੰ ਮੋਹ ਮਮਤਾ ਸਭ ਤੋਂ ਜ਼ਿਆਦਾ ਦਿੱਤੀ ਗਈ ਹੈ ਅਤੇ ਉਹ ਆਪਣੇ ਬੱਚੇ ਛਾਤੀ ਨਾਲ ਲਾ ਕੇ ਦਰਖਤੋਂ ਦਰਖਤ ਟਪਦੀ ਫਿਰਦੀ ਹੈ। ਇਸੇ ਤਰ੍ਹਾਂ ਮਨੁੱਖ ਆਪਣੇ ਨਿਆਣਿਆਂ ਨੂੰ ਸੁਆਰਨ ਲਈ ਭਟਕਦਾ ਫਿਰਦਾ ਹੈ, ਟਪਦਾ ਫਿਰਦਾ ਹੈ।

### ਸਭੇ ਗਲਾਂ ਸਿਧੀਆਂ ਤੇ ਸਚੀਆਂ ਨੇ ਜਾਪਦੀਆਂ।

## ਦਰਸ਼ਨ ਦੀਆਂ ਬੁਝਾਰਤਾਂ ਸਾਹਿਬ ਤੇ ਜਨਾਬ ਦੀਆਂ।

ਅਸੀ ਲਿਖਿਆ ਹੈ ਕਿ ਸਾਰੀਆਂ ਗਲਾਂ ਸਚੀਆਂ ਤੇ ਠੀਕ ਹਨ ਪਰ ਇਹ ਉਦਾਹਰਣਾਂ ਪ੍ਰਮਾਤਮਾ ਵਲੋਂ ਤੇ ਸਾਡੇ ਮੁਰਸ਼ਦ ਵਲੋਂ ਹਨ। ਜਨਾਬ ਸਾਡਾ ਮੁਰਸ਼ਦ ਹੈ ਅਤੇ ਸਾਹਿਬ ਸਾਡਾ ਦਾਤਾ ਹੈ। ਇਹ ਅਜ ਦੇ ਮਜਮੂਨ ਦੀ ਰਚਨਾ ਹੈ। ਇਸ ਮਘਰ ਦੇ ਮਹੀਨੇ ਤੇ ਅਜ ਅਸੀਂ ਨਵੀਂ ਚੀਜ ਦੇ ਰਹੇ ਹਾਂ ਕਿਉਂਕਿ ਇਸੇ ਮਹੀਨੇ ਵਿਚ ਅਜ ਦੇ ਦਿਨਾਂ ਵਿਚ 22 ਮਘਰ ਨੂੰ ਸਾਡਾ ਜਨਮ ਵੀ ਹੋਇਆ ਸੀ ਜਿਸ ਨੂੰ ਅਸੀਂ 7 ਦਸੰਬਰ ਵੀ ਆਖਦੇ ਹਾਂ ਅਗੋਂ ਅਸੀਂ ਰਚਨਾ ਲਿਖੀ ਹੈ:

***ਤੇਰੇ ਭਰੇ ਭੰਡਾਰੇ***

***ਲਾਲ ਜੀਉ, ਤੇਰੇ ਖੇਲ ਨਿਆਰੇ।***

ਦਾਤਾ ਤੇਰੇ ਭੰਡਾਰ ਭਰੇ ਪਏ ਹਨ ਤੂੰ ਲਾਲੋ ਲਾਲ ਹੈਂ ਤੇਰੇ ਖੇਲ ਹੀ ਨਿਰਾਲੇ ਹਨ।

***ਜੁਗਾ ਜੁਗੰਤਰ ਹਰਿ ਆਪੇ ਵੰਡਦਾ ਆਇਆ***

***ਭਗਤ ਵਸਲ ਤੇਰੇ ਨਾਮ ਦੁਆਰੇ।***

ਭਾਵ ਕਿ ਤੂੰ ਜੁਗਾਂ ਜੁਗੰਤਰਾਂ ਤੋਂ ਆਪਣੇ ਭਗਤਾਂ ਨੂੰ ਕੀ ਵੰਡਦਾ ਆਇਆ ਹੈਂ? ਉਹ ਹੈ ਤੇਰਾ ਆਪਣਾ ਮਿਲਾਪ, ਭਾਵ ਕਿ ਨਾਮ ਜਪਣ ਨਾਲ ਮਿਲਾਪ ਹੋਵੇਗਾ।

***ਤਨ ਕੁੱਲੀ ਗੁੱਲੀ ਸਿਮਰਨ ਤੇਰਾ***

***ਚਮਕੀ ਜੁੱਲੀ ਸੰਬਸਤ ਪੰਚ ਪਿਆਰੇ।***

ਕੁਲੀ ਤੋਂ ਭਾਵ ਹੈ ਘਰ, ਗੁਲੀ ਤੋਂ ਭਾਵ ਹੈ ਰੋਟੀ, ਜੁਲੀ ਤੋਂ ਭਾਵ ਹੈ ਕਪੜਾ, ਮਤਲਬ ਰੋਟੀ, ਕਪੜਾ ਔਰ ਮਕਾਨ ਇਹ ਤਿੰਨੇ ਚੀਜਾਂ ਸਰੀਰ ਵਿਚ ਹਨ ਅਤੇ ਇਸ ਦੇ ਨਾਲ ਪੰਜ ਪਿਆਰੇ ਵੀ ਵਸ ਰਹੇ ਹਨ।

***ਲੇਵਤ ਦੇਵਤ ਕਰਤਾ ਆਇਆ***

***ਸੇਵ ਗੁਰੂ ਚੌਧਰਮ ਤੁਮਾਰੇ।***

ਭਾਵ ਤੂੰ ਕਰਤਾ ਪੁਰਖ ਹੈਂ ਅਤੇ ਲੈਣਾ ਦੇਣਾ ਤੂੰ ਕਰਦਾ ਹੀ ਆਇਆ ਹੈਂ ਤੂੰ ਦਿੰਦਾ ਵੀ ਹੈਂ ਅਤੇ ਲੈਂਦਾ ਵੀ ਹੈਂ ਜਿਸ ਤਰ੍ਹਾਂ ਕਹਿੰਦੇ ਹਨ ਕਿ "ਘਲੇ ਆਇ ਨਾਨਕਾ ਸਦੇ ਉਠਿ ਜਾਇ।" 'ਸੇਵ ਗੁਰੂ ਚੌਧਰਮ ਤੁਮਾਰੇ'। ਭਾਵ ਕਿ ਗੁਰੂ ਦੀ ਸੇਵਾ ਵਿਚ ਚਾਰੇ

ਧਰਮ ਹਨ, ਚੌਧਰਮ ਨਵਾਂ ਲਫਜ਼ ਲਿਖਿਆ ਹੈ ਕਿ ਤੂੰ ਦਇਆ ਕਰਦਾ ਹੈਂ, ਸਤ ਰਖਦਾ ਹੈਂ, ਸੰਤੋਖ ਰਖਦਾ ਹੈਂ ਤੇ ਨਾਮ ਜਪਾਉਂਦਾ ਹੈਂ।

*ਦਰਸ਼ਨ ਦਾਸ ਤੇਰੀ ਮਹਿਮਾ ਗਾਵੇ*

*ਅਨੰਤ ਬੇਅੰਤ ਤਾ ਕੇ ਊਚੇ ਦਵਾਰੇ।*

ਭਾਵ ਹੇ ਦਾਤਾ ਤੇਰੀ ਅਸੀ ਮਹਿਮਾ ਗਾ ਰਹੇ ਹਾਂ ਉਹ ਇਸ ਲਈ ਕਿ ਤੂੰ ਅਨੰਤ ਹੈਂ ਤੇਰਾ ਕੋਈ ਸਿਰਾ ਨਹੀਂ, ਤੂੰ ਬੇਅੰਤ ਹੈਂ, ਤੇਰੇ ਵਡੇ ਘਰ ਹਨ ਅਤੇ ਤੂੰ ਵਡੇ ਘਰਾਂ ਦਾ ਮਾਲਿਕ ਹੈਂ, ਤੇਰੇ ਬਹੁਤੇ ਘਰ ਹਨ ਅਤੇ ਸਾਰੀ ਕਾਇਨਾਤ ਦੀਆਂ ਚੀਜਾਂ ਤੇਰੇ ਘਰ ਹਨ ਇਸ ਲਈ ਤੇਰੇ ਉਚੇ ਦਵਾਹੇ ਹਨ, ਇਸ ਦਾ ਭਾਵ ਇਹ ਨਹੀਂ ਕਿ ਉਸਦਾ ਦਸਾਂ ਮੰਜਲਾਂ ਦਾ ਮਕਾਨ ਹੈ। ਅਗੇ ਅਸੀਂ ਰਚਨਾ ਲਿਖੀ ਹੈ:

*ਸਤਿਗੁਰ ਮੇਰੇ ਪ੍ਰਾਣ ਅਧਾਰੇ।*

*ਤੁਧ ਪੇ ਹਉਂ ਜਾਊਂ ਬਲਿਹਾਰੇ।*

ਹੇ ਦਾਤਾ ਤੂੰ ਮੈਨੂੰ ਜਾਨ ਤੋਂ ਵੀ ਪਿਆਰਾ ਹੈਂ, ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ।

*ਕ੍ਰਿਪਾ ਨਿਧਾਨ ਕਿਰਪਾਲ ਪ੍ਰਭ ਠਾਕੁਰ,*

*ਅਵਗੁਣ ਨਾ ਚਿਤਾਰੋ ਹਮਾਰੇ।*

ਅਸੀਂ ਕਿਹਾ ਹੇ ਦਾਤਾ ਤੂੰ ਮਿਹਰਵਾਨ ਹੈਂ, ਕ੍ਰਿਪਾ ਕਰਦਾ ਹੈਂ, ਤੂੰ ਕਿਰਪਾ ਨਿਧਾਨ ਹੈਂ ਭਾਵ ਮਿਹਰ ਦਾ ਸਾਗਰ ਹੈਂ, ਕਿਰਪਾਲੂ ਹੈਂ ਅਤੇ ਠਾਕੁਰ ਹੈ। ਤੂੰ ਸਾਡੇ ਅਵਗੁਣਾਂ ਨੂੰ ਚਿਤਾਰੀ ਨਾ,ਕਿਉਕਿ ਅਸੀ ਤਾਂ ਕਦਮ ਕਦਮ ਤੇ ਭੁਲਣਹਾਰ ਹਾਂ, ਤੂੰ ਸਾਡੇ ਅਉਗਣ ਨਾ ਵੇਖੀਂ ਸਾਡੀ ਪ੍ਰੀਤ ਨੂੰ ਵੇਖੀਂ। ਕਲ ਜਦੋਂ ਅਸੀ ਇਸ ਸ਼ਬਦ ਦੀ ਰਚਨਾ ਕਰ ਰਹੇ ਸਾਂ ਤਾਂ ਸਾਡੇ ਦਫ਼ਤਰ ਵਿਚ ਬੈਠੇ ਸਾਡੇ ਇਕ ਸੇਵਕ ਨੇ ਕਿਹਾ ਮਹਾਰਾਜ ਜੀ ਸਾਡੇ ਤੇ ਕ੍ਰਿਪਾ ਰਖਣਾ ਅਸੀ ਪਤਾ ਨਹੀ ਰੋਜ਼ ਕਿੰਨੇ ਕੁ ਗੁਨਾਹ ਕਰਦੇ ਹਾਂ ਅਸੀ ਤੁਹਾਡੇ ਵਾਸਤੇ ਚੰਗੇ ਹਾਂ ਕਿ ਨਹੀਂ, ਤਾਂ ਅਸੀਂ ਜਵਾਬ ਦਿੱਤਾ ਕਿ ਦੇਖੋ, ਤੁਸੀ ਜੇ ਚੰਗੇ ਸੀਗੇ ਤਾਂ ਹੀ ਅਜ ਤਕ ਮੈਂ ਤੁਹਾਡੇ ਨਾਲ ਹਾਂ, ਮੈਂ ਤੁਹਾਡੇ ਅੰਦਰੋਂ ਜਾਣਦਾ ਹਾਂ, ਮੈਂ ਤੁਹਾਡੇ ਬਾਹਰਲੇ Actions (ਹਰਕਤਾਂ) ਨਹੀਂ ਦੇਖਣੇ ਬਾਹਰੋਂ ਤੁਸੀ ਭਾਵੇਂ ਲਖ ਗੋਗਲੂਆਂ ਤੋਂ ਮਿਟੀ ਝਾੜੀ ਜਾਉ ਪਰ ਜੋ ਤੁਹਾਡੇ ਅੰਦਰ ਪੁਕਾਰ ਹੈ ਉਹ ਮੇਰੀ ਪੁਕਾਰ ਹੈ। ਤੁਹਾਡੀ ਬਾਹਰਲੀ ਝੂਠੀ ਪ੍ਰੀਤ ਨੂੰ ਨਾ ਮੈਂ ਅਜ ਤਕ ਤਕਿਆ ਹੈ, ਨਾ ਤਕਣਾ

ਹੈ ਅਤੇ ਨਾ ਹੀ ਮੈਨੂੰ ਲੋੜ ਪੈਣੀ ਹੈ, ਨਾਂ ਮੈਂ ਤੁਹਾਡੇ ਕੋਲੋਂ ਜੀ ਹਜ਼ੂਰੀ ਕਰਾਈ ਹੈ ਨਾ ਹੀ ਕਰਨ ਦੀ ਲੋੜ ਹੀ ਪਈ ਹੈ। ਜਦੋਂ ਤਕ ਤੁਹਾਡੇ ਅੰਦਰ ਸਾਡੀ ਯਾਦ ਹੈ ਅਸੀਂ ਤੁਹਾਡੇ ਨਾਲ ਹਾਂ, ਜਿਸ ਦਿਨ ਤੁਹਾਡੇ ਅੰਦਰੋਂ ਉਹ ਚੀਜ ਖਤਮ ਹੁੰਦੀ ਜਾਵੇ ਗੀ ਉਸ ਦਿਨ ਤੋਂ ਅਸੀਂ ਆਪਣੇ ਆਪ ਹੀ ਤੁਹਾਡੇ ਅੰਦਰੋਂ ਨਿਕਲ ਜਾਣਾ ਹੈ ਤੁਹਾਨੂੰ ਕਹਿਣ ਦੀ ਲੋੜ ਹੀ ਨਹੀਂ ਪੈਣੀ। ਤੁਹਾਡੀ ਮਾਇਆ ਨਾਲ ਸਾਨੂੰ ਪਿਆਰ ਨਹੀਂ, ਤੁਹਾਡੀ ਬਾਹਰਲੀ ਸ਼ਾਨ ਸ਼ੌਕਤ ਨਾਲ ਸਾਨੂੰ ਪਿਆਰ ਨਹੀਂ, ਤੁਹਾਡੀ ਕਿਸੇ ਝੂਠੀ ਚੀਜ ਨਾਲ ਪਿਆਰ ਨਹੀ। ਸਾਡਾ ਪਿਆਰ ਸਿਰਫ ਤੁਹਾਡੀ ਅੰਦਰਲੀ ਪ੍ਰੀਤ ਨਾਲ ਹੈ। ਕਿਉਂਕਿ ਅਸੀ ਵੀ ਥੋੜੀ ਜਿੰਨੀ ਅੰਤਰਯਾਮਤਾ ਰਖਦੇ ਹਾਂ। ਅਸੀਂ ਅੰਦਰਲੇ ਪਿਆਰ ਨਾਲ ਹੀ ਤੁਹਾਡੇ ਨਾਲ ਜੁੜੇ ਹਾਂ। ਜੇ ਅਸੀਂ ਤੁਹਾਡਾ ਅੰਦਰਲਾ ਪਿਆਰ ਨਾ ਜਾਣਦੇ ਹੋਈਏ, ਸਿਰਫ ਬਾਹਰੋਂ ਤੁਹਾਡੀਆਂ ਗੱਲਾਂ ਸੁਣੀਏ ਤਾਂ ਤੁਸੀ ਤਾਂ ਇਕ ਪਲ ਵੀ ਸਾਡੇ ਨਾਲ ਖਲੋ ਨਹੀਂ ਸਕਦੇ। ਫਿਰ:

***ਗੁਣ ਗਿਆਨ ਗੁਰਸ਼ਬਦ ਦੀਜੋ,***

***ਹਮ ਮਾਂਗਤੇ ਭੀਖ ਪ੍ਰਭ, ਭਿਖਾਰੀ ਤੁਮਾਰੇ।***

ਹੇ ਦਾਤਾ ਜੇ ਤੂੰ ਮੇਰੇ ਅਵਗੁਣਾਂ ਨੂੰ ਕੱਟ ਕੇ ਗੁਣ ਦੇਣਾ ਚਾਹੁੰਦੈਂ ਤਾਂ ਮੈਨੂੰ ਇਕ ਗੁਰੂ ਦੇਹ ਅਤੇ ਦੂਜਾ ਸ਼ਬਦ ਦੇਹ, ਜਾਂ ਮੈਨੂੰ ਗਿਆਨ ਦੇਹ ਕਿ ਮੈਂ ਕੀ ਕਰਾਂ? ਹੇ ਪ੍ਰਭੂ ਅਸੀਂ ਇਹ ਤੇਰੇ ਕੋਲੋਂ ਭੀਖ ਮੰਗਦੇ ਹਾਂ ਕਿਉਂ ਕਿ ਅਸੀਂ ਤੇਰੇ ਹੀ ਭਿਖਾਰੀ ਹਾਂ।

***ਆਵਣ ਜਾਵਣ ਜਗਦੀਸ ਸੁਆਮੀ,***

***ਕਾਟੋ ਫੰਧਾ ਆਪਣੀ ਕ੍ਰਿਪਾ ਧਾਰੇ।***

ਕਿ ਦਾਤਾ ਤੂੰ, ਜਗ ਭਾਵ ਦੁਨੀਆਂ ਅਤੇ ਦੀਸ ਭਾਵ ਦਿਸ਼ਾ ਦਿਖਾਵਣ ਵਾਲਾ, ਦੁਨੀਆਂ ਨੂੰ ਰਸਤਾ ਦਿਖਾਵਣ ਵਾਲਾ ਹੈਂ, ਪਸ਼ੂ ਪੰਛੀਆਂ ਨੂੰ ਵੀ ਰਾਹ ਦਿਖਾਵਣ ਵਾਲਾ ਵੀ ਤੂੰ ਹੀ ਹੈਂ, ਹੇ ਪ੍ਰਭੂ ਆਪਣੀ ਕ੍ਰਿਪਾ ਕਰਕੇ ਇਹ ਆਉਣ ਜਾਣ ਭਾਵ ਆਵਾਗਵਨ ਵਾਰ ਵਾਰ ਜੰਮਣ ਮਰਨ ਦੇ ਫੰਧੇ ਕਟ ਦੇਹ।

***ਦਰਸ਼ਨ ਜਨ ਜਪ ਜਪ ਜੀਵੇ***

***ਗੁਰਸ਼ਬਦ ਪ੍ਰਭ ਤੁਧ ਸਹਾਰੇ।***

ਅਸੀਂ ਲਿਖਿਆ ਹੈ ਕਿ ਪ੍ਰਭੂ ਮੈਂ ਤੇਰਾ ਭਗਤ ਹਾਂ ਤੈਨੂੰ ਜਪ ਜਪ ਕੇ ਜੀ ਰਿਹਾ ਹਾਂ

ਅਤੇ ਕਦਮ ਕਦਮ ਤੇ ਯਾਦ ਕਰਦਾ ਹਾਂ, ਜੇ ਮੈਂ ਆਪਣੇ ਗੁਰੂ ਦਾ ਵੀ ਸ਼ਬਦ ਜਪਦਾ ਹਾਂ ਉਹ ਵੀ ਤੇਰੇ ਹੀ ਸਹਾਰੇ ਜਪਦਾ ਹਾਂ। ਤੂੰ ਕ੍ਰਿਪਾ ਕੀਤੀ ਹੈ ਜੋ ਮੈਨੂੰ ਗੁਰੂ ਮਿਲਾਇਆ ਹੈ ਅਤੇ ਉਸ ਦਾ ਧਿਆਨ ਕਰਨਾ ਵੀ ਤੇਰੀ ਕ੍ਰਿਪਾ ਹੈ। ਫਿਰ ਅਸੀਂ "ਪੰਚਮਣੀ ਨਿਰਾਧਾਰ" ਦੀ ਕਲ ਰਚਨਾ ਕੀਤੀ ਹੈ ਭਾਵ ਮਨੁੱਖ ਕੀ ਹੈ? ਕਿਉਂ ਹੈ? ਕਾਹਦੇ ਲਈ ਹੈ? ਅਸੀਂ ਲਿਖਿਆ ਹੈ:

***ਪੰਚ ਤਨ ਕੀਉ ਪਰਧਾਨਾ।***

***ਪੰਚਮ ਕੋ ਦੀਉ ਜੁਗ ਜੁਗ ਮਾਨਾ।***

ਪੰਚ ਅਸੀ ਹਵਾ, ਮਿਟੀ, ਅਗ, ਪਾਣੀ, ਅਕਾਸ਼ ਨੂੰ ਕਿਹਾ ਹੈ। ਪੰਚਮ ਵਿਚ ਮ ਮਤਲਬ ਮਨੁੱਖ ਪੰਚ ਮਤਲਬ ਪੰਜਾਂ ਤੱਤਾਂ ਦਾ ਸਰੀਰ, ਤੂੰ ਪ੍ਰਮਾਤਮਾ, ਉਸ ਨੂੰ ਜੁਗਾਂ ਜੁਗਾਂ ਤੋਂ ਦਰਗਾਹ ਵਿਚ ਮਾਣ ਦਿੰਦਾ ਆਇਆ ਹੈਂ।

***ਪੰਚ ਤਨ ਕੋ ਮਿਲਨੇ ਕੀ ਬਾਰੀ।***

***ਪੰਚਮ ਮਾਹੇ ਸੋਝ ਤੁਮਾਰੀ।***

ਭਾਵ ਕਿ ਪੰਜ ਤਤਾਂ ਵਾਲੇ ਜੀਵ ਨੂੰ ਹੀ ਪ੍ਰਮਾਤਮਾ ਤੂੰ ਆਪਣੇ ਮਿਲਣ ਲਈ ਵਾਰੀ ਦਿੰਦਾ ਹੈਂ ਅਤੇ ਪੰਜਾਂ ਤਤਾਂ ਵਾਲੇ ਮਨੁੱਖ ਵਿਚ ਵੀ ਤੇਰੀ ਹੀ ਦਿਤੀ ਗਈ ਸੋਝੀ ਹੈ।

***ਪੰਚ ਸਰੇਸ਼ਟ ਨਾ ਸ਼ਸਤਰ ਬੇਦ।***

***ਪੰਚਮ ਮਾਹੇ ਨਾ ਤੁਮਰਾ ਭੇਦ।***

ਇਹ ਪੰਜ ਤਤਾਂ ਦਾ ਸਰੀਰ ਹੀ ਸਭ ਤੋਂ ਵਡਾ ਤੇ ਮਹਾਨ ਹੈ। ਵੇਦ,ਸ਼ਸਤਰ ਜਾਂ ਹਥਿਆਰ ਮਨੁਖ ਤੋਂ ਵਡੇ ਨਹੀ ਹਨ। ਮਨੁੱਖ ਅਤੇ ਤੇਰੇ ਵਿਚ ਕੋਈ ਅੰਤਰ ਨਹੀਂ ਹੈ।

***ਪੰਚ ਯਸ਼ਵੰਤੀ ਵਸੇ ਪਿਆਰੀ।***

***ਪੰਚਮ ਸ਼ਬਦ ਸੁਰਤ ਨਾਮ ਖੁਮਾਰੀ।***

ਪੰਜ ਤਤ ਦੇ ਵਿਚ ਇਥ ਯਸ਼ਵੰਤੀ ਰੂਪੀ ਨਾਰੀ, ਪਿਆਰੀ ਵਸਦੀ ਹੈ ਇਸ ਪੰਚਮ ਰੂਪੀ ਸਰੀਰ ਵਿਚ ਸੁਰਤ ਵੀ ਹੈ ਸ਼ਬਦ ਵੀ ਹੈ ਅਤੇ ਮਸਤੀ ਵੀ ਹੈ ਅਤੇ ਉਹ ਮਸਤੀ ਨਾਮ ਦੀ ਹੈ।

ਸੁਆਰ ਲਓ। ਸੋ ਇਸ ਲਈ ਅਜ ਦੇ ਦਿਹਾੜੇ ਉਤੇ ਤੁਹਾਨੂੰ ਇਹ ਸੋਝੀ ਦਿੱਤੀ ਜਾ ਰਹੀ ਹੈ ਕਿ ਇਸ ਮਘਰ ਦੇ ਮਹੀਨੇ ਵਿਚ ਜੇ ਤੁਸੀਂ ਮੰਗਣਾ ਹੀ ਹੈ ਤਾਂ ਉਹ ਚੀਜ਼ ਮੰਗ ਲਓ ਜਿਸ ਨਾਲ ਤੁਹਾਡਾ ਜਾਮਾ ਸੁਖੀ ਹੋ ਸਕੇ।

*ਨਾਨਕ ਨਾਮ ਚੜ੍ਹਦੀ ਕਲਾ।*

*ਤੇਰੇ ਭਾਣੇ ਸਰਬੱਤ ਦਾ ਭਲਾ।।*

